Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
# ਪੰਜਾਬ ਮੇਲ
ਯੂ. ਐੱਸ. ਏ.
Chief Editor: **Gurjatinder Singh Randhawa**
Punjab Mail USA

REALTYONEGROUP

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR
916-320-9444

Vol. 17, Issue- 743, 30 Mar. to 05 Apr. 2023, Ph: 916-320-9444, E-mail: punjabmailusa@yahoo.com, Web: punjabmailusa.com

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਸਜਾਏ ਗਏ ਪਹਿਲੇ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਹੋਇਆ ਰਿਕਾਰਡਤੋੜ ਇਕੱਠ

## 2 ਹਫਤੇ ਚੱਲੇ ਸਮਾਗਮਾਂ ਦੌਰਾਨ ਬਹੁਤ ਸਾਰੇ ਕਥਾਵਾਚਕ, ਰਾਗੀ ਅਤੇ ਢਾਡੀ ਜੱਥਿਆਂ ਨੇ ਆਈਆਂ ਸੰਗਤਾਂ ਨੂੰ ਗੁਰਬਾਣੀ ਰਾਹੀਂ ਕੀਤਾ ਨਿਹਾਲ

## 15 ਹਜ਼ਾਰ ਦੇ ਕਰੀਬ ਸੰਗਤਾਂ ਨੇ ਕੀਤੀ ਸ਼ਮੂਲੀਅਤ

**ਸੈਕਰਾਮੈਂਟੋ, (ਪੰਜਾਬ ਮੇਲ)-** ਸੈਕਰਾਮੈਂਟੋ ਸਿੱਖ ਸੁਸਾਇਟੀ ਵੱਲੋਂ ਹੋਲੇ-ਮਹੱਲੇ ਦੇ ਸ਼ੁੱਭ ਮੌਕੇ 'ਤੇ ਪਹਿਲੇ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। 2 ਹਫਤੇ ਚੱਲੇ ਸਮਾਗਮਾਂ ਦੌਰਾਨ ਬਹੁਤ ਸਾਰੇ ਕਥਾਵਾਚਕ, ਰਾਗੀ ਅਤੇ ਢਾਡੀ ਜੱਥਿਆਂ ਨੇ ਆਈਆਂ ਸੰਗਤਾਂ ਨੂੰ ਗੁਰਬਾਣੀ ਰਾਹੀਂ ਨਿਹਾਲ ਕੀਤਾ। ਕਥਾਵਾਚਕ ਭਾਈ ਪਿੰਦਰਪਾਲ ਸਿੰਘ ਤੋਂ ਇਲਾਵਾ ਭਾਈ ਹਰਜਿੰਦਰਪਾਲ ਸਿੰਘ ਸ੍ਰੀਨਗਰ ਵਾਲੇ, ਭਾਈ ਹਰਜੀਤਪਾਲ ਸਿੰਘ ਹਜ਼ੂਰੀ ਰਾਗੀ, ਭਾਈ ਮਲਕੀਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਭਾਈ ਸੁਖਵਿੰਦਰ ਸਿੰਘ ਦੇ ਢਾਡੀ ਜੱਥੇ ਨੇ ਆਈਆਂ ਸੰਗਤਾਂ ਨੂੰ ਸਿੱਖ ਇਤਿਹਾਸ ਬਾਰੇ ਜਾਣੂੰ ਕਰਵਾਇਆ।

ਸ਼ੁੱਕਰਵਾਰ ਦੀ ਰਾਤ ਨੂੰ ਆਤਿਸ਼ਬਾਜ਼ੀ ਕੀਤੀ ਗਈ, ਜੋ ਕਿ ਇੱਕ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀ ਸੀ। ਹਜ਼ਾਰਾਂ ਦੀ ਗਿਣਤੀ ਵਿਚ ਆਈ ਸੰਗਤ ਨੇ ਇਸ ਦਾ ਆਨੰਦ ਮਾਣਿਆ। ਸ਼ਨੀਵਾਰ ਸਵੇਰੇ ਨਿਸ਼ਾਨ ਸਾਹਿਬ ਦੀ ਸੇਵਾ ਹੋਈ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਵੱਖ-ਵੱਖ ਜਥੇਬੰਦੀਆਂ ਵੱਲੋਂ ਲੰਗਰ ਦਾ ਆਯੋਜਨ ਕੀਤਾ ਗਿਆ ਸੀ। ਕੁੱਝ ਦੁਕਾਨਾਂ ਵੀ ਸਜਾਈਆਂ ਗਈਆਂ ਸਨ, ਜਿੱਥੋਂ ਸੰਗਤਾਂ ਨੇ ਖਰੀਦੋ-ਫਰੋਖਤ ਕੀਤੀ। ਐਤਵਾਰ ਸਵੇਰੇ ਨਗਰ ਕੀਰਤਨ ਦਾ ਆਰੰਭ ਹੋਇਆ। ਭਾਈ ਪਿੰਦਰਪਾਲ ਸਿੰਘ ਨੇ ਅਰਦਾਸ ਕੀਤੀ। ਪੰਜ ਪਿਆਰਿਆਂ ਦੀ ਅਗਵਾਈ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਨਗਰ ਕੀਰਤਨ ਨੇ ਚਾਲੇ ਪਾਏ। ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ। ਦਸਤਾਰਧਾਰੀ ਮੋਟਰਸਾਈਕਲ ਸਵਾਰ ਨਗਰ ਕੀਰਤਨ ਦੇ ਅੱਗੇ-ਅੱਗੇ ਚੱਲ ਰਹੇ ਸਨ। ਕੁੱਝ ਬੀਬੀਆਂ ਨਗਰ ਕੀਰਤਨ ਦੇ ਅੱਗੇ-ਅੱਗੇ ਸਫਾਈ ਵੀ ਕਰ ਰਹੀਆਂ ਸਨ। ਬਹੁਤ ਸਾਰੇ ਫਲੋਟ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਏ, ਜਿਸ ਵਿਚ ਕੀਰਤਨ ਪ੍ਰਵਾਹ ਚੱਲ ਰਿਹਾ ਸੀ। ਇਸ ਵਿਸ਼ਾਲ ਨਗਰ ਕੀਰਤਨ ਵਿਚ 15 ਹਜ਼ਾਰ ਦੇ ਕਰੀਬ ਸੰਗਤਾਂ ਨੇ ਸ਼ਮੂਲੀਅਤ ਕੀਤੀ। ਨਗਰ ਕੀਰਤਨ ਬਹੁਤ ਸ਼ਾਂਤੀਪੂਰਵਕ ਰਿਹਾ, ਜਿਸ ਦੇ ਲਈ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ। ਰਸਤੇ ਵਿਚ ਗੁਰਦੁਆਰਾ ਦਸ਼ਮੇਸ਼ ਦਰਬਾਰ ਦੇ ਪ੍ਰਬੰਧਕਾਂ ਵੱਲੋਂ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ ਅਤੇ ਆਈਆਂ ਸੰਗਤਾਂ ਨੂੰ ਲੰਗਰ ਛਕਾਇਆ ਗਿਆ। ਨਗਰ ਕੀਰਤਨ ਅਨੁਸ਼ਾਸਨ ਵਿਚ ਵਾਪਸ ਗੁਰੂਘਰ ਵਿਖੇ ਪਹੁੰਚਿਆ ਅਤੇ ਇਹ ਪਹਿਲਾ ਨਗਰ ਕੀਰਤਨ ਕਾਮਯਾਬੀ ਨਾਲ ਸੰਪੰਨ ਹੋਇਆ। ਪ੍ਰਬੰਧਕਾਂ ਨੇ ਪੰਜਾਬ ਮੇਲ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਗਲੇ ਸਾਲ 2024 ਵਿਚ ਨਗਰ ਕੀਰਤਨ 24 ਮਾਰਚ ਨੂੰ ਹੋਵੇਗਾ।







ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵਿਖੇ ਸਜਾਏ ਗਏ ਪਹਿਲੇ ਨਗਰ ਕੀਰਤਨ ਦੀਆਂ ਵੱਖ-ਵੱਖ ਤਸਵੀਰਾਂ।

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵਿਖੇ ਹੋਈ ਗੋਲੀਬਾਰੀ ਦਾ ਨਗਰ ਕੀਰਤਨ ਨਾਲ ਕੋਈ ਸੰਬੰਧ ਨਹੀਂ

**ਸੈਕਰਾਮੈਂਟੋ, (ਪੰਜਾਬ ਮੇਲ)-** ਬੀਤੇ ਐਤਵਾਰ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵਿਖੇ ਹੋਈ ਦੋ ਗਰੁੱਪਾਂ ਦੀ ਆਪਸੀ ਲੜਾਈ ਦਾ ਨਗਰ ਕੀਰਤਨ ਨਾਲ ਕੋਈ ਸੰਬੰਧ ਨਹੀਂ। ਇਸ ਸੰਬੰਧੀ ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਅਤੇ ਸ਼ੈਰਿਫ ਵਿਭਾਗ ਦੇ ਸਪੋਕਸਮੈਨ ਅਮਰ ਗਾਂਧੀ ਵੱਲੋਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਸਮੇਤ ਇਕ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ, ਜਿਸ ਦੌਰਾਨ ਮੇਅਰ ਬੌਬੀ ਸਿੰਘ ਐਲਨ ਨੇ ਬੋਲਦਿਆਂ ਕਿਹਾ ਕਿ ਮੈਂ ਸੈਕਰਾਮੈਂਟੋ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵਿਖੇ ਅਕਸਰ ਨਤਮਸਤਕ ਹੋਣ ਆਉਂਦੀ ਹਾਂ ਤੇ ਅੱਜ ਮੈਂ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਇਹ ਦੱਸ ਰਹੀ ਹਾਂ ਕਿ ਐਤਵਾਰ ਦੁਪਹਿਰ ਨੂੰ ਹੋਈ ਲੜਾਈ ਦੋ ਗਰੁੱਪਾਂ ਦੀ ਆਪਸੀ



ਪ੍ਰੈੱਸ ਕਾਨਫਰੰਸ ਦੌਰਾਨ ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ, ਸ਼ੈਰਿਫ ਵਿਭਾਗ ਦੇ ਸਪੋਕਸਮੈਨ ਅਮਰ ਗਾਂਧੀ ਅਤੇ ਹੋਰ ਸ਼ਖਸੀਅਤਾਂ।

ਦੁਸ਼ਮਨੀ ਸੀ, ਜਿਸ ਦਾ ਨਗਰ ਕੀਰਤਨ ਨਾਲ ਕੋਈ ਸੰਬੰਧ ਨਹੀਂ ਸੀ। ਨਗਰ ਕੀਰਤਨ ਦਾ ਆਯੋਜਨ ਬੜੇ ਸ਼ਾਂਤਮਈ ਢੰਗ ਨਾਲ ਹੋਇਆ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਇਸ ਘਟਨਾ ਦੀ ਨਿਖੇਧੀ ਕਰਦੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਗੁਰਦੁਆਰਾ ਸਾਹਿਬ ਵੱਲੋਂ ਇਹ ਨਗਰ ਕੀਰਤਨ ਪਹਿਲੀ ਵਾਰੀ ਸਜਾਇਆ ਗਿਆ ਸੀ ਅਤੇ ਲੋਕ ਬੜੇ ਉਤਸਾਹ ਵਿਚ ਸਨ। ਬੌਬੀ ਐਲਨ ਨੇ ਕਿਹਾ ਕਿ ਅਸੀਂ ਸਾਰਿਆਂ ਨੇ ਰਲ ਕੇ ਇਸ ਨਗਰ ਕੀਰਤਨ ਨੂੰ ਕਾਮਯਾਬ ਕਰਨ ਲਈ ਬਹੁਤ ਮਿਹਨਤ ਕੀਤੀ। ਪਿਛਲੇ ਕੁੱਝ ਦਿਨਾਂ ਤੋਂ ਚੱਲ ਰਹੇ ਇਨ੍ਹਾਂ ਸਮਾਗਮਾਂ ਵਿਚ ਕੋਈ ਵੀ ਅਣਸੁਖਾਵੀਂ ਘਟਨਾ ਨਹੀਂ ਹੋਈ ਸੀ।


ਸ਼ੈਰਿਫ ਵਿਭਾਗ ਦੇ ਬੁਲਾਰੇ ਅਮਰ ਗਾਂਧੀ ਨੇ ਕਿਹਾ ਕਿ ਇਹ ਘਟਨਾ ਨਸਲੀ ਵਿਤਕਰੇ ਨਾਲ ਸੰਬੰਧਤ ਨਹੀਂ ਸੀ, ਜਦਕਿ ਇਹ ਆਪਸੀ ਲੜਾਈ ਸੀ। ਉਨ੍ਹਾਂ ਦੱਸਿਆ ਕਿ ਲੜਾਈ ਵਿਚ ਸ਼ਾਮਲ ਤਿੰਨੇ ਨੌਜਵਾਨ ਈਸਟ ਇੰਡੀਆ (ਪੰਜਾਬੀ) ਨਾਲ ਸੰਬੰਧਤ ਸਨ। ਅਮਰ ਗਾਂਧੀ ਨੇ ਇਹ ਵੀ ਦੱਸਿਆ ਕਿ ਇਸ ਘਟਨਾ ਨਾਲ ਸੰਬੰਧਤ ਦੋ ਪਿਸਤੌਲਾਂ ਬਰਾਮਦ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਥਿਤੀ ਕਾਬੂ ਹੇਠ ਹੈ।

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਸਜਾਏ ਗਏ ਪਹਿਲੇ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਹੋਇਆ ਰਿਕਾਰਡਤੋੜ ਇਕੱਠ


































Photos Copyright : Gurjatinder Singh Randhawa, Punjab Mail USA TV

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਸਜਾਏ ਗਏ ਪਹਿਲੇ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਹੋਇਆ ਰਿਕਾਰਡਤੋੜ ਇਕੱਠ












































Photos Copyright : Gurjatinder Singh Randhawa, Punjab Mail USA TV

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਸਜਾਏ ਗਏ ਪਹਿਲੇ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਹੋਇਆ ਰਿਕਾਰਡਤੋੜ ਇਕੱਠ





Photos Copyright : Gurjatinder Singh Randhawa, Punjab Mail USA TV

# ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਚੈਨਲ ਵੱਲੋਂ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਨਗਰ ਕੀਰਤਨ ਦੀ ਕੀਤੀ ਗਈ ਕਵਰੇਜ













**ਹੁਣ ਤੁਸੀਂ ਨਗਰ ਕੀਰਤਨ ਦੀ ਕਵਰੇਜ ਦੇਖ ਸਕਦੇ ਹੋ ਪੰਜਾਬ ਮੇਲ ਯੂ.ਐੱਸ.ਏ. ਦੇ ਯੂਟਿਊਬ 'ਤੇ**


CVP STUDIOS & JOGA DHINDSA
PRESENT
PUNJABI VIRSA 2023
APRIL 9TH (SUNDAY)
ELK GROVE PARK
FREE ENTRY
JOGA DHINDSA 916-698-8663
SONU CHATHA 916-716-7331
NAVI SOOCH 916-335-6576
NARINDER THANDI 916-813-1442
BABBI GILL 916-882-8384
REALTYONEGROUP
FOR SALE & PURCHASE OF ANY KIND OF PROPERTY
Space Sponsored by :
Gurjatinder S. Randhawa
REALTOR CA DRE licence # 01490567
916-320-9444
ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
garysingh123@yahoo.com

# ਨੌਕਰੀ ਗੁਆ ਚੁੱਕੇ ਐੱਚ-1ਬੀ ਧਾਰਕਾਂ ਨੂੰ ਨਹੀਂ ਛੱਡਣਾ ਪਵੇਗਾ ਅਮਰੀਕਾ!




■ ਕਈ ਵਿਕਲਪ ਮੌਜੂਦ : ਯੂ.ਐੱਸ.ਸੀ.ਆਈ.ਐੱਸ.

■ 2024 ਲਈ ਐੱਚ-1ਬੀ ਵੀਜ਼ਾ ਦੀ ਕਾਰਵਾਈ ਪ੍ਰਕਿਰਿਆ 1 ਅਕਤੂਬਰ ਤੋਂ ਹੋ ਚੁੱਕੀ ਹੈ ਸ਼ੁਰੂ

**ਵਾਸ਼ਿੰਗਟਨ, (ਪੰਜਾਬ ਮੇਲ)-** ਟੈਕਨਾਲੌਜੀ ਖੇਤਰ ਵਿਚ ਵੱਡੇ ਪੱਧਰ 'ਤੇ ਛਾਂਟੀ ਦੇ ਦਰਮਿਆਨ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਕਿਹਾ ਹੈ ਕਿ ਇਹ ਮੰਨਣਾ ਗਲਤ ਹੈ ਕਿ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਨੌਕਰੀ ਤੋਂ ਕੱਢੇ ਜਾਣ 'ਤੇ 60 ਦਿਨਾਂ ਦੇ ਅੰਦਰ ਦੇਸ਼ ਛੱਡਣਾ ਪੈਂਦਾ ਹੈ। ਹਾਲਾਂਕਿ ਉਨ੍ਹਾਂ ਕੋਲ ਦੇਸ਼ 'ਚ ਰਹਿਣ ਦੇ ਕਈ ਵਿਕਲਪ ਹਨ। 'ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼' (ਐੱਫ.ਆਈ.ਆਈ.ਡੀ.ਐੱਸ.) ਨੂੰ ਲਿਖੇ ਇੱਕ ਪੱਤਰ ਵਿਚ ਯੂ.ਐੱਸ.ਸੀ.ਆਈ.ਐੱਸ. ਦੇ ਨਿਰਦੇਸ਼ਕ ਉਰ ਐੱਮ ਜੱਡੂ ਨੇ ਕਿਹਾ, "ਜਦੋਂ ਗੈਰ-ਪ੍ਰਵਾਸੀ ਕਾਮਿਆਂ ਨੂੰ ਨੌਕਰੀ ਤੋਂ ਕੱਢਿਆ ਜਾਂਦਾ ਹੈ, ਤਾਂ ਉਨ੍ਹਾਂ ਨੂੰ ਆਪਣੇ ਵਿਕਲਪਾਂ ਬਾਰੇ ਪਤਾ ਨਹੀਂ ਹੁੰਦਾ ਅਤੇ ਕੁਝ ਮਾਮਲਿਆਂ ਵਿਚ ਗਲਤ ਤਰੀਕੇ ਨਾਲ ਇਹ ਮੰਨ ਲਿਆ ਜਾਂਦਾ ਹੈ ਕਿ ਉਨ੍ਹਾਂ ਕੋਲ 60 ਦਿਨਾਂ ਦੇ ਅੰਦਰ ਦੇਸ਼ ਛੱਡਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ।'

ਨੌਕਰੀ ਤੋਂ ਕੱਢੇ ਗਏ ਐੱਚ-1ਬੀ ਵੀਜ਼ਾ ਧਾਰਕਾਂ ਲਈ ਕੰਮ ਕਰ ਰਹੇ 'ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼' ਨੇ ਹਾਲ ਹੀ ਵਿਚ ਯੂ.ਐੱਸ.ਸੀ.ਆਈ.ਐੱਸ. ਨੂੰ ਤਕਨਾਲੋਜੀ ਖੇਤਰ ਵਿਚ ਛਾਂਟੀ ਦੇ ਪ੍ਰਭਾਵਾਂ ਬਾਰੇ ਪੱਤਰ ਲਿਖਿਆ ਸੀ ਅਤੇ ਦੇਸ਼ ਛੱਡਣ ਲਈ 60 ਦਿਨਾਂ ਦੀ ਮਿਆਦ ਵਧਾਉਣ ਦੀ ਬੇਨਤੀ ਕੀਤੀ ਸੀ। ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ, "ਅਸੀਂ ਤਕਨਾਲੋਜੀ ਖੇਤਰ ਵਿਚ ਨੌਕਰੀ ਤੋਂ ਕੱਢੇ ਗਏ ਲੋਕਾਂ ਦੀ ਸਮੱਸਿਆ ਤੋਂ ਖਾਸ ਤੌਰ 'ਤੇ ਜਾਣੂ ਹਾਂ।' ਯੂ.ਐੱਸ.ਸੀ.ਆਈ.ਐੱਸ. ਅਨੁਸਾਰ, ਜਦੋਂ ਗੈਰ-ਪ੍ਰਵਾਸੀ ਕਾਮੇ ਆਪਣੀ ਮਰਜ਼ੀ ਨਾਲ ਜਾਂ ਮਰਜ਼ੀ ਦੇ ਬਿਨਾਂ ਆਪਣੀ ਨੌਕਰੀ ਛੱਡ ਦਿੰਦੇ ਹਨ, ਤਾਂ ਉਨ੍ਹਾਂ ਕੋਲ ਆਮ ਤੌਰ 'ਤੇ 4 ਵਿਕਲਪ ਹੁੰਦੇ ਹਨ। ਇਨ੍ਹਾਂ ਵਿਚ ਗੈਰ-ਪ੍ਰਵਾਸੀ ਸਥਿਤੀ ਨੂੰ ਬਦਲਣ ਲਈ ਅਰਜ਼ੀ ਦਾਇਰ ਕਰਨਾ ਅਤੇ ਸਥਿਤੀ ਦੀ ਵਿਵਸਥਾ ਲਈ ਅਰਜ਼ੀ ਦਾਇਰ ਕਰਨਾ ਸ਼ਾਮਲ ਹੈ। ਯੂ.ਐੱਸ.ਸੀ.ਆਈ.ਐੱਸ ਨੇ ਕਿਹਾ ਕਿ ਉਹ "ਮਜ਼ਬੂਰ ਹਾਲਾਤਾਂ" ਵਿਚ ਰੁਜ਼ਗਾਰ ਅਧਿਕਾਰ ਦਸਤਾਵੇਜ਼ ਲਈ ਇਕ ਅਰਜ਼ੀ ਵੀ ਦਾਇਰ ਕਰ ਸਕਦੇ ਹਨ ਜਾਂ ਰੁਜ਼ਗਾਰਦਾਤਾ ਨੂੰ ਬਦਲਣ ਦੀ ਬੇਨਤੀ ਕਰ ਸਕਦੇ ਹਨ।

## ਅਮਰੀਕਾ ਦੀ ਸਰਹੱਦ 'ਤੇ ਮੈਕਸੀਕੋ ਦੇ ਇਮੀਗ੍ਰੇਸ਼ਨ ਕੇਂਦਰ 'ਚ ਭਿਆਨਕ ਅੱਗ ਲੱਗਣ ਕਾਰਨ 35 ਪ੍ਰਵਾਸੀਆਂ ਦੀ ਮੌਤ

**ਮੈਕਸੀਕੋ ਸਿਟੀ, (ਪੰਜਾਬ ਮੇਲ)-** ਅਮਰੀਕਾ ਦੀ ਸਰਹੱਦ 'ਤੇ ਮੈਕਸੀਕੋ ਦੇ ਇਕ ਇਮੀਗ੍ਰੇਸ਼ਨ ਕੇਂਦਰ 'ਚ ਅੱਗ ਲੱਗਣ ਕਾਰਨ ਘੱਟੋ-ਘੱਟ 35 ਪ੍ਰਵਾਸੀਆਂ ਦੀ ਮੌਤ ਹੋ ਗਈ ਅਤੇ 100 ਦੇ ਕਰੀਬ ਜ਼ਖ਼ਮੀ ਹੋ ਗਏ ਹਨ।

ਐਕਸਲਸੀਓਰ ਅਖ਼ਬਾਰ ਨੇ ਮੈਕਸੀਕਨ ਸ਼ਹਿਰ ਸਿਉਦਾਦ ਜੁਆਰੇਜ਼ ਵਿੱਚ ਨੈਸ਼ਨਲ ਮਾਈਗ੍ਰੇਸ਼ਨ ਇੰਸਟੀਚਿਊਟ (ਆਈ.ਐੱਨ.ਐੱਮ.) ਦੀ ਇਮਾਰਤ ਵਿਚ ਅੱਗ ਲੱਗਣ ਦੀ ਗੱਲ ਕਹੀ, ਜਿਸ ਵਿਚ ਕਿਹਾ ਗਿਆ ਹੈ ਕਿ ਲਗਭਗ 100 ਲੋਕਾਂ ਨੂੰ ਕਾਰਬਨ ਮੋਨੋਆਕਸਾਈਡ ਗੈਸ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਹੈ। ਕਥਿਤ ਤੌਰ 'ਤੇ ਇਹ ਅੱਗ ਉਨ੍ਹਾਂ ਪ੍ਰਵਾਸੀਆਂ ਦੇ ਇੱਕ ਨਜ਼ਰਬੰਦੀ ਕੈਂਪ ਵਿਚ ਲੱਗੀ, ਜੋ ਗੈਰ-ਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰਕੇ ਅਮਰੀਕਾ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਅੱਗ ਪ੍ਰਵਾਸੀਆਂ ਨੇ ਖੁਦ ਚਲਾਈ ਸੀ, ਜਿਨ੍ਹਾਂ ਨੇ ਉੱਥੋਂ ਭੱਜਣ ਦੀ ਕੋਸ਼ਿਸ਼ ਕੀਤੀ।

# ਗਾਰਸੇਟੀ ਨੇ ਭਾਰਤ ਲਈ ਅਮਰੀਕਾ ਦੇ ਰਾਜਦੂਤ ਵਜੋਂ ਸਹੁੰ ਚੁੱਕੀ

■ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਦਿਵਾਇਆ ਹਲਫ਼



ਐਰਿਕ ਗਾਰਸੇਟੀ ਨੂੰ ਅਹੁਦੇ ਦੀ ਸਹੁੰ ਚੁਕਵਾਉਂਦੇ ਹੋਏ ਉਪ ਰਾਸ਼ਟਰਪਤੀ ਕਮਲਾ ਹੈਰਿਸ।

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਜੋਅ ਬਾਇਡਨ ਦੇ ਕਰੀਬੀ ਐਰਿਕ ਗਾਰਸੇਟੀ ਨੇ ਬੀਤੇ ਦਿਨੀਂ ਅਧਿਕਾਰਤ ਤੌਰ 'ਤੇ ਭਾਰਤ ਲਈ ਅਮਰੀਕਾ ਦੇ ਰਾਜਦੂਤ ਵਜੋਂ ਸਹੁੰ ਚੁੱਕ ਲਈ। ਉਨ੍ਹਾਂ ਨੂੰ ਸਹੁੰ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਚੁਕਾਈ। ਦੱਸਣਯੋਗ ਹੈ ਕਿ ਵਾਸ਼ਿੰਗਟਨ ਦੀ ਇਸ ਸਭ ਤੋਂ ਮਹੱਤਵਪੂਰਨ ਕੂਟਨੀਤਿਕ ਅਸਾਮੀ ਨੂੰ ਭਰਨ ਵਿਚ ਦੋ ਸਾਲਾਂ ਦੀ ਦੇਰੀ ਹੋਈ ਹੈ। ਸਹੁੰ ਚੁੱਕ ਸਮਾਗਮ 'ਚ ਐਰਿਕ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿਚ ਉਨ੍ਹਾਂ ਦੀ ਪਤਨੀ ਐਮੀ, ਮਾਤਾ-ਪਿਤਾ ਤੇ ਧੀ ਸ਼ਾਮਲ ਸਨ। ਗਾਰਸੇਟੀ (52) ਨੇ ਕਿਹਾ, 'ਬਹੁਤ ਚੰਗਾ ਲੱਗ ਰਿਹਾ ਹੈ, ਕੰਮ ਉਤੇ ਜਾਣ ਦੀ ਬੇਸਬਰੀ ਨਾਲ ਉਡੀਕ ਹੈ।' ਜ਼ਿਕਰਯੋਗ ਹੈ ਕਿ ਲਾਸ ਏਂਜਲਸ ਦੇ ਸਾਬਕਾ ਮੇਅਰ ਐਰਿਕ ਦੀ ਨਾਮਜ਼ਦਗੀ ਜੁਲਾਈ 2021 ਤੋਂ ਅਮਰੀਕੀ ਕਾਂਗਰਸ ਕੋਲ ਬਕਾਇਆ ਪਈ ਸੀ। ਉਸ ਵੇਲੇ ਉਨ੍ਹਾਂ ਨੂੰ ਰਾਸ਼ਟਰਪਤੀ ਬਾਇਡਨ ਨੇ ਨਾਮਜ਼ਦ ਕੀਤਾ ਸੀ।

ਗਾਰਸੇਟੀ ਦੀ ਨਾਮਜ਼ਦਗੀ ਪੱਕੀ ਕਰਨ ਲਈ ਸੈਨੇਟ 'ਚ ਵੋਟਿੰਗ ਹੋਈ ਹੈ। ਉਨ੍ਹਾਂ ਦੇ ਹੱਕ ਵਿਚ 52 ਵੋਟਾਂ ਪਈਆਂ। ਕੁਝ ਮੈਂਬਰਾਂ ਨੇ ਇਤਰਾਜ਼ ਜਤਾਇਆ ਸੀ ਕਿ ਗਾਰਸੇਟੀ ਨੇ ਆਪਣੇ ਉਤੇ ਲੱਗੇ ਕਥਿਤ ਜਿਨਸੀ ਦੁਰਵਿਹਾਰ ਤੇ ਤੰਗ ਕਰਨ ਦੇ ਦੋਸ਼ਾਂ ਨਾਲ ਢੁੱਕਵੇਂ ਢੰਗ ਨਾਲ ਨਹੀਂ ਨਜਿੱਠਿਆ। ਉਨ੍ਹਾਂ 'ਤੇ ਇਹ ਇਲਜ਼ਾਮ ਇਕ ਸਾਬਕਾ ਸੀਨੀਅਰ ਸਲਾਹਕਾਰ ਨੇ ਲਾਏ ਸਨ। ਗਾਰਸੇਟੀ ਵੱਲੋਂ ਸਹੁੰ ਚੁੱਕਣ ਤੋਂ ਕੁਝ ਦੇਰ ਬਾਅਦ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨਵੇਂ ਰਾਜਦੂਤ ਨੂੰ ਵਧਾਈ ਦਿੱਤੀ।

## ਭਾਰਤੀ-ਅਮਰੀਕੀ ਨੀਲ ਮਾਖੀਜਾ ਵੱਲੋਂ ਪੈਨਸਿਲਵੇਨੀਆ 'ਚ ਕਮਿਸ਼ਨਰ ਦੀ ਚੋਣ ਲੜਣ ਦਾ ਐਲਾਨ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਭਾਰਤੀ ਮੂਲ ਦੇ ਅਮਰੀਕੀ ਵਕੀਲ ਤੇ ਸਿੱਖਿਆ ਸ਼ਾਸਤਰੀ ਨੀਲ ਮਾਖੀਜਾ ਨੇ ਪੈਨਸਿਲਵੇਨੀਆ ਰਾਜ ਦੀ ਤੀਸਰੀ ਸਭ ਤੋਂ ਵੱਡੀ ਕਾਊਂਟੀ ਮੌਂਟਗੋਮਰੀ ਦੇ ਕਮਿਸ਼ਨਰ ਦੀ 16 ਮਈ ਨੂੰ ਹੋ ਰਹੀ ਮੁੱਢਲੀ ਚੋਣ ਲੜਨ ਦਾ ਐਲਾਨ ਕੀਤਾ ਹੈ। ਮੌਂਟਗੋਮਰੀ ਕਾਊਂਟੀ ਦੀ 8,65,000 ਆਬਾਦੀ ਹੈ। 36 ਸਾਲਾ ਮੁਖਰਜੀ ਯਨੀਵਰਸਿਟੀ ਆਫ ਪੈਨਸਿਲਵੇਨੀਆ ਵਿਖੇ ਲਾਅ ਪ੍ਰੋਫੈਸਰ ਹਨ। ਜੇਕਰ ਉਹ ਚੋਣ ਜਿੱਤ ਜਾਂਦੇ ਹਨ, ਤਾਂ ਉਹ ਮੌਂਟਗੋਮਰੀ ਕਾਊਂਟੀ ਵਿਚ ਇਸ ਅਹੁਦੇ ਉਪਰ ਪੁੱਜਣ ਵਾਲੇ ਪਹਿਲੇ ਦੱਖਣੀ ਏਸ਼ਆਈ ਹੋਣਗੇ। ਮਾਖੀਜਾ ਜੋ ਭਾਰਤ ਦੇ ਸਿੰਧੀ ਪਰਿਵਾਰ ਨਾਲ ਸਬੰਧਿਤ ਹਨ, ਨੇ ਹਾਲ ਹੀ ਵਿਚ ਚੋਣ ਲੜਣ ਲਈ ਇੰਪੈਕਟ ਜੋ ਪ੍ਰਮੁੱਖ ਸਾਊਥ ਏਸ਼ੀਅਨ ਸਿਵਲ ਆਰਗੇਨਾਈਜੇਸ਼ਨ ਹੈ, ਦੇ ਕਾਰਜਕਾਰੀ ਡਾਇਰੈਕਟਰ ਦੇ ਅਹੁਦੇ ਤੋਂ ਫਾਰਗ ਹੋਣ ਦਾ ਐਲਾਨ ਕੀਤਾ ਹੈ।

## ਬਾਇਡਨ ਵੱਲੋਂ ਭਾਰਤੀ-ਅਮਰੀਕੀ ਅਭਿਨੇਤਰੀ ਦਾ 'ਨੈਸ਼ਨਲ ਮੈਡਲ ਆਫ ਆਰਟਸ' ਪੁਰਸਕਾਰ ਨਾਲ ਸਨਮਾਨ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵ੍ਹਾਈਟ ਹਾਊਸ 'ਚ ਕਰਵਾਏ ਸਮਾਰੋਹ 'ਚ ਕਹਾਣੀਕਾਰਾਂ ਦੀ ਇਕ ਨਵੀਂ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ ਭਾਰਤੀ ਅਮਰੀਕੀ ਅਭਿਨੇਤਰੀ ਅਤੇ ਨਿਰਮਾਤਾ ਮਿੰਡੀ ਕਲਿੰਗ ਤੇ ਕਈ ਹੋਰ ਲੋਕਾਂ ਨੂੰ ਵੱਕਾਰੀ 'ਨੈਸ਼ਨਲ ਮੈਡਲ ਆਫ ਆਰਟਸ-2021' ਤਗਮਾ ਪ੍ਰਦਾਨ ਕੀਤਾ। ਨੈਸ਼ਨਲ ਮੈਡਲ ਆਫ ਆਰਟਸ ਤਗਮਾ ਅਮਰੀਕੀ ਸਰਕਾਰ ਦੁਆਰਾ ਕਲਾਕਾਰਾਂ, ਕਲਾ ਨੂੰ ਬਚਾਉਣ ਵਾਲਿਆਂ ਅਤੇ ਸਮੂਹਾਂ ਨੂੰ ਦਿੱਤਾ ਜਾਣ ਵਾਲਾ ਸਰਬੋਤਮ ਪੁਰਸਕਾਰ ਹੈ, ਜੋ ਉਨ੍ਹਾਂ ਲੋਕਾਂ ਤੇ ਸੰਗਠਨਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਅਮਰੀਕਾ 'ਚ ਕਲਾ ਨੂੰ ਅੱਗੇ ਵਧਾਇਆ ਹੈ ਅਤੇ ਆਪਣੀ ਵਿਸ਼ੇਸ਼ ਪ੍ਰਾਪਤੀਆਂ ਨਾਲ ਦੂਸਰਿਆਂ ਨੂੰ ਪ੍ਰੇਰਿਤ ਕੀਤਾ ਹੈ। ਅਭਿਨੇਤਰੀ ਨੂੰ ਸਨਮਾਨ ਦੇਣ ਸਮੇਂ ਬਾਇਡਨ ਨੇ ਕਿਹਾ ਕਿ ਕਲਿੰਗ 'ਪ੍ਰਾਈਮ ਟਾਈਮ ਸਿਟਕਾਮ' ਬਣਾਉਣ, ਲਿਖਣ ਅਤੇ ਅਭਿਨੈ ਕਰਨ ਵਾਲੀ ਮਹਿਲਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# 'ਜੋਅ ਬਾਇਡਨ ਸੁਰੱਖਿਆ ਕਾਰਨਾਂ ਕਰਕੇ ਟਿਕਟੋਕ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਦੇ ਹੱਕ 'ਚ'

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਦੀ ਖੁਫੀਆ ਕਮੇਟੀ ਦੇ ਚੇਅਰਮੈਨ ਮਾਰਕ ਵਾਰਨਰ ਨੇ ਕਿਹਾ ਹੈ ਕਿ ਰਾਸ਼ਟਰਪਤੀ ਜੋਅ ਬਾਇਡਨ ਸੁਰੱਖਿਆ ਕਾਰਨਾਂ ਕਰਕੇ ਚੀਨੀ ਵੀਡੀਓ-ਸ਼ੇਅਰਿੰਗ ਐਪ ਟਿਕਟੋਕ 'ਤੇ ਪਾਬੰਦੀ ਲਗਾਉਣ ਲਈ ਦੋ-ਪੱਖੀ ਬਿੱਲ ਦੇ ਹੱਕ ਵਿਚ ਹਨ। ਸੀ.ਬੀ.ਐੱਸ. ਦੇ ਫੇਸ ਦਿ ਨੇਸ਼ਨ ਸ਼ੋਅ 'ਤੇ ਪੁੱਛੇ ਜਾਣ 'ਤੇ ਕੀ ਅਮਰੀਕੀ ਸਰਕਾਰ ਡਰਾਫਟ ਕਾਨੂੰਨ ਪਾਸ ਕਰਨਾ ਚਾਹੁੰਦੀ ਹੈ ਤੇ ਵਾਰਨਰ ਨੇ ਕਿਹਾ ਕਿ "ਮੈਨੂੰ ਲਗਦਾ ਹੈ ਕਿ ਬਾਇਡਨ ਪ੍ਰਸ਼ਾਸਨ ਇਸ ਬਿੱਲ ਦੇ ਹੱਕ ਵਿਚ ਹੈ।"



ਉਸਨੇ ਕਿਹਾ ਕਿ ਅਮਰੀਕੀ ਵਿਦੇਸ਼ ਮਾਮਲਿਆਂ ਦੀ ਕਮੇਟੀ ਨੇ ਮਾਰਚ ਦੇ ਸ਼ੁਰੂ ਵਿਚ ਇੱਕ ਬਿੱਲ ਨੂੰ ਮਨਜ਼ੂਰੀ ਦਿੱਤੀ ਸੀ, ਜੋ ਅਮਰੀਕੀ ਸਰਕਾਰ ਨੂੰ ਟਿਕਟੋਕ ਜਾਂ ਰਾਸ਼ਟਰੀ ਸੁਰੱਖਿਆ ਲਈ ਖਤਰਾ ਸਮਝੇ ਜਾਣ ਵਾਲੇ ਕਿਸੇ ਹੋਰ ਵਿਦੇਸ਼ੀ ਐਪ 'ਤੇ ਪਾਬੰਦੀ ਲਗਾਉਣ ਦੀ ਆਗਿਆ ਦੇਵੇਗੀ। ਉਸ ਨੇ ਕਿਹਾ ਕਿ ਟਿਕਟੋਕ ਨਾ ਸਿਰਫ ਯੂ.ਐੱਸ. ਉਪਭੋਗਤਾਵਾਂ ਦੀ ਗੋਪਨੀਯਤਾ ਨੂੰ ਖਤਰੇ ਵਿਚ ਪਾ ਸਕਦਾ ਹੈ, ਬਲਕਿ ਇਹ ਇੱਕ ਪ੍ਰਚਾਰ ਸਾਧਨ ਵੀ ਹੋ ਸਕਦਾ ਹੈ। ਮੇਰਾ ਸਭ ਤੋਂ ਵੱਡਾ ਡਰ ਇਹ ਹੈ ਕਿ ਚੈਨਲ ਨੂੰ ਪ੍ਰਚਾਰ ਦੇ ਉਦੇਸ਼ਾਂ ਜਾਂ ਗ਼ਲਤ ਜਾਣਕਾਰੀ ਲਈ ਕਿਵੇਂ ਵਰਤਿਆ ਜਾ ਸਕਦਾ ਹੈ।

ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਬਿੱਲ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਹ ਸੰਵੇਦਨਸ਼ੀਲ ਤਕਨਾਲੋਜੀ ਖੇਤਰਾਂ ਵਿਚ ਚਿੰਤਾ ਤੋਂ ਸੁਰੱਖਿਆ ਪ੍ਰਦਾਨ ਕਰ ਸਕਦਾ ਹੈ। ਅਮਰੀਕਾ ਵਿਚ ਮੌਜੂਦਾ ਸਮੇਂ ਵਿਚ ਡੇਢ ਕਰੋੜ ਤੋਂ ਵੱਧ ਟਿਕਟੋਕ ਉਪਭੋਗਤਾ ਹਨ। ਯੂ.ਐੱਸ. ਦੇ ਅੱਧੇ ਤੋਂ ਵੱਧ ਰਾਜਾਂ ਨੇ ਚੀਨੀ ਸਰਕਾਰ ਦੁਆਰਾ ਵਰਤੇ ਜਾ ਰਹੇ ਉਪਭੋਗਤਾ ਡੇਟਾ ਬਾਰੇ ਸੁਰੱਖਿਆ ਚਿੰਤਾਵਾਂ ਦੇ ਕਾਰਨ ਸਰਕਾਰੀ ਟੂਲਸ ਤੋਂ ਟਿਕਟੋਕ ਤੱਕ ਪਹੁੰਚ 'ਤੇ ਪਾਬੰਦੀ ਲਗਾ ਦਿੱਤੀ ਹੈ।

# 10 ਮਈ ਨੂੰ ਹੋਵੇਗੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ

- 13 ਮਈ ਨੂੰ ਐਲਾਨਿਆ ਜਾਵੇਗਾ ਨਤੀਜਾ
- ਕਾਂਗਰਸ ਤੋਂ ਇਲਾਵਾ ਹੋਰ ਕਿਸੇ ਪਾਰਟੀ ਨੇ ਨਹੀਂ ਐਲਾਨਿਆ ਉਮੀਦਵਾਰ


**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)-** ਚੋਣ ਕਮਿਸ਼ਨ ਵਲੋਂ ਜਲੰਧਰ ਲੋਕ ਸਭਾ ਹਲਕੇ 'ਤੇ ਹੋਣ ਵਾਲੀ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ। ਚੋਣ ਕਮਿਸ਼ਨ ਵਲੋਂ ਕੀਤੇ ਗਏ ਐਲਾਨ ਮੁਤਾਬਕ 10 ਮਈ ਦਿਨ ਬੁੱਧਵਾਰ ਨੂੰ ਵੋਟਿੰਗ ਹੋਵੇਗੀ। ਇਸ ਜ਼ਿਮਨੀ ਚੋਣ ਦਾ ਨਤੀਜਾ 13 ਮਈ ਨੂੰ ਐਲਾਨਿਆ ਜਾਵੇਗਾ। ਚੋਣ ਕਮਿਸ਼ਨ ਵਲੋਂ ਜ਼ਿਮਨੀ ਚੋਣ ਦੀ ਤਾਰੀਖ਼ ਦੇ ਐਲਾਨ ਦੇ ਨਾਲ ਹੀ ਜਲੰਧਰ ਵਿਚ ਚੋਣ ਜ਼ਾਬਤਾ ਲੱਗ ਗਿਆ ਹੈ। ਉਧਰ ਵੱਖ-ਵੱਖ ਸਿਆਸੀ ਪਾਰਟੀਆਂ ਵਲੋਂ ਆਪੋ-ਆਪਣੇ ਪੱਧਰ 'ਤੇ ਚੋਣ ਮੁਹਿੰਮ ਵਿੱਢੀ ਹੋਈ ਹੈ। ਕਾਂਗਰਸ ਨੂੰ ਛੱਡ ਕੇ ਬਾਕੀ ਸਿਆਸੀ ਪਾਰਟੀਆਂ ਵਲੋਂ ਅਜੇ ਤੱਕ ਇਥੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ ਹੈ।

ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਕਾਂਗਰਸ ਵਲੋਂ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਚੋਣ ਦੇ ਐਲਾਨ ਤੋਂ ਪਹਿਲਾਂ ਹੀ ਕਾਂਗਰਸ ਨੇ ਸਭ ਤੋਂ ਪਹਿਲਾਂ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਸੀ। ਜ਼ਿਮਨੀ ਚੋਣ ਲਈ ਭਾਵੇਂ ਕਾਂਗਰਸ ਨੇ ਉਮੀਦਵਾਰ ਨੂੰ ਮੈਦਾਨ 'ਚ ਉਤਾਰ ਦਿੱਤਾ ਹੈ ਪਰ ਅਜੇ ਤੱਕ ਹੋਰ ਕਿਸੇ ਪਾਰਟੀ ਨੇ ਇਥੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਇਥੋਂ ਤੱਕ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਵੀ ਇਥੇ ਅਜੇ ਤੱਕ ਉਮੀਦਵਾਰ ਨਹੀਂ ਐਲਾਨਿਆ ਹੈ।

# ਅੰਮ੍ਰਿਤਸਰ ਤੋਂ ਲੰਡਨ ਲਈ ਸਿੱਧੀ ਹਵਾਈ ਉਡਾਣ ਸ਼ੁਰੂ

**ਅੰਮ੍ਰਿਤਸਰ, (ਪੰਜਾਬ ਮੇਲ)-** ਇੱਥੋਂ ਦੇ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਇੰਗਲੈਂਡ ਵਿਚਲੇ ਲੰਡਨ ਗੈਟਵਿਕ ਹਵਾਈ ਅੱਡੇ ਵਾਸਤੇ ਸਿੱਧੀ ਹਵਾਈ ਉਡਾਣ ਸ਼ੁਰੂ ਕੀਤੀ ਗਈ ਹੈ। ਇਸ ਉਡਾਣ ਨੂੰ ਕੇਂਦਰੀ ਹਵਾਬਾਜ਼ੀ ਮੰਤਰੀ ਜਯੋਤਿਰਦਿਤਿਆ ਸਿੰਧੀਆ ਨੇ ਵਰਚੁਅਲ ਢੰਗ ਨਾਲ ਹਰੀ ਝੰਡੀ ਦਿਖਾਈ। ਦਿੱਲੀ 'ਚ ਕੇਂਦਰੀ ਮੰਤਰੀ ਨਾਲ ਮੌਜੂਦ ਭਾਜਪਾ ਆਗੂ ਤਰੁਣ ਚੁੱਘ ਨੇ ਦੱਸਿਆ ਕਿ ਏਅਰ ਇੰਡੀਆ ਹਵਾਈ ਕੰਪਨੀ ਵੱਲੋਂ ਜਲਦੀ ਹੀ ਅੰਮ੍ਰਿਤਸਰ ਤੋਂ ਕੈਨੇਡਾ ਵਾਸਤੇ ਸਿੱਧੀ ਹਵਾਈ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਹਵਾਬਾਜ਼ੀ ਮੰਤਰੀ ਨੂੰ ਅਪੀਲ ਕੀਤੀ ਕਿ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਹੋਰ ਵਧੇਰੇ ਹਵਾਈ ਉਡਾਣਾਂ ਸ਼ੁਰੂ ਕਰਨ ਵਾਸਤੇ ਕੌਮਾਂਤਰੀ ਹਵਾਈ ਕੰਪਨੀਆਂ ਨਾਲ ਹੋਣ ਵਾਲੇ ਸਮਝੌਤੇ ਵਿਚ ਅੰਮ੍ਰਿਤਸਰ ਨੂੰ ਵੀ ਸ਼ਾਮਲ ਕੀਤਾ ਜਾਵੇ। ਇਸ ਹਵਾਈ ਅੱਡੇ ਦੇ ਵਿਸਥਾਰ ਵਾਸਤੇ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੀਤੇ ਗਏ ਹਨ ਅਤੇ ਇਸ ਵੇਲੇ ਇੱਥੇ ਕੌਮਾਂਤਰੀ ਹਵਾਈ ਅੱਡੇ 'ਤੇ ਕੌਮਾਂਤਰੀ ਹਵਾਈ ਅੱਡਿਆਂ ਵਾਲੀਆਂ ਸਾਰੀਆਂ ਸਹੂਲਤਾਂ ਮੌਜੂਦ ਹਨ। ਇਸ ਵੇਲੇ ਇੱਥੇ 24 ਹਵਾਈ ਜਹਾਜ਼ ਖੜ੍ਹੇ ਕਰਨ ਦੀ ਸਮਰੱਥਾ ਹੈ। ਮਿਲੇ ਵੇਰਵਿਆਂ ਮੁਤਾਬਕ ਇਹ ਹਵਾਈ ਉਡਾਣ ਪਹਿਲਾਂ ਲੰਡਨ ਦੇ ਹੀਥਰੋ ਹਵਾਈ ਅੱਡੇ ਨਾਲ ਜੁੜੀ ਹੋਈ ਸੀ, ਜਿਸ ਨੂੰ ਹੁਣ ਗੈਟਵਿਕ ਹਵਾਈ ਅੱਡੇ ਨਾਲ ਜੋੜਿਆ ਗਿਆ ਹੈ। ਹਵਾਈ ਉਡਾਣ ਸ਼ੁਰੂ ਕਰਨ ਸਮੇਂ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਭਾਜਪਾ ਆਗੂ ਰਜਿੰਦਰ ਮੋਹਨ ਸਿੰਘ ਛੀਨਾ, ਹਵਾਈ ਅੱਡੇ ਦੇ ਡਾਇਰੈਕਟਰ, ਹਵਾਈ ਕੰਪਨੀ ਦੇ ਅਧਿਕਾਰੀ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਆਗੂ ਹਾਜ਼ਰ ਸਨ। ਮੰਚ ਦੇ ਸਰਪ੍ਰਸਤ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਨੇ ਕਿਹਾ ਕਿ ਕੇਂਦਰੀ ਹਵਾਈ ਮੰਤਰੀ ਦਾ ਇਹ ਫੈਸਲਾ ਸਵਾਗਤਯੋਗ ਹੈ। ਇਸ ਮੌਕੇ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ ਅਤੇ ਦਲਜੀਤ ਸਿੰਘ ਸੈਣੀ ਆਦਿ ਨੇ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

- ਭਾਰਤ ਨੇ ਨੇਪਾਲ ਸਰਕਾਰ ਨਾਲ ਸਾਂਝੇ ਕੀਤੇ ਵੇਰਵੇ; ਸਰਹੱਦੀ ਇਲਾਕਿਆਂ 'ਚ ਹਾਈ ਅਲਰਟ
- ਤੀਜੇ ਮੁਲਕ 'ਚ ਭੱਜਣ ਤੋਂ ਰੋਕਣ ਦੇ ਉਪਰਾਲੇ ਕਰਨ ਲਈ ਕਿਹਾ



# ਆਦਮਪੁਰ ਹਵਾਈ ਅੱਡੇ ਤੋਂ ਜਲਦੀ ਸ਼ੁਰੂ ਹੋਣਗੀਆਂ ਉਡਾਣਾਂ

**ਆਦਮਪੁਰ, (ਪੰਜਾਬ ਮੇਲ)-** ਆਦਮਪੁਰ ਦੇ ਹਵਾਈ ਅੱਡੇ ਤੋਂ ਜਲਦੀ ਹੀ ਉਡਾਣਾਂ ਸ਼ੁਰੂ ਹੋ ਜਾਣਗੀਆਂ। ਆਦਮਪੁਰ ਦੇ ਸਿਵਲ ਹਵਾਈ ਅੱਡੇ ਪਹੁੰਚੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਥਾਨਕ ਸਿਵਲ ਹਵਾਈ ਅੱਡੇ ਦੀ ਇਮਾਰਤ ਲਗਪਗ ਪੂਰੀ ਤਰ੍ਹਾਂ ਤਿਆਰ ਹੋ ਚੁੱਕੀ ਹੈ। ਇਮਾਰਤ ਦਾ ਨਿਰੀਖਣ ਕਰਨ ਮਗਰੋਂ ਕੇਂਦਰੀ ਮੰਤਰੀ ਨੇ ਕਿਹਾ ਕਿ ਇਸ ਸਿਵਲ ਹਵਾਈ ਅੱਡੇ ਤੋਂ ਜਲਦੀ ਹੀ ਉਡਾਣਾਂ ਸ਼ੁਰੂ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਆਦਮਪੁਰ ਤੋਂ ਹਵਾਈ ਅੱਡੇ ਵੱਲ ਨੂੰ ਆਉਂਦੀ ਚਾਰ ਲੇਨ ਸੜਕ ਵੀ ਛੇਤੀ ਹੀ ਤਿਆਰ ਕਰ ਦਿੱਤੀ ਜਾਵੇਗੀ। ਇਸ ਮੌਕੇ ਏਅਰਪੋਰਟ ਅਥਾਰਿਟੀ ਦੇ ਜਨਰਲ ਮੈਨੇਜਰ ਅਨਿਲ ਕੁਮਾਰ ਰਾਏ, ਡਾਇਰੈਕਟਰ ਕਮਲਜੀਤ ਕੌਰ, ਏ.ਸੀ. ਸ੍ਰੀਵਾਸਤਵਾ ਨੇ ਗੁਲਦਸਤਾ ਭੇਟ ਕਰਕੇ ਕੇਂਦਰੀ ਮੰਤਰੀ ਦਾ ਸਵਾਗਤ ਕੀਤਾ।

ਇਸ ਦੌਰਾਨ ਭਾਜਪਾ ਜਲੰਧਰ ਦਿਹਾਤੀ ਦੀ ਮਹਿਲਾ ਪ੍ਰਧਾਨ ਨਿਧੀ ਤਿਵਾੜੀ ਅਤੇ ਦਿਹਾਤੀ ਪ੍ਰਧਾਨ ਰਾਜੀਵ ਸਿੰਗਲਾ, ਓ.ਬੀ.ਸੀ. ਮੋਰਚਾ ਪ੍ਰਧਾਨ ਵਿਕਰਮ ਵਿੱਕੀ ਤੇ ਭਾਜਪਾ ਵਰਕਰਾਂ ਨੇ ਵੀ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਐੱਸ.ਡੀ.ਐੱਮ.-1 ਜੈ ਇੰਦਰ ਸਿੰਘ, ਤਹਿਸੀਲਦਾਰ ਮਨੋਹਰ ਲਾਲ, ਜੇਈ ਨਰਿੰਦਰ, ਐਕਸੀਅਨ ਤਰਨਜੀਤ ਸਿੰਘ ਅਰੋੜਾ ਪੀ.ਡਬਲਯੂ.ਡੀ. ਤੇ ਸਿਵਲ ਹਵਾਈ ਅੱਡੇ ਦਾ ਸਟਾਫ ਹਾਜ਼ਰ ਸੀ।




# ਅੰਮ੍ਰਿਤਪਾਲ ਸਿੰਘ ਦੇ ਨੇਪਾਲ 'ਚ ਛੁਪੇ ਹੋਣ ਦਾ ਖਦਸ਼ਾ

- ਭਾਰਤ ਨੇ ਨੇਪਾਲ ਸਰਕਾਰ ਨਾਲ ਸਾਂਝੇ ਕੀਤੇ ਵੇਰਵੇ; ਸਰਹੱਦੀ ਇਲਾਕਿਆਂ 'ਚ ਹਾਈ ਅਲਰਟ
- ਤੀਜੇ ਮੁਲਕ 'ਚ ਭੱਜਣ ਤੋਂ ਰੋਕਣ ਦੇ ਉਪਰਾਲੇ ਕਰਨ ਲਈ ਕਿਹਾ

**ਕਾਠਮੰਡੂ, (ਪੰਜਾਬ ਮੇਲ)**- ਭਾਰਤ ਨੇ ਭਗੌੜੇ ਅੰਮ੍ਰਿਤਪਾਲ ਸਿੰਘ ਦੇ ਨੇਪਾਲ 'ਚ ਛੁਪੇ ਹੋਣ ਦਾ ਖ਼ਦਸ਼ਾ ਜਤਾਇਆ ਹੈ। ਨੇਪਾਲ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਅੰਮ੍ਰਿਤਪਾਲ ਸਿੰਘ ਨੂੰ ਕਿਸੇ ਤੀਜੇ ਮੁਲਕ 'ਚ ਭੱਜਣ ਤੋਂ ਰੋਕਣ ਦੇ ਉਪਰਾਲੇ ਕਰੇ। ਮੀਡੀਆ ਰਿਪੋਰਟ ਮੁਤਾਬਕ ਭਾਰਤ ਨੇ ਨੇਪਾਲ ਨੂੰ ਕਿਹਾ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਭਾਰਤੀ ਪਾਸਪੋਰਟ ਜਾਂ ਹੋਰ ਕੋਈ ਫ਼ਰਜ਼ੀ ਪਾਸਪੋਰਟ 'ਤੇ ਮੁਲਕ ਤੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। 'ਕਾਠਮੰਡੂ ਪੋਸਟ' ਅਖ਼ਬਾਰ ਦੀ ਰਿਪੋਰਟ ਮੁਤਾਬਕ ਕੌਂਸਲਰ ਸੇਵਾਵਾਂ ਵਿਭਾਗ ਨੂੰ ਸ਼ਨਿੱਚਰਵਾਰ ਨੂੰ ਭੇਜੇ ਪੱਤਰ 'ਚ ਕਾਠਮੰਡੂ 'ਚ ਭਾਰਤੀ ਸਫ਼ਾਰਤਖਾਨੇ ਨੇ ਸਰਕਾਰੀ ਏਜੰਸੀਆਂ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਨੇਪਾਲ ਤੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਪੱਤਰ ਦੇ ਹਵਾਲੇ ਨਾਲ ਅਖ਼ਬਾਰ ਨੇ ਲਿਖਿਆ ਹੈ ਕਿ ਅੰਮ੍ਰਿਤਪਾਲ ਸਿੰਘ ਇਸ ਸਮੇਂ ਨੇਪਾਲ 'ਚ ਛੁਪਿਆ ਹੋਇਆ ਹੈ। ਵੱਖ-ਵੱਖ ਸੂਤਰਾਂ ਦੇ ਹਵਾਲੇ ਨਾਲ ਅਖ਼ਬਾਰ ਨੇ ਕਿਹਾ ਹੈ ਕਿ ਪੱਤਰ ਅਤੇ ਅੰਮ੍ਰਿਤਪਾਲ ਸਿੰਘ ਦੇ ਵੇਰਵੇ ਹੋਟਲਾਂ ਤੋਂ ਲੈ ਕੇ ਏਅਰਲਾਈਨਜ਼ ਸਮੇਤ ਸਾਰੀਆਂ ਸਬੰਧਤ ਏਜੰਸੀਆਂ ਨੂੰ ਭੇਜ ਦਿੱਤੇ ਗਏ ਹਨ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਨੇਪਾਲ-ਭਾਰਤ ਸਰਹੱਦੀ ਇਲਾਕਿਆਂ 'ਚ ਸਾਰੀਆਂ ਸੁਰੱਖਿਆ ਏਜੰਸੀਆਂ ਨੂੰ ਹਾਈ ਅਲਰਟ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਇਕ ਅਖ਼ਬਾਰ ਨੇ ਮੰਤਰਾਲੇ ਦੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਭਾਰਤੀ ਸੁਰੱਖਿਆ ਅਧਿਕਾਰੀਆਂ ਦੀ ਬੇਨਤੀ 'ਤੇ ਇਹ ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਨੇਪਾਲ-ਭਾਰਤ ਸਰਹੱਦੀ ਇਲਾਕੇ 'ਚ ਦੋ ਦਿਨਾਂ ਲਈ ਹਾਈ ਅਲਰਟ ਰੱਖਿਆ ਗਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸਰਹੱਦੀ ਇਲਾਕੇ 'ਚ ਪੁਲਿਸ ਸਾਦੀ ਵਰਦੀ 'ਚ ਚੌਕਸੀ ਰੱਖ ਰਹੀ ਹੈ ਕਿਉਂਕਿ ਅੰਮ੍ਰਿਤਪਾਲ ਸਿੰਘ ਪੱਛਮੀ ਨੇਪਾਲ 'ਚ ਕਪਿਲਵਸਤੂ ਰਸਤਿਉਂ ਦੇਸ਼ ਅੰਦਰ ਦਾਖ਼ਲ ਹੋ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਕੋਲ ਵੱਖ-ਵੱਖ ਭੇਸ ਵਾਲੇ ਕਈ ਪਾਸਪੋਰਟ ਹਨ ਅਤੇ ਉਹ 18 ਮਾਰਚ ਤੋਂ ਪੰਜਾਬ 'ਚੋਂ ਫਰਾਰ ਹੈ।



ਅੰਮ੍ਰਿਤਪਾਲ ਸਿੰਘ ਦੇ ਅੰਗ-ਰੱਖਿਅਕ ਵਰਿੰਦਰ ਸਿੰਘ ਜੌਹਲ (ਇਨਸੈੱਟ) ਨੂੰ ਡਿਬਰੂਗੜ੍ਹ ਜੇਲ੍ਹ 'ਚ ਲਿਜਾਂਦੇ ਹੋਏ ਪੁਲਿਸ ਅਧਿਕਾਰੀ।

### ਐੱਨ.ਐੱਸ.ਏ. ਲਗਾ ਕੇ ਵਰਿੰਦਰ ਸਿੰਘ ਜੌਹਲ ਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ

**ਅੰਮ੍ਰਿਤਸਰ, (ਪੰਜਾਬ ਮੇਲ)**- ਪੁਲਿਸ ਨੇ ਖਾਲਿਸਤਾਨੀ ਆਗੂ ਅੰਮ੍ਰਿਤਪਾਲ ਸਿੰਘ ਦੇ ਇੱਕ ਕਰੀਬੀ ਸਾਥੀ ਵਰਿੰਦਰ ਸਿੰਘ ਜੌਹਲ ਉਰਫ਼ ਫੌਜੀ ਨੂੰ ਗ੍ਰਿਫ਼ਤਾਰ ਕਰਕੇ ਉਸ 'ਤੇ ਰਾਸ਼ਟਰੀ ਸੁਰੱਖਿਆ ਐਕਟ (ਐੱਨ.ਐੱਸ.ਏ.) ਲਗਾ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਹੈ। ਉਹ ਸਾਬਕਾ ਫੌਜੀ ਹੈ ਅਤੇ ਅੰਮ੍ਰਿਤਪਾਲ ਸਿੰਘ ਦੇ ਅੰਗ ਰੱਖਿਅਕ ਵਜੋਂ ਕੰਮ ਕਰ ਰਿਹਾ ਸੀ। ਵੇਰਵਿਆਂ ਮੁਤਾਬਕ ਫੌਜੀ ਉਨ੍ਹਾਂ 10 ਹਥਿਆਰਬੰਦ ਅੰਗ-ਰੱਖਿਅਕਾਂ ਦੀ ਟੀਮ ਦਾ ਹਿੱਸਾ ਸੀ, ਜੋ ਹਰ ਵੇਲੇ ਅੰਮ੍ਰਿਤਪਾਲ ਦੇ ਨਾਲ ਰਹਿੰਦੇ ਸਨ। ਪੁਲਿਸ ਦੇ ਇਕ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਜੌਹਲ ਸੱਤਵਾਂ ਵਿਅਕਤੀ ਹੈ, ਜਿਸ ਖ਼ਿਲਾਫ਼ ਐੱਨ.ਐੱਸ.ਏ. ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ ਗਿਆ ਹੈ। ਜੌਹਲ 19 ਸਿੱਖ ਰੈਜਮੈਂਟ ਦਾ ਸੇਵਾਮੁਕਤ ਸਿਪਾਹੀ ਹੈ।

# ਪੀ.ਐੱਸ.ਯੂ. ਦੇ ਆਗੂਆਂ ਨੇ ਭਗਵੰਤ ਮਾਨ ਦੀ ਤਸਵੀਰ 'ਤੇ ਕਾਲਖ ਮਲੀ

- ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾਉਣ ਖ਼ਿਲਾਫ ਪ੍ਰਦਰਸ਼ਨ

**ਬੰਗਾ, (ਪੰਜਾਬ ਮੇਲ)**-ਪੰਜਾਬ ਸਟੂਡੈਂਟਸ ਯੂਨੀਅਨ ਨੇ ਖਟਕੜ ਕਲਾਂ 'ਚ ਬਣੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਸਵੀਰ ਲਾਉਣ ਦੇ ਰੋਸ ਵਿਚ ਪ੍ਰਦਰਸ਼ਨ ਕੀਤਾ। ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਦੀਆਂ ਤਸਵੀਰ 'ਤੇ ਕਾਲਖ ਮਲ ਦਿੱਤੀ। ਪੀ.ਐੱਸ.ਯੂ. ਦੇ ਸੂਬਾ ਪ੍ਰੈੱਸ ਸਕੱਤਰ ਮੰਗਲਜੀਤ ਪੰਡੋਰੀ ਤੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਵੋਟਾਂ ਲੈ ਕੇ ਸਰਕਾਰ ਬਣਾਉਣ ਵਾਲੀ 'ਆਪ' ਨੇ ਖਟਕੜ ਕਲਾਂ ਦੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਤੇ ਉਸ ਦੇ ਪਰਿਵਾਰ ਦੀਆਂ ਤਸਵੀਰਾਂ ਹਟਾ ਕੇ ਗ਼ਲਤ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾ ਕੇ ਵੋਟਾਂ ਲਈਆਂ ਤੇ ਦੂਜੇ ਪਾਸੇ ਸ਼ਹੀਦਾਂ ਦੇ ਨਾਂ ਹੀ ਮਿਟਾ ਦਿੱਤੇ ਗਏ। ਉਨ੍ਹਾਂ ਕਿਹਾ ਕਿ ਯੂਨੀਅਨ ਮੰਗ ਕਰਦੀ ਹੈ ਕਿ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਤੇ ਪਰਿਵਾਰ ਦੀਆਂ ਹਟਾਈਆਂ ਤਸਵੀਰਾਂ ਮੁੜ ਲਗਾਈਆਂ ਜਾਣ, ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਫਿਰੋਜ਼ਪੁਰ ਦੇ ਤੂੜੀ ਬਾਜ਼ਾਰ 'ਚ ਗੁਪਤ ਟਿਕਾਣੇ 'ਤੇ ਮਿਊਜ਼ੀਅਮ ਬਣਾਇਆ ਜਾਵੇ।

ਪਿੰਡ ਖਟਕੜ ਕਲਾਂ ਦੇ ਸਿਹਤ ਕੇਂਦਰ ਤੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਹਟਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਫੋਟੋ ਲਾਉਣ ਦੀ ਕਾਂਗਰਸ ਨੇ ਨਿਖੇਧੀ ਕੀਤੀ ਹੈ। ਇਸ ਸਬੰਧੀ ਕਾਂਗਰਸ ਦੇ ਸੂਬਾ ਕਮੇਟੀ ਮੈਂਬਰ ਸਤਵੀਰ ਸਿੰਘ ਪੱਲੀ ਝਿੱਕੀ ਦੀ ਅਗਵਾਈ ਵਿਚ ਪਾਰਟੀ ਵਰਕਰਾਂ ਵੱਲੋਂ ਇਕੱਠ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਟੇਜਾਂ ਤੋਂ ਹੀ ਸ਼ਹੀਦਾਂ ਦੇ ਨਾਂ 'ਤੇ ਸਿਆਸੀ ਰੋਟੀਆਂ ਸੇਕਣ ਤੱਕ ਸੀਮਤ ਹੈ, ਜਦਕਿ ਹਕੀਕਤ ਕੁਝ ਹੋਰ ਹੈ।



ਖਟਕੜ ਕਲਾਂ ਵਿਚ ਭਗਵੰਤ ਮਾਨ ਦੀ ਤਸਵੀਰ 'ਤੇ ਮਲੀ ਹੋਈ ਕਾਲਖ।

# ਅਮਨ-ਕਾਨੂੰਨ 'ਚ ਵਿਘਨ ਪਾਉਣ ਦੇ ਖਦਸ਼ੇ ਤਹਿਤ ਗ੍ਰਿਫ਼ਤਾਰ ਕੀਤੇ 353 ਵਿਅਕਤੀਆਂ 'ਚੋਂ 197 ਰਿਹਾਅ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਪੁਲਿਸ ਵੱਲੋਂ 18 ਮਾਰਚ, 2023 ਤੋਂ ਅਮਨ-ਕਾਨੂੰਨ ਦੀ ਉਲੰਘਣਾ ਅਤੇ ਅਮਨ-ਕਾਨੂੰਨ ਵਿਚ ਵਿਘਨ ਪਾਉਣ ਦੇ ਖਦਸ਼ੇ ਤਹਿਤ ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਕੇਸਾਂ ਦੀ ਜਾਂਚ ਅਤੇ ਨਿਰਦੋਸ਼ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਰਿਹਾਅ ਕਰਨ ਦੀ ਮੁਹਿੰਮ ਜਾਰੀ ਹੈ। ਇਸ ਮੁਹਿੰਮ ਤਹਿਤ ਪੁਲਿਸ ਵੱਲੋਂ ਰੋਕਥਾਮ ਦੀਆਂ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤੇ ਗਏ ਕੁੱਲ 353 ਵਿਅਕਤੀਆਂ ਵਿਚੋਂ 197 ਵਿਅਕਤੀਆਂ ਨੂੰ ਹੁਣ ਤੱਕ ਰਿਹਾਅ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਪੰਜਾਬ ਪੁਲਿਸ ਵੱਲੋਂ ਅਮਨ-ਸ਼ਾਂਤੀ ਭੰਗ ਕਰਨ ਦੇ ਖ਼ਦਸ਼ੇ ਤਹਿਤ ਜਾਂ ਗੰਭੀਰ ਅਪਰਾਧਿਕ ਗਤੀਵਿਧੀਆਂ 'ਚ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੇ ਕੇਸਾਂ ਦੀ ਜਾਂਚ ਦੌਰਾਨ ਸਕਾਰਾਤਮਕ ਪਹੁੰਚ ਅਪਣਾਈ ਜਾਵੇ। ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਸੂਬੇ ਦੇ ਸਾਰੇ ਐੱਸ.ਐੱਸ.ਪੀਜ਼ ਅਤੇ ਸੀ.ਪੀਜ਼ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਕਿਸੇ ਵੀ ਬੇਕਸੂਰ ਵਿਅਕਤੀ ਨੂੰ ਤੰਗ-ਪ੍ਰੇਸ਼ਾਨ ਜਾਂ ਗ੍ਰਿਫ਼ਤਾਰ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਤਫ਼ਤੀਸ਼ ਕਰ ਰਹੇ ਅਫ਼ਸਰ ਅਤੇ ਉਨ੍ਹਾਂ ਦੇ ਨਿਗਰਾਨ ਅਫ਼ਸਰ ਪਹਿਲਾਂ ਉਪਲਬਧ ਸਬੂਤਾਂ ਦੀ ਜਾਂਚ ਕਰਨ ਅਤੇ ਠੋਸ ਅਪਰਾਧਾਂ ਵਿਚ ਜਾਂ ਹੋਰ ਕਿਸ ਵੀ ਤਰ੍ਹਾਂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਆਪਣੇ ਪੱਧਰ 'ਤੇ ਢੁੱਕਵੀਂ ਜਾਂਚ ਕਰ ਲੈਣ। ਡੀ.ਜੀ.ਪੀ. ਨੇ ਅੱਗੇ ਕਿਹਾ ਕਿ ਰੋਕਥਾਮ ਦੀਆਂ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤੇ ਗਏ 353 ਵਿਅਕਤੀਆਂ ਤੋਂ ਇਲਾਵਾ 40 ਵਿਅਕਤੀਆਂ ਨੂੰ ਠੋਸ ਅਪਰਾਧਿਕ ਗਤੀਵਿਧੀਆਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ 7 ਵਿਅਕਤੀਆਂ ਨੂੰ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਹਿਰਾਸਤ ਵਿਚ ਲਿਆ ਗਿਆ ਹੈ।


USA Immigration Consultant

ਕਿਸੇ ਵੀ ਤਰ੍ਹਾਂ ਦੇ ਇਮੀਗ੍ਰੇਸ਼ਨ ਸੰਬੰਧੀ ਫਾਰਮ ਭਰਵਾਉਣ ਲਈ ਮਿਲੋ।

We can also help you go get citizenship if you can't speaks English due to medical reason only .

ਜੇ ਤੁਹਾਨੂੰ ਇੰਗਲਿਸ਼ ਨਹੀਂ ਆਉਂਦੀ, ਅਸੀਂ ਤੁਹਾਨੂੰ ਸਿਟੀਜਨਸ਼ਿਪ ਦੁਆ ਸਕਦੇ ਹਾਂ।

• CITIZENSHIP • GREEN CARD • VISA



Designed By Punjab Mail USA

Call for All Kinds of Immigration Services In USA



MALIK AWAN
J.D. (CEO)

916-849-2926

malik@averwood.us
www.averwood.us

1851 Heritage Ln. Suite #129 Sacramento, CA 95815 USA

# ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਿਜ਼ ਸੁਸਾਇਟੀ ਦੇ ਪ੍ਰਬੰਧਕੀ ਬੋਰਡ ਦੀ ਚੋਣ

**■ ਰਿਵਰਸਾਈਡ ਫਿਊਨਰਲ ਹੋਮ ਵਿਕਣ ਵਾਲੀਆਂ ਅਫਵਾਹਾਂ 'ਚ ਕੋਈ ਸੱਚਾਈ ਨਹੀਂ : ਸੁਰਿੰਦਰ ਸਿੰਘ ਜੱਬਲ**




**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਅਤੇ ਫਾਈਵ ਰਿਵਰਜ਼ ਮੈਨੇਜਮੈਂਟ ਦੇ ਪ੍ਰਬੰਧਕੀ ਬੋਰਡ ਦੀ ਚੋਣ 26 ਮਾਰਚ 2023 ਨੂੰ ਹੋਈ, ਜਿਸ ਵਿਚ ਸਾਰੇ ਡਾਇਰੈਕਟਰ ਸਰਬਸੰਮਤੀ ਨਾਲ ਚੁਣੇ ਗਏ ਅਤੇ ਇਹ ਨਵੇਂ ਚੁਣੇ ਗਏ ਬੋਰਡ ਮੈਂਬਰਜ ਪਹਿਲੀ ਅਪ੍ਰੈਲ ਤੋਂ ਚਾਰਜ ਸੰਭਾਲ ਲੈਣਗੇ।

ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਿਜ਼ ਸੁਸਾਇਟੀ ਦੇ ਨਵੇਂ ਚੁਣੇ ਗਏ ਅਹੁਦੇਦਾਰ 'ਚ ਪ੍ਰਧਾਨ ਲੈਂਬਰ ਰਾਓ, ਸੀਨੀਅਰ ਮੀਤ ਪ੍ਰਧਾਨ ਸੁਖਵੰਤ ਸਿੰਘ ਤੱਖਰ, ਮੀਤ ਪ੍ਰਧਾਨ ਡਾ. ਪ੍ਰੀਤੀ ਮਿਸਰਾ ਅਤੇ ਜਨਰਲ ਸਕੱਤਰ ਜੁਗਿੰਦਰ ਸਿੰਘ ਸੁੰਨੜ ਸ਼ਾਮਲ ਹਨ।

ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਦੱਸਿਆ ਹੈ ਕਿ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਿਜ਼ ਸੁਸਾਇਟੀ ਵਿਚ ਇਸ ਸਮੇਂ ਵੈਨਕੂਵਰ ਇਲਾਕੇ ਦੀਆਂ 12 ਧਾਰਮਿਕ ਸੁਸਾਇਟੀਆਂ ਅਤੇ ਸਹਿਯੋਗੀਆਂ ਸਣੇ ਕੁੱਲ ਮਿਲਾ ਕੇ 57 ਡੈਲੀਗੇਟ ਹਨ। ਆਰੰਭ ਵਿਚ ਇਸ ਸੰਸਥਾ ਦਾ ਮੁੱਖ ਮੰਤਵ ਆਪਣੀ ਕਮਿਊਨਿਟੀ ਵੱਲੋਂ ਆਪਣਾ ਫਿਊਨਰਲ ਹੋਮ (ਸਸਕਾਰ ਘਰ) ਬਣਾਉਣਾ ਤੇ ਚਲਾਉਣਾ ਸੀ, ਜੋ ਜੂਨ 2002 ਤੋਂ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਚ 7410 ਹੌਪਕੋਟ ਸਟਰੀਟ 'ਤੇ ਚੱਲ ਰਿਹਾ ਹੈ, ਜਿਥੇ ਕਿ ਆਪਣੇ ਸਨੇਹੀਆਂ ਦਾ ਅੰਤਮ ਸੰਸਕਾਰ ਆਪਣੀਆਂ ਧਾਰਮਿਕ ਰਹੁ-ਰੀਤਾਂ ਨਾਲ ਸੰਭਾਵੀ ਝੱਲਣਯੋਗ ਖਰਚੇ ਨਾਲ ਹੋ ਜਾਂਦਾ ਹੈ।

ਸ. ਜੱਬਲ ਨੇ ਕਿਹਾ ਹੈ ਕਿ ਪਿਛਲੇ ਸਮੇਂ ਵਿਚ ਕਈ ਅਫਵਾਹਾਂ ਸੁਨਣ ਨੂੰ ਮਿਲੀਆਂ ਕਿ ਰਿਵਰਸਾਈਡ ਫਿਊਨਰਲ ਹੋਮ (ਸਸਕਾਰ ਘਰ) ਵਿਕ ਗਿਆ ਹੈ, ਜਿਨ੍ਹਾਂ ਵਿਚ ਕੋਈ ਸੱਚਾਈ ਨਹੀਂ। ਉਨ੍ਹਾਂ ਯਕੀਨ ਦੁਆਇਆ ਹੈ ਕਿ ਕਮਿਊਨਿਟੀ ਦਾ ਆਪਣਾ ਸਸਕਾਰ-ਘਰ ਮੈਨੇਜਮੈਂਟ ਅਤੇ ਯੋਗ ਲਾਇਸੰਸਸ਼ੁਦਾ ਸਟਾਫ ਵੱਲੋਂ ਨਿਯਮਬੱਧ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ, ਜਿਸ ਵਿਚ ਪਹਿਲ ਦੇ ਆਧਾਰ ਤੇ ਬਿਨਾਂ ਪੱਖਪਾਤ ਤੋਂ ਸਸਕਾਰ ਦਾ ਸਮਾਂ ਤਹਿ ਕੀਤਾ ਜਾਂਦਾ ਹੈ। ਪਰ ਪਿਛਲੇ 20 ਸਾਲਾਂ ਵਿਚ ਆਬਾਦੀ ਵਧਣ ਕਰਕੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਚ ਸਸਕਾਰ ਕਰਨ ਲਈ ਇਕ ਹਫਤੇ ਤੋਂ ਵੱਧ ਸਮਾਂ ਲੱਗਣ ਲੱਗ ਪਿਆ ਹੈ, ਜਿਸ ਕਰਕੇ ਹੋਰ ਪ੍ਰਾਈਵੇਟ ਸਸਕਾਰ ਘਰ ਮਜਬੂਰਨ ਲੱਭਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਸ਼ਕਿਲ ਨੂੰ ਹੱਲ ਕਰਨ ਲਈ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਿਜ਼ ਸੁਸਾਇਟੀ ਨੇ ਸਰੀ ਵਿਚ 168 ਸਟਰੀਟ ਤੇ 9280-9350 ਬਲਾਕ ਵਿਚ ਇਕ ਹੋਰ ਰਿਵਰਸਾਈਡ ਫਿਊਨਰਲ ਹੋਮ ਸਰੀ ਬਨਾਉਣ ਦਾ ਪ੍ਰੋਗਰਾਮ ਉਲੀਕਿਆ ਹੈ, ਜੋ ਕਿ ਆਉਂਦੇ ਸਾਲਾਂ ਵਿਚ ਹੋਂਦ ਵਿਚ ਆ ਜਾਵੇਗਾ। ਇਸ ਸੰਬੰਧੀ ਪਿਛਲੇ ਸਾਲ ਤੋਂ ਆਰਕੀਟੈਕਟ ਅਤੇ ਇੰਜੀਨੀਅਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਿਜ਼ ਸੁਸਾਇਟੀ ਦੂਸਰਾ ਸਸਕਾਰ-ਘਰ (ਰਿਵਰਸਾਈਡ ਫਿਊਨਰਲ ਹੋਮ) ਸਰੀ ਵਿਚ ਬਨਾਉਣ ਲਈ ਪੂਰੀ ਤਨਦੇਹੀ ਨਾਲ ਵਚਨਵੱਧ ਹੈ।

# ਕੈਨੇਡਾ ਪੁਲਿਸ ਵੱਲੋਂ ਦੋ ਪੰਜਾਬੀ ਨੌਜਵਾਨਾਂ ਖ਼ਿਲਾਫ਼ ਵਾਰੰਟ ਜਾਰੀ



**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵਿਖੇ ਯੌਰਕ ਰੀਜਨਲ ਪੁਲਿਸ ਨੇ ਐਲਨਾਜ਼ ਹਜਤਾਮੀਰੀ 'ਤੇ ਹਮਲੇ ਦੇ ਸਬੰਧ ਵਿਚ ਦੋ ਵਿਅਕਤੀਆਂ ਲਈ ਕੈਨੇਡਾ-ਵਾਈਡ ਵਾਰੰਟ ਜਾਰੀ ਕੀਤਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਜਸਪ੍ਰੀਤ ਸਿੰਘ ਅਤੇ ਮਿਸੀਸਾਗਾ ਦੇ ਸੁਖਪ੍ਰੀਤ ਸਿੰਘ ਦੋਵਾਂ 'ਤੇ ਇੱਕ ਭੂਮੀਗਤ ਪਾਰਕਿੰਗ ਗੈਰੇਜ ਵਿਚ ਪਿਛਲੇ ਸਾਲ 20 ਦਸੰਬਰ, 2021 ਨੂੰ ਹੋਏ ਗੰਭੀਰ ਹਮਲੇ ਅਤੇ ਇੱਕ ਅਪਰਾਧ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ। ਪੁਲਿਸ ਮੁਤਾਬਕ ਹਜਤਾਮੀਰੀ ਇਕ ਸਾਲ ਦੇ ਵੀ ਵੱਧ ਸਮੇਂ ਤੋਂ ਲਾਪਤਾ ਹੈ ਅਤੇ ਹਮਲੇ ਮਗਰੋਂ ਉਸ ਨੂੰ ਜਨਵਰੀ 2022 ਵਿਚ ਉਸ ਦੇ ਘਰੋਂ ਅਗਵਾ ਕਰ ਲਿਆ ਗਿਆ ਸੀ।

ਇੱਕ ਨਿਊਜ਼ ਕਾਨਫਰੰਸ ਵਿਚ ਯਾਰਕ ਪੁਲਿਸ ਡਿਟੈਕਟਿਵ ਸਾਰਜੈਂਟ ਜੇਸਨ ਡਿਨਸਮੋਰ ਨੇ ਕਿਹਾ ਕਿ ਮੰਨਿਆ ਜਾਂਦਾ ਹੈ ਕਿ ਕੈਨੇਡਾ-ਵਿਆਪੀ ਵਾਰੰਟ 'ਤੇ ਲੋੜੀਂਦੇ ਦੋ ਵਿਅਕਤੀ ਅਜੇ ਵੀ ਦੇਸ਼ ਵਿਚ ਹਨ ਅਤੇ ਪੁਲਿਸ ਨੂੰ ਉਮੀਦ ਹੈ ਕਿ ਜਨਤਾ ਉਨ੍ਹਾਂ ਬਾਰੇ ਜਾਣਕਾਰੀ ਦੇਣ ਵਿਚ ਮਦਦ ਕਰ ਸਕਦੀ ਹੈ। ਪੁਲਿਸ ਮੁਤਾਬਕ ਹਜਤਾਮੀਰੀ ਨੂੰ ਰਿਚਮੰਡ ਹਿੱਲ 'ਚ ਯੋਂਗ ਸਟ੍ਰੀਟ ਅਤੇ ਬੈਂਟਰੀ ਐਵੇਨਿਊ ਨੇੜੇ ਪਾਰਕਿੰਗ ਗੈਰੇਜ 'ਚ ਫ੍ਰਾਇੰਗ ਪੈਨ ਨਾਲ ਮਾਰਿਆ ਗਿਆ ਸੀ। ਹਮਲਾ ਇੱਕ ਸਬੰਧਤ ਨਾਗਰਿਕ ਦੁਆਰਾ ਰੋਕਿਆ ਗਿਆ, ਜਿਸ ਨੂੰ ਗੈਰ-ਜਾਨਲੇਵਾ ਸੱਟਾਂ ਲੱਗੀਆਂ ਸਨ। ਅਗਲੇ ਮਹੀਨੇ ਜਨਵਰੀ 2022 ਵਿਚ ਹਜਤਾਮੀਰੀ ਨੂੰ ਪੁਲਿਸ ਦੇ ਕੱਪੜੇ ਪਹਿਨੇ ਤਿੰਨ ਸ਼ੱਕੀ ਵਿਅਕਤੀਆਂ ਦੁਆਰਾ ਵਾਸਾਗਾ ਬੀਚ ਦੇ ਇੱਕ ਘਰ ਤੋਂ ਅਗਵਾ ਕਰ ਲਿਆ ਗਿਆ ਸੀ। ਉਦੋਂ ਤੋਂ ਉਸ ਨੂੰ ਦੇਖਿਆ ਨਹੀਂ ਗਿਆ ਹੈ।

ਡਿਨਸਮੋਰ ਨੇ ਕਿਹਾ ਕਿ ਉੱਥੇ ਹੋਰ ਲੋਕ ਵੀ ਹੋ ਸਕਦੇ ਹਨ, ਜੋ ਦਸੰਬਰ ਦੇ ਹਮਲੇ ਵਿਚ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਪੁਲਿਸ ਇਸ ਬਾਰੇ ਕੋਈ ਟਿੱਪਣੀ ਨਹੀਂ ਕਰ ਸਕਦੀ ਕਿ ਸ਼ੱਕੀ ਇਕ ਦੂਜੇ ਨੂੰ ਕਿਵੇਂ ਜਾਣਦੇ ਸਨ। ਡਿਨਸਮੋਰ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਹਜਤਾਮੀਰੀ ਦੇ ਅਗਵਾ ਬਾਰੇ ਕਿਸੇ ਵੀ ਜਾਣਕਾਰੀ ਲਈ 100,000 ਡਾਲਰ ਦਾ ਇਨਾਮ ਲੋਕਾਂ ਨੂੰ ਅੱਗੇ ਆਉਣ ਲਈ ਉਤਸ਼ਾਹਿਤ ਕਰੇਗਾ। 7 ਮਾਰਚ ਨੂੰ ਪੁਲਸ ਨੇ ਦਸੰਬਰ 2021 ਦੇ ਹਮਲੇ ਦੇ ਸਬੰਧ ਵਿਚ ਇੱਕ ਪੰਜਵੇਂ ਸ਼ੱਕੀ ਨੂੰ ਗੰਭੀਰ ਹਮਲੇ ਅਤੇ ਇੱਕ ਅਯੋਗ ਅਪਰਾਧ ਕਰਨ ਦੀ ਸਾਜ਼ਿਸ਼ ਲਈ ਗ੍ਰਿਫ਼ਤਾਰ ਕੀਤਾ ਸੀ।

# 2022 'ਚ ਕੈਨੇਡਾ ਦੀ ਆਬਾਦੀ 'ਚ ਹੋਇਆ ਰਿਕਾਰਡ ਵਾਧਾ, ਪ੍ਰਵਾਸੀਆਂ ਦੀ ਗਿਣਤੀ ਵੀ ਵਧੀ

**ਓਟਵਾ, (ਪੰਜਾਬ ਮੇਲ)-** ਸਾਲ 2022 'ਚ ਕੈਨੇਡਾ ਦੀ ਆਬਾਦੀ 'ਚ ਰਿਕਾਰਡ ਵਾਧਾ ਦਰਜ ਕੀਤਾ ਗਿਆ। ਜਿੱਥੇ ਆਬਾਦੀ ਵਿਚ 10 ਲੱਖ ਤੋਂ ਵੱਧ ਲੋਕਾਂ ਦਾ ਵਾਧਾ ਹੋਇਆ, ਉੱਥੇ 1957 ਤੋਂ ਬਾਅਦ ਸਭ ਤੋਂ ਵੱਧ 2.7 ਪ੍ਰਤੀਸ਼ਤ ਦੀ ਸਾਲਾਨਾ ਆਬਾਦੀ ਵਾਧਾ ਦਰ ਰਹੀ ਹੈ। ਸਟੈਟਿਸਟਿਕਸ ਕੈਨੇਡਾ ਨੇ ਇਹ ਜਾਣਕਾਰੀ ਦਿੱਤੀ। ਰਾਸ਼ਟਰੀ ਅੰਕੜਾ ਏਜੰਸੀ ਨੇ ਦੱਸਿਆ ਕਿ 1 ਜਨਵਰੀ, 2022 ਤੋਂ 1 ਜਨਵਰੀ, 2023 ਤੱਕ 1,050,110 ਲੋਕਾਂ ਦੀ ਆਬਾਦੀ ਦੇ ਰਿਕਾਰਡ ਵਾਧੇ ਤੋਂ ਬਾਅਦ 1 ਜਨਵਰੀ, 2023 ਨੂੰ ਕੈਨੇਡਾ ਦੀ ਆਬਾਦੀ 39,566,248 ਹੋਣ ਦਾ ਅਨੁਮਾਨ ਲਗਾਇਆ ਗਿਆ ਸੀ। ਇਸ ਵਿਚ ਇਹ ਵੀ ਜੋੜਿਆ ਗਿਆ ਕਿ ਅੰਤਰਰਾਸ਼ਟਰੀ ਪ੍ਰਵਾਸ ਦਰਜ ਕੀਤੇ ਲਗਭਗ ਸਾਰੇ ਵਾਧੇ ਜਾਂ 95.9 ਪ੍ਰਤੀਸ਼ਤ ਲਈ ਜ਼ਿੰਮੇਵਾਰ ਹੈ। ਏਜੰਸੀ ਦੇ ਅਨੁਸਾਰ ਕੈਨੇਡਾ 2022 'ਚ ਆਬਾਦੀ ਵਾਧੇ ਲਈ ਜੀ-7 ਦੇਸ਼ਾਂ ਵਿਚ ਸਭ ਤੋਂ ਅੱਗੇ ਹੈ। ਇਸ ਤੋਂ ਇਲਾਵਾ ਕੈਨੇਡਾ ਦੀ ਜਨਸੰਖਿਆ ਵਾਧਾ ਦਰ ਇਸ ਨੂੰ ਦੁਨੀਆਂ ਦੇ ਸਿਖਰਲੇ 20 ਵਿਚ ਪਾ ਦੇਵੇਗੀ। ਸਮਾਚਾਰ ਏਜੰਸੀ ਸ਼ਿਨਹੂਆ ਨੇ ਰਿਪੋਰਟ ਦਿੱਤੀ ਕਿ ਲਗਭਗ ਸਾਰੇ ਦੇਸ਼ ਜਿਨ੍ਹਾਂ ਦੀ ਆਬਾਦੀ ਵਧਣ ਦੀ ਰਫ਼ਤਾਰ ਵੱਧ ਹੈ, ਉਹ ਅਫਰੀਕਾ ਵਿਚ ਹਨ। ਏਜੰਸੀ ਨੇ ਦੱਸਿਆ ਕਿ ਜੇਕਰ ਇਹ ਵਾਧਾ ਆਉਣ ਵਾਲੇ ਸਾਲਾਂ ਵਿਚ ਸਥਿਰ ਰਿਹਾ, ਤਾਂ ਆਬਾਦੀ ਵਾਧੇ ਦੀ ਅਜਿਹੀ ਦਰ ਨਾਲ ਕੈਨੇਡਾ ਦੀ ਆਬਾਦੀ ਲਗਭਗ 26 ਸਾਲਾਂ ਵਿਚ ਦੁੱਗਣੀ ਹੋ ਜਾਵੇਗੀ।



# ਦੁਨੀਆਂ ਦੀ 26 ਫੀਸਦੀ ਆਬਾਦੀ ਪੀਣਯੋਗ ਸਾਫ਼ ਪਾਣੀ ਨੂੰ ਤਰਸੀ



**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ’ਚ ਖੁਲਾਸਾ ਕੀਤਾ ਗਿਆ ਹੈ ਕਿ ਦੁਨੀਆਂ ਦੀ 26 ਫੀਸਦੀ ਆਬਾਦੀ ਕੋਲ ਪੀਣਯੋਗ ਸਾਫ਼ ਪਾਣੀ ਨਹੀਂ ਹੈ, ਜਦੋਂਕਿ 46 ਫੀਸਦੀ ਲੋਕ ਬੁਨਿਆਦੀ ਸਫ਼ਾਈ ਸਹੂਲਤਾਂ ਤੋਂ ਵਾਂਝੇ ਹਨ। ਇਹ ਰਿਪੋਰਟ ਸੰਯੁਕਤ ਰਾਸ਼ਟਰ ਦੀ 45 ਸਾਲਾਂ ਤੋਂ ਵੱਧ ਸਮੇਂ ਮਗਰੋਂ ਪਾਣੀ ਬਾਰੇ ਹੋਣ ਵਾਲੀ ਪਹਿਲੀ ਵੱਡੀ ਕਾਨਫਰੰਸ ਦੀ ਪੂਰਬ ਸੰਧਿਆ ’ਤੇ ਜਾਰੀ ਕੀਤੀ ਗਈ ਹੈ। ਸੰਯੁਕਤ ਰਾਸ਼ਟਰ ਵਿਸ਼ਵ ਜਲ ਵਿਕਾਸ ਰਿਪੋਰਟ-2023 ਵਿਚ ਸਾਲ 2030 ਤੱਕ ਸਾਰੇ ਲੋਕਾਂ ਦੀ ਸਾਫ਼ ਪਾਣੀ ਅਤੇ ਸਵੱਛਤਾ ਤੱਕ ਪਹੁੰਚ ਯਕੀਨੀ ਬਣਾਉਣ ਦੇ ਯੂ.ਐੱਨ. ਦੇ ਟੀਚਿਆਂ ਨੂੰ ਹਾਸਲ ਕਰਨ ਲਈ ਚੁੱਕੇ ਜਾਣ ਵਾਲੇ ਜ਼ਰੂਰੀ ਕਦਮਾਂ ਬਾਰੇ ਵੀ ਸਪੱਸ਼ਟ ਤਸਵੀਰ ਪੇਸ਼ ਕੀਤੀ ਗਈ ਹੈ। ਰਿਪੋਰਟ ਦੇ ਐਡੀਟਰ-ਇਨ-ਚੀਫ ਰਿਚਰਡ ਕੌਨਰ ਨੇ ਨਿਊਜ਼ ਕਾਨਫਰੰਸ ਦੌਰਾਨ ਕਿਹਾ ਕਿ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਦਾ ਪ੍ਰਤੀ ਸਾਲ 600 ਅਰਬ ਅਮਰੀਕੀ ਡਾਲਰ ਤੋਂ ਇਕ ਖਰਬ ਅਮਰੀਕੀ ਡਾਲਰ ਤੱਕ ਦਾ ਖ਼ਰਚਾ ਹੈ।

ਕੌਨਰ ਨੇ ਕਿਹਾ ਕਿ ਇਸ ਸਬੰਧੀ ਸਭ ਤੋਂ ਅਹਿਮ ਨਿਵੇਸ਼ਕਾਂ, ਫਾਇਨਾਂਸਰਾਂ, ਸਰਕਾਰਾਂ ਅਤੇ ਜਲਵਾਯੂ ਤਬਦੀਲੀ ਇਕਾਈਆਂ ਨਾਲ ਭਾਈਵਾਲੀ ਕਾਇਮ ਕਰਨਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੈਸਾ ਵਾਤਾਵਰਨ ਨੂੰ ਕਾਇਮ ਰੱਖਣ ਦੇ ਢੰਗ-ਤਰੀਕਿਆਂ ਵਿਚ ਲਗਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੋ ਅਰਬ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ, ਜਿਨ੍ਹਾਂ ਕੋਲ ਪੀਣਯੋਗ ਸਾਫ਼ ਪਾਣੀ ਨਹੀਂ ਹੈ।

# ਭਾਰਤ ’ਚ ਸ਼ੁਰੂ ਹੋਈ 6-ਜੀ ਦੀ ਤਿਆਰੀ!



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਦੁਨੀਆਂ ’ਚ ਟੈਲੀਕਾਮ ਟੈਕਨਾਲੋਜੀ ਦਾ ਵੱਡਾ ਐਕਸਪੋਰਟਰ ਹੋਣ ਦੀ ਦਿਸ਼ਾ ਵਿਚ ਅੱਗੇ ਵਧ ਰਿਹਾ ਹੈ। 5-ਜੀ ਦੀ ਮਦਦ ਨਾਲ ਪੂਰੀ ਦੁਨੀਆਂ ਦਾ ਵਰਕ ਕਲਚਰ ਬਦਲਣ ਲਈ ਭਾਰਤ ਕਈ ਦੇਸ਼ਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। 5-ਜੀ ਦੇ ਸ਼ੁਰੂ ਹੋਣ ਦੇ 6 ਮਹੀਨੇ ਵਿਚ ਹੀ ਅਸੀਂ 6-ਜੀ ਟੈਕਨਾਲੋਜੀ ਬਾਰੇ ਗੱਲ ਕਰ ਰਹੇ ਹਾਂ। ਇਹ ਭਾਰਤ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਅਸੀਂ ਆਪਣਾ ਵਿਜ਼ਨ ਡਾਕੂਮੈਂਟ ਵੀ ਸਾਹਮਣੇ ਰੱਖਿਆ ਹੈ। ਇਹ ਅਗਲੇ ਕੁਝ ਸਾਲਾਂ ਵਿਚ 6-ਜੀ ਰੋਲਆਊਟ ਕਰਨ ਦਾ ਵੱਡਾ ਆਧਾਰ ਬਣੇਗਾ।

ਇਹ ਗੱਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਚ ਆਯੋਜਿਤ ਭਾਰਤ ਵਿਚ ਇੰਟਰਨੈਸ਼ਨਲ ਟੈਲੀ-ਕਮਿਊਨੀਕੇਸ਼ਨ ਯੂਨੀਅਨ ਦੇ ਨਵੇਂ ਖੇਤਰੀ ਦਫਤਰ ਤੇ ਇਨੋਵੇਸ਼ਨ ਸੈਂਟਰ ਦਾ ਉਦਘਾਟਨ ਕਰਨ ਦੌਰਾਨ ਕਹੀ। ਈਵੈਂਟ ਦੌਰਾਨ 6-ਜੀ ਟੈਸਟਿੰਗ ਨੂੰ ਵੀ ਲਾਂਚ ਕੀਤਾ ਗਿਆ ਹੈ। ਇਸ ਨਾਲ ਹੁਣ ਦੇਸ਼ ਵਿਚ ਜਲਦ ਹੀ 6-ਜੀ ਸਰਵਿਸ ਦੀ ਵੀ ਸ਼ੁਰੂਆਤ ਹੋਵੇਗੀ। ਮੋਦੀ ਨੇ ਕਿਹਾ ਕਿ ਟੈਲੀਕਾਮ ਟੈਕਨੀਕ ਸਿਰਫ ਤਾਕਤ ਦਿਖਾਉਣ ਦਾ ਤਰੀਕਾ ਨਹੀਂ, ਸਗੋਂ ਇਹ ਲੋਕਾਂ ਨੂੰ ਮਜ਼ਬੂਤ ਬਣਾਉਣ ਦਾ ਮਿਸ਼ਨ ਹੈ। ਭਾਰਤ ਵਿਚ 125 ਸ਼ਹਿਰਾਂ ਵਿਚ 5-ਜੀ ਕੁਨੈਕਸ਼ਨ ਸ਼ੁਰੂ ਹੋ ਗਏ ਹਨ। 100 5-ਜੀ ਲੈਬ ਦੇਸ਼ ਭਰ ਵਿਚ ਬਣਾਏ ਜਾਣਗੇ।

# ਨੌਜਵਾਨ ਨੇ ਸ਼ੌਹਰਤ ਲਈ ਬਲਕੌਰ ਤੇ ਸਲਮਾਨ ਨੂੰ ਦਿੱਤੀਆਂ ਸਨ ਧਮਕੀਆਂ



**ਧਾਕੜ ਰਾਮ ਨੂੰ ਬਾਂਕਰਾ ਪੁਲਿਸ ਸਟੇਸ਼ਨ ਲਿਜਾਂਦੇ ਹੋਏ ਪੁਲਿਸ ਮੁਲਾਜ਼ਮ।**

**ਮਾਨਸਾ, (ਪੰਜਾਬ ਮੇਲ)-** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਬੌਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੂੰ ਧਮਕੀਆਂ ਦੇਣ ਵਾਲੇ ਰਾਜਸਥਾਨ ਦੇ ਜ਼ਿਲ੍ਹਾ ਜੋਧਪੁਰ ਪੱਛਮ ਦੇ ਥਾਣਾ ਲੂਨੀ ਦੇ ਧਾਕੜ ਰਾਮ ਸਿਆਗ (21) ਨੂੰ ਮੁੰਬਈ ਅਤੇ ਰਾਜਸਥਾਨ ਪੁਲਿਸ ਨੇ ਸਾਂਝੀ ਕਾਰਵਾਈ ਕਰਕੇ ਕਾਬੂ ਕਰ ਲਿਆ ਹੈ। ਉਸ ਨੂੰ ਅਦਾਲਤ ਨੇ ਸੱਤ ਦਿਨ ਦੀ ਪੁਲਿਸ ਹਿਰਾਸਤ ’ਚ ਭੇਜਿਆ ਹੈ। ਹੁਣ ਮਾਨਸਾ ਪੁਲਿਸ ਉਸ ਨੂੰ ਮਹਾਰਾਸ਼ਟਰ ਪੁਲਿਸ ਤੋਂ ਟਰਾਂਜ਼ਿਟ ਰਿਮਾਂਡ ’ਤੇ ਲੈ ਕੇ ਆਵੇਗੀ। ਪੁਲਿਸ ਮੁਤਾਬਕ ਨੌਜਵਾਨ ਨੇ ਸਿਰਫ਼ ਸ਼ੌਹਰਤ ਹਾਸਲ ਕਰਨ ਲਈ ਇਹ ਧਮਕੀਆਂ ਦਿੱਤੀਆਂ ਸਨ। ਮਾਨਸਾ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬਲਕੌਰ ਸਿੰਘ ਤੇ ਸਲਮਾਨ ਖ਼ਾਨ ਨੂੰ ਧਮਕੀਆਂ ਦੇਣ ਵਾਲੇ ਧਾਕੜ ਰਾਮ ਸਿਆਗ ਦੇ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਕੋਈ ਸਬੰਧ ਸਾਹਮਣੇ ਨਹੀਂ ਆਏ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਨੇ ਇੰਸਟਾਗ੍ਰਾਮ ’ਤੇ ਪ੍ਰਸ਼ੰਸਕਾਂ ਦੀ ਗਿਣਤੀ ਵਧਾਉਣ ਅਤੇ ਪ੍ਰਸਿੱਧ ਹੋਣ ਦੀ ਮਨਸ਼ਾ ਨਾਲ ਇਹ ਧਮਕੀਆਂ ਦਿੱਤੀਆਂ ਸਨ। ਪੁਲਿਸ ਅਨੁਸਾਰ ਧਾਕੜ ਰਾਮ ਸਿਆਗ 12ਵੀਂ ਪਾਸ ਹੈ, ਜੋ ਫਿਲਹਾਲ ਵਿਹਲਾ ਹੈ।

# ਸੁਪਰੀਮ ਕੋਰਟ ਵੱਲੋਂ ਬਿਲਕੀਸ ਬਾਨੋ ਦੀ ਅਰਜ਼ੀ ’ਤੇ ਕੇਂਦਰ ਤੇ ਗੁਜਰਾਤ ਸਰਕਾਰ ਨੂੰ ਨੋਟਿਸ

**■ ਦੋਸ਼ੀਆਂ ਦੀ ਸਜ਼ਾ ਮੁਆਫ਼ੀ ਖ਼ਿਲਾਫ਼ ਕੇਸ ਦੀ ਅਗਲੀ ਸੁਣਵਾਈ 18 ਅਪ੍ਰੈਲ ਨੂੰ**

**ਨਵੀਂ ਦਿੱਲੀ, (ਪੰਜਾਬ ਮੇਲ)-** ਸਮੂਹਿਕ ਜਬਰ-ਜਨਾਹ ਤੇ ਹੱਤਿਆ ਕੇਸ ਵਿਚ ਦੋਸ਼ੀਆਂ ਦੀ ਸਜ਼ਾ ਮੁਆਫ਼ੀ ਵਿਰੁੱਧ ਪੀੜਤਾ ਬਿਲਕੀਸ ਬਾਨੋ ਵੱਲੋਂ ਦਾਇਰ ਅਰਜ਼ੀ ’ਤੇ ਸੁਪਰੀਮ ਕੋਰਟ ਨੇ ਕੇਂਦਰ, ਗੁਜਰਾਤ ਸਰਕਾਰ ਤੇ ਹੋਰਾਂ ਤੋਂ ਜਵਾਬ ਤਲਬ ਕੀਤਾ ਹੈ। ਸੰਨ 2002 ਦੇ ਗੁਜਰਾਤ ਦੰਗਿਆਂ ਤੋਂ ਬਾਅਦ ਇਹ ਜਬਰ-ਜਨਾਹ ਤੇ ਹੱਤਿਆ ਦੀਆਂ ਘਟਨਾਵਾਂ ਵਾਪਰੀਆਂ ਸਨ। ਬਾਨੋ ਨੇ ਅਰਜ਼ੀ ਦਾਇਰ ਕਰ ਕੇ ਇਸ ਮਾਮਲੇ ਵਿਚ ਦੋਸ਼ੀਆਂ ਨੂੰ ਮਿਲੀ ਸਜ਼ਾ ਮੁਆਫ਼ੀ ਨੂੰ ਚੁਣੌਤੀ ਦਿੱਤੀ ਹੈ। ਸੁਪਰੀਮ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ 18 ਅਪ੍ਰੈਲ ਨੂੰ ਰੱਖੀ ਹੈ। ਬੈਂਚ ਨੇ ਕਿਹਾ ਕਿ ਇਸ ਮਾਮਲੇ ਦੁਆਲੇ ਕਈ ਮੁੱਦੇ ਹਨ, ਜਿਨ੍ਹਾਂ ਉਤੇ ਵਿਸਤਾਰ ਨਾਲ ਸੁਣਵਾਈ ਲੋੜੀਂਦੀ ਹੈ। ਇਸ ਤੋਂ ਬਾਅਦ ਅਦਾਲਤ ਨੇ ਕੇਂਦਰ, ਗੁਜਰਾਤ ਸਰਕਾਰ ਤੇ ਦੋਸ਼ੀਆਂ ਨੂੰ ਨੋਟਿਸ ਜਾਰੀ ਕਰ ਦਿੱਤਾ। ਗੁਜਰਾਤ ਸਰਕਾਰ ਨੂੰ ਅਗਲੀ ਸੁਣਵਾਈ ਵੇਲੇ ਸਜ਼ਾ ਮੁਆਫ਼ੀ ਵਾਲੀਆਂ ਫਾਈਲਾਂ ਵੀ ਲਿਆਉਣ ਲਈ ਕਿਹਾ ਗਿਆ ਹੈ। ਅਦਾਲਤ ਨੇ ਸੁਣਵਾਈ ਦੌਰਾਨ ਕਿਹਾ ਕਿ ਉਹ ਇਸ ਮਾਮਲੇ ਨੂੰ ਜਜ਼ਬਾਤੀ ਪੱਖ ਤੋਂ ਨਹੀਂ, ਬਲਕਿ ਕਾਨੂੰਨ ਮੁਤਾਬਕ ਸੁਣਨਗੇ। ਜ਼ਿਕਰਯੋਗ ਹੈ ਕਿ 4 ਜਨਵਰੀ ਨੂੰ ਸੁਪਰੀਮ ਕੋਰਟ ਦੇ ਇਕ ਬੈਂਚ ਨੇ ਬਾਨੋ ਤੇ ਹੋਰਾਂ ਵੱਲੋਂ ਦਾਇਰ ਪਟੀਸ਼ਨ ਨੂੰ ਸਵੀਕਾਰ ਕੀਤਾ ਸੀ। ਹਾਲਾਂਕਿ ਬੈਂਚ ਵਿਚ ਸ਼ਾਮਲ ਜਸਟਿਸ ਬੇਲਾ ਐੱਮ. ਤ੍ਰਿਵੇਦੀ ਬਾਅਦ ਵਿਚ ਬਿਨਾਂ ਕੋਈ ਕਾਰਨ ਦਿੱਤੇ ਸੁਣਵਾਈ ਤੋਂ ਪਾਸੇ ਹੋ ਗਏ ਸਨ। ਬਾਨੋ ਨੇ ਪਿਛਲੇ ਸਾਲ 30 ਨਵੰਬਰ ਨੂੰ ਸੁਪਰੀਮ ਕੋਰਟ ਦਾ ਰੁਖ਼ ਕਰਦਿਆਂ ਉਮਰ ਕੈਦ ਦੀ ਸਜ਼ਾ ਭੁਗਤ ਰਹੇ 11 ਜਣਿਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਚੁਣੌਤੀ ਦਿੱਤੀ ਸੀ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਰਾਜ ਸਰਕਾਰ ਦੇ ਫ਼ੈਸਲੇ ਨੇ ‘ਸਮਾਜ ਦੀ ਜ਼ਮੀਰ ਨੂੰ ਹਲੂਣਾ ਦਿੱਤਾ ਹੈ।’ ਦੋਸ਼ੀਆਂ ਦੀ ਰਿਹਾਈ ਨੂੰ ਚੁਣੌਤੀ ਦੇਣ ਤੋਂ ਇਲਾਵਾ, ਜਬਰ-ਜਨਾਹ ਪੀੜਤਾ ਨੇ ਇਕ ਵੱਖਰੀ ਪਟੀਸ਼ਨ ਵੀ ਦਾਇਰ ਕੀਤੀ ਸੀ, ਜਿਸ ਵਿਚ ਸੁਪਰੀਮ ਕੋਰਟ ਦੇ ਮਈ, 2022 ਦੇ ਫ਼ੈਸਲੇ ਉਤੇ ਮੁੜ ਨਜ਼ਰਸਾਨੀ ਦੀ ਮੰਗ ਕੀਤੀ ਗਈ ਹੈ। ਅਦਾਲਤ ਨੇ ਇਹ ਫ਼ੈਸਲਾ ਇਕ ਦੋਸ਼ੀ ਦੀ ਅਰਜ਼ੀ ਉਤੇ ਸੁਣਾਇਆ ਸੀ। ਮੁੜ ਨਜ਼ਰਸਾਨੀ ਦੀ ਪਟੀਸ਼ਨ ਵੀ ਪਿਛਲੇ ਸਾਲ ਦਸੰਬਰ ਵਿਚ ਖਾਰਜ ਕਰ ਦਿੱਤੀ ਗਈ ਸੀ। ਗੁਜਰਾਤ ਸਰਕਾਰ ਨੇ ਪਿਛਲੇ ਸਾਲ 15 ਅਗਸਤ ਨੂੰ ਸਾਰੇ 11 ਦੋਸ਼ੀਆਂ ਦੀ ਸਜ਼ਾ ਮੁਆਫ਼ ਕਰ ਦਿੱਤੀ ਸੀ।

ਬਿਲਕੀਸ ਬਾਨੋ ਨਾਲ ਜਬਰ-ਜਨਾਹ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੀ ਹੱਤਿਆ ਨੂੰ ‘ਭਿਆਨਕ’ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਨੂੰ ਪੁੱਛਿਆ ਕਿ ਕੀ ਇਸ ਮਾਮਲੇ ਵਿਚ ਦੋਸ਼ੀਆਂ ਦੀ ਸਜ਼ਾ ਮੁਆਫ਼ ਕਰਦਿਆਂ ਉਹੀ ਮਾਪਦੰਡ ਅਪਣਾਏ ਗਏ, ਜੋ ਕਤਲ ਦੇ ਹੋਰਨਾਂ ਕੇਸਾਂ ਵਿਚ ਅਪਣਾਏ ਜਾਂਦੇ ਹਨ। ਅਦਾਲਤ ਨੇ ਗੁਜਰਾਤ ਸਰਕਾਰ ਨੂੰ ਅਗਲੀ ਸੁਣਵਾਈ ਵੇਲੇ ਉਹ ਸਾਰੇ ਢੁਕਵੇਂ ਦਸਤਾਵੇਜ਼ ਨਾਲ ਲਿਆਉਣ ਦਾ ਹੁਕਮ ਦਿੱਤਾ ਹੈ, ਜਿਨ੍ਹਾਂ ਰਾਹੀਂ ਦੋਸ਼ੀਆਂ ਦੀ ਸਜ਼ਾ ਮੁਆਫ਼ ਕੀਤੀ ਗਈ ਸੀ।



# ਪੰਜਾਬ ਵੱਲੋਂ ਹਿਮਾਚਲ ਦੇ ਜਲ ਸੈੱਸ ਖ਼ਿਲਾਫ਼ ਮਤਾ ਪਾਸ

- ਜਲ ਸੈੱਸ ਨੂੰ ਗ਼ੈਰਕਾਨੂੰਨੀ ਕਰਾਰ ਦਿੰਦਿਆਂ ਵਾਪਸ ਲੈਣ ਦੀ ਮੰਗ ਕੀਤੀ; ਕਾਂਗਰਸ ਰਹੀ ਗ਼ੈਰਹਾਜ਼ਰ
- ਗੁਆਂਢੀ ਸੂਬਿਆਂ ਨੂੰ ਲੜਾਉਣ ਦੀਆਂ ਚਾਲਾਂ ਚੱਲ ਰਿਹੈ ਕੇਂਦਰ : ਮੁੱਖ ਮੰਤਰੀ



ਵਿਧਾਨ ਸਭਾ 'ਚ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ।

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਨੇ ਬਜਟ ਸੈਸ਼ਨ ਦੇ ਅਖ਼ੀਰਲੇ ਦਿਨ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਪਣ ਬਿਜਲੀ ਪ੍ਰਾਜੈਕਟਾਂ 'ਤੇ ਜਲ ਸੈੱਸ ਲਾਉਣ ਦੇ ਫ਼ੈਸਲੇ ਖ਼ਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਸਦਨ 'ਚ ਮਤਾ ਪੇਸ਼ ਕਰਨ ਮੌਕੇ ਵਿਰੋਧੀ ਧਿਰ ਕਾਂਗਰਸ ਗ਼ੈਰਹਾਜ਼ਰ ਰਹੀ। ਸਿੰਚਾਈ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸਦਨ ਵਿਚ ਮਤਾ ਪੇਸ਼ ਕੀਤਾ ਜਿਸ ਨੂੰ ਬਹਿਸ ਮਗਰੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਸਦਨ ਨੇ ਇਕ ਸੁਰ 'ਚ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਆਰਡੀਨੈਂਸ ਜਾਰੀ ਕਰਕੇ ਲਾਏ ਜਲ ਸੈੱਸ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਅਤੇ ਇਸ ਨੂੰ ਫੌਰੀ ਵਾਪਸ ਲੈਣ ਦੀ ਅਪੀਲ ਕੀਤੀ। ਸਦਨ ਨੇ ਮਤਾ ਪਾਸ ਕਰ ਕੇ ਕੇਂਦਰ ਨੂੰ ਅਪੀਲ ਕੀਤੀ ਕਿ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਆਰਡੀਨੈਂਸ ਵਾਪਸ ਲੈਣ ਦੇ ਨਿਰਦੇਸ਼ ਦਿੱਤੇ ਜਾਣ। ਚੇਤੇ ਰਹੇ ਕਿ ਹਿਮਾਚਲ ਸਰਕਾਰ ਨੇ 172 ਪਣ ਬਿਜਲੀ ਪ੍ਰਾਜੈਕਟਾਂ 'ਤੇ ਜਲ ਸੈੱਸ ਲਗਾ ਕੇ 4000 ਕਰੋੜ ਰੁਪਏ ਦੀ ਕਮਾਈ ਹੋਣ ਦਾ ਅਨੁਮਾਨ ਲਾਇਆ ਹੈ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਤੋਂ ਇਕ ਦਿਨ ਪਹਿਲਾਂ ਬੁੱਧਵਾਰ ਨੂੰ ਸਦਨ ਵਿਚ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਦੀ ਗੂੰਜ ਪਈ। 'ਆਪ' ਸਰਕਾਰ ਨੇ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ 'ਤੇ ਚਰਚਾ ਕਰ ਕੇ ਜਵਾਨੀ ਨੂੰ ਇਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਪਾਰਟੀ ਦੀ ਵਿਚਾਰਧਾਰਾ ਨੂੰ ਵੀ ਅੱਗੇ ਵਧਾਉਣ ਲਈ ਸਿਆਸੀ ਹੰਭਲਾ ਮਾਰਿਆ।

ਹਿਮਾਚਲ ਸਰਕਾਰ ਵੱਲੋਂ ਲਾਏ ਜਲ ਸੈੱਸ ਦੇ ਮਾਮਲੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸਿੱਧਾ ਨਿਸ਼ਾਨੇ 'ਤੇ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਹਿਮਾਚਲ ਸਰਕਾਰ ਦਾ ਇਹ ਹੱਲਾ ਬਰਦਾਸ਼ਤ ਨਹੀਂ ਕਰਾਂਗੇ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਵਾਲੀ ਸਰਕਾਰ ਦਾ ਇਹ ਕਦਮ ਗ਼ੈਰਕਾਨੂੰਨੀ ਅਤੇ ਤਰਕਹੀਣ ਹੈ। ਦਰਿਆਈ ਪਾਣੀਆਂ 'ਤੇ ਪੰਜਾਬ ਦਾ ਕਾਨੂੰਨੀ ਹੱਕ ਹੈ ਅਤੇ ਕੋਈ ਵੀ ਸੂਬੇ ਦਾ ਇਹ ਹੱਕ ਨਹੀਂ ਖੋਹ ਸਕਦਾ। ਉਨ੍ਹਾਂ ਕਿਹਾ ਕਿ ਆਪਣੀ ਜ਼ਮੀਨ ਰਾਹੀਂ ਵਹਿ ਰਹੇ ਪਾਣੀ ਉੱਤੇ ਪੰਜਾਬ ਇਕ ਦੁਆਨੀ ਵੀ ਨਹੀਂ ਦੇਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਦਾ ਇਹ ਕਦਮ 'ਭਾਰਤ ਜੋੜੋ' ਨਹੀਂ, ਸਗੋਂ 'ਭਾਰਤ ਤੋੜੋ' ਮੁਹਿੰਮ ਤਹਿਤ ਚੁੱਕਿਆ ਗਿਆ ਹੈ। ਕਾਂਗਰਸ ਨੇ ਇਕ ਵਾਰ ਫਿਰ ਪੰਜਾਬ ਖ਼ਿਲਾਫ਼ ਸਾਜ਼ਿਸ਼ ਘੜੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਹਮੇਸ਼ਾ ਸੂਬਿਆਂ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ ਅਤੇ ਕੇਂਦਰ ਸੂਬਿਆਂ ਨੂੰ ਆਪਸ ਲੜਾਉਣ ਦੀਆਂ ਚਾਲਾਂ ਚੱਲਦਾ ਹੈ।

ਮੁੱਖ ਮੰਤਰੀ ਨੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸਲਾਹ ਦਿੱਤੀ ਕਿ ਉਹ ਸੂਬਿਆਂ ਦੀਆਂ ਤਾਕਤਾਂ ਘਟਾਉਣ ਵਾਲੇ ਅਜਿਹੇ ਕਦਮ ਚੁੱਕਣ ਤੋਂ ਸੰਕੋਚ ਕਰਨ, ਜਿਸ ਨਾਲ ਕੇਂਦਰ ਨੂੰ ਬੇਲੋੜੀ ਦਖ਼ਲਅੰਦਾਜ਼ੀ ਕਰਨ ਦਾ ਮੌਕਾ ਮਿਲਦਾ ਹੋਵੇ। ਸਿੰਚਾਈ ਮੰਤਰੀ ਮੀਤ ਹੇਅਰ ਨੇ ਮਤਾ ਪੇਸ਼ ਕਰਨ ਮਗਰੋਂ ਦੱਸਿਆ ਕਿ ਇਸ ਜਲ ਸੈੱਸ ਨਾਲ 1200 ਕਰੋੜ ਦਾ ਵਾਧੂ ਵਿੱਤੀ ਬੋਝ ਪਵੇਗਾ ਪਰ ਪੰਜਾਬ ਕੋਈ ਪੈਸਾ ਹਿਮਾਚਲ ਨੂੰ ਨਹੀਂ ਦੇਵੇਗਾ।

# ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਵਿਧਾਇਕ ਜਗਬੀਰ ਬਰਾੜ 'ਆਪ' 'ਚ ਸ਼ਾਮਲ

- ਜ਼ਿਮਨੀ ਚੋਣ ਤੋਂ ਪਹਿਲਾਂ 'ਆਪ' ਦਾ ਜਲੰਧਰ ਵਿਚ ਅਕਾਲੀ ਦਲ ਨੂੰ ਵੱਡਾ ਝਟਕਾ
- ਮੁੱਖ ਮੰਤਰੀ ਭਗਵੰਤ ਮਾਨ ਨੇ ਜਗਬੀਰ ਬਰਾੜ ਨੂੰ 'ਆਪ' 'ਚ ਕੀਤਾ ਸ਼ਾਮਲ



**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ (ਆਪ) ਨੇ ਜਲੰਧਰ ਜ਼ਿਮਨੀ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਦਿੱਤਾ ਹੈ। ਜਲੰਧਰ ਛਾਉਣੀ ਦੇ ਸਾਬਕਾ ਵਿਧਾਇਕ ਅਤੇ ਅਕਾਲੀ ਆਗੂ ਜਗਬੀਰ ਸਿੰਘ ਬਰਾੜ ਆਪਣੇ ਸਾਥੀਆਂ ਅਤੇ ਸਮਰਥਕਾਂ ਸਮੇਤ ਅਕਾਲੀ ਦਲ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੇ ਪਾਰਟੀ ਵਿਚ ਸ਼ਾਮਲ ਹੋਣ 'ਤੇ 'ਆਪ' ਨੂੰ ਜਲੰਧਰ ਉਪ ਚੋਣ ਵਿਚ ਹੁਲਾਰਾ ਮਿਲੇਗਾ।

ਜਲੰਧਰ ਉਪ ਚੋਣ ਲਈ ਮੈਦਾਨ ਭੱਖ ਗਿਆ ਹੈ ਅਤੇ ਜਗਬੀਰ ਸਿੰਘ ਬਰਾੜ ਦੇ ਆਪ ਵਿਚ ਸ਼ਾਮਲ ਹੋਣ 'ਤੇ ਪਾਰਟੀ ਨੂੰ ਇਸ ਜ਼ਿਮਨੀ ਚੋਣ ਵਿਚ ਚੰਗਾ ਹੁਲਾਰਾ ਮਿਲੇਗਾ। ਐਤਵਾਰ ਨੂੰ ਜਗਬੀਰ ਬਰਾੜ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ, ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਅਤੇ ਹੋਰ ਅਹੁਦੇਦਾਰਾਂ ਦੀ ਮੌਜੂਦਗੀ ਵਿਚ ਪਾਰਟੀ ਵਿਚ ਸ਼ਾਮਲ ਕਰਵਾਇਆ।

ਜਗਬੀਰ ਸਿੰਘ ਬਰਾੜ ਜਲੰਧਰ ਦੇ ਪ੍ਰਭਾਵਸ਼ਾਲੀ ਆਗੂ ਹਨ। ਉਨ੍ਹਾਂ ਨੇ ਪਹਿਲੀ ਵਾਰ ਸਾਲ 2007 ਦੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਜਿੱਤ ਹਾਸਲ ਕੀਤੀ ਅਤੇ ਵਿਧਾਇਕ ਬਣੇ। ਸਾਲ 2021 ਵਿਚ ਉਹ ਅਕਾਲੀ ਦਲ ਵਿਚ ਸ਼ਾਮਲ ਹੋਏ ਅਤੇ ਉਹ ਪਿਛਲੀ ਵਿਧਾਨ ਸਭਾ ਚੋਣਾਂ ਵਿਚ ਜਲੰਧਰ ਕੈਂਟ ਤੋਂ ਅਕਾਲੀ ਦਲ ਦੇ ਉਮੀਦਵਾਰ ਸਨ। 'ਆਪ' ਪੰਜਾਬ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਉਨ੍ਹਾਂ ਦੇ ਆਮ ਆਦਮੀ ਪਾਰਟੀ ਨਾਲ ਜੁੜਨ 'ਤੇ ਪਾਰਟੀ ਨੂੰ ਆਗਾਮੀ ਜ਼ਿਮਨੀ ਚੋਣ ਲਈ ਮਜ਼ਬੂਤੀ ਮਿਲੀ ਹੈ।

# ਅੰਮ੍ਰਿਤਪਾਲ ਦੇ ਥਹੁ-ਟਿਕਾਣੇ ਬਾਰੇ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਦੀ ਵੱਖ-ਵੱਖ ਰਾਇ

- 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਦੀ ਭਾਲ ਜਾਰੀ

**ਅੰਮ੍ਰਿਤਸਰ/ਚੰਡੀਗੜ੍ਹ, (ਪੰਜਾਬ ਮੇਲ)-** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਟਿਆਲਾ ਵਿਚ ਘੁੰਮਦੇ ਦੀ ਇਕ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਉਣ ਤੋਂ ਬਾਅਦ ਇਸ ਖ਼ਾਲਿਸਤਾਨੀ ਸਮਰਥਕ ਦੇ ਥਹੁ-ਟਿਕਾਣਿਆਂ ਬਾਰੇ ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਦੀ ਵੱਖ-ਵੱਖ ਰਾਇ ਹੈ। ਇਕ ਵਰਗ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਹਾਲੇ ਵੀ ਪੰਜਾਬ ਵਿਚ ਹੀ ਹੈ, ਜਦਕਿ ਦੂਜੇ ਵਰਗ ਦਾ ਕਹਿਣਾ ਹੈ ਕਿ ਉਹ ਉੱਤਰ ਪ੍ਰਦੇਸ਼ ਦੇ ਇਕ ਅਜਿਹੇ ਜ਼ਿਲ੍ਹੇ ਤੱਕ ਪਹੁੰਚ ਚੁੱਕਾ ਹੈ ਜਿਸ ਦੀ ਹੱਦ ਨੇਪਾਲ ਨਾਲ ਲੱਗਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਦੀਆਂ ਧੁੰਦਲੀਆਂ ਤਸਵੀਰਾਂ ਕੋਈ ਪੁਖਤਾ ਸਬੂਤ ਨਹੀਂ ਹਨ, ਬਲਕਿ ਇਹ ਪੁਲਿਸ ਪਾਰਟੀਆਂ ਦਾ ਧਿਆਨ ਭਟਕਾਉਣ ਦੀ ਸਾਜ਼ਿਸ਼ ਹੈ, ਜੋ ਕਿ ਉਸ ਦੀ ਭਾਲ ਵਿਚ ਹਨ। ਇਸੇ ਦੌਰਾਨ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਦੀ ਭਾਲ ਜਾਰੀ ਹੈ। ਹੁਣ ਪੰਜ ਸੂਬਿਆਂ ਦੀ ਪੁਲਿਸ ਉਸ ਦੀ ਭਾਲ ਕਰ ਰਹੀ ਹੈ। ਪੁਲਿਸ ਵਿਚਲੇ ਸੂਤਰਾਂ ਅਨੁਸਾਰ ਅੰਮ੍ਰਿਤਪਾਲ ਦੇ 'ਲੋੜੀਂਦੇ' ਹੋਣ ਬਾਰੇ ਪੋਸਟਰ ਨੇਪਾਲ ਸਰਹੱਦ 'ਤੇ ਲਗਾ ਦਿੱਤੇ ਗਏ ਹਨ, ਤਾਂ ਜੋ ਜੇਕਰ ਉਹ ਦੇਸ਼ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰੇ ਤਾਂ ਪਛਾਣਿਆ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਦਾ ਆਖਰੀ ਟਿਕਾਣਾ ਉੱਤਰ ਪ੍ਰਦੇਸ਼ ਦੇ ਮਹਾਰਾਜਗੰਜ ਜ਼ਿਲ੍ਹੇ ਵਿਚ ਹੋਣ ਬਾਰੇ ਪਤਾ ਲੱਗਾ ਸੀ ਜਿਸ ਦੀ ਹੱਦ ਨੇਪਾਲ ਨਾਲ ਲੱਗਦੀ ਹੈ।


Global Allianz

LAW FIRM LLP


- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ



Atul Kapoor
C.E.O

Asylum & Deportation Defense



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188



KAMBOJ AYURVEDIC & HERBS


ਆਯੁਰਵੇਦਿਕ ਜੜ੍ਹੀ-ਬੂਟੀਆਂ



- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਘ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM

ਕੈਂਸਰ ਦਾ ਇਲਾਜ



Kharati Kamboj
Ayurvedic Prescription

524 S. Clovis Ave, Fresno, CA 93727
559-341-9252



DR. TAKHAR'S MEDICAL SPA

Experience Sacramento's Top Medical Spa

(916) 688-9994

Our multi-cultural staff will welcome you to our spa and put together a treatment plan that meets your lifestyle and budget.

Free Consultations!



Cheek Filler Treatment for Facial Volume Loss

Frown Line and forehead Line Treatment with Dysport



Double Chin Treatment with Kybella

Under Arm Laser Hair Removal

ਡਾ. ਤੱਖਰ ਮੈਡੀਕਲ ਸਪਾ

www.takharmedicalspa.com

8191 Timberlake Way Suite 350
Sacramento, CA 95823

(916) 688-9994

info@takharmedicalspa.com

Mon-Sat: 9:00AM to 7:00 PM Sun: By Appointment Only

Designed By Punjab Mail USA





TRANSCORP

Hiring Owner Operators & Drivers

ਓਨਰ ਅਪਰੇਟਰ ਅਤੇ ਟਰੱਕ ਡਰਾਈਵਰ ਤੁਰੰਤ ਮਿਲੋ।
ਤੁਸੀਂ ਸਾਡੇ ਟਰੇਲਰ ਵੀ ਰੈਂਟ ਕਰ ਸਕਦੇ ਹੋ।
ਕੈਲੀਫੋਰਨੀਆ, ਓਰੇਗਨ, ਵਾਸ਼ਿੰਗਟਨ ਸਟੇਟ, ਕਲਾਰਾਡੋ, ਈਸਟ ਕੋਸਟ, ਮਿਡ ਵੈਸਟ ਦੇ ਲੋਡ ਉਪਲੱਬਧ ਹਨ।

ਲੋਡ ਦੇ ਪੇਪਰ ਦਿਓ ਤੇ ਪੇਮੈਂਟ ਲਵੋ

ਜੇ ਕਿਸੇ ਕੋਲ ਫਾਈਨਾਂਸ ਦੀ ਪ੍ਰਾਬਲਮ ਹੈ ਤਾਂ ਉਸ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ।



23687 AVENUE 19
MADERA, CA-93638

Phone: 800-317-2577
Fax: 800-405-2480
E-mail: dispatch@transcorp247.com

Designed By Punjab Mail USA

# Mann & Associates Insurance Services, Inc.

## Medicare Supplement Plans



Inderjeet Singh Mann
CA Lic# 0H82488

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ ’ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ ’ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA | Certified Insurance Agent

Designed By Punjab Mail USA

**Ph.: (916) 900-2000**



Open 7am to 6pm Monday to Saturday

## COMPLETE TRUCK & TRAILER REPAIR

Truck & Trailer Parking

One Stop Shop

ELITE TRUCK REPAIR & WASH INC

OIL CHANGE TRUCK WASH





ਅਸੀਂ ਹਰ ਤਰ੍ਹਾਂ ਦੇ ਟਰੱਕ ਅਤੇ ਟ੍ਰੇਲਰਾਂ ਦੀ ਤਸੱਲੀਬਖਸ਼ ਮੁਰੰਮਤ ਕਰਦੇ ਹਾਂ, ਸਾਡੇ ਕੋਲ ਤਜ਼ਰਬੇਕਾਰ ਮੈਕੇਨਿਕ ਹਨ

•Computer Diagnostics •DOT 90 Day & Annual Inspections
•Full Service •Brakes •Clutch •Transmission
•Differential •Suspension •Axles •DPF Filter Cleaning
•Gas Welding •Electrical •AC Service •PM Service
•New/Uesd Tires •Wheel Balancing •Truck Trailer Alignment

Truck Oil Change — Mobil Delvac — Chevron Delo — Shell ROTELLA



All Makes & Models

Cummins — Detroit Diesel — Volvo — PACCAR



# ELITE TRUCK REPAIR & WASH

10399 E STOCKTON BLVD ELK GROVE, CA 95624

916-581-4041

elitetruckrepairandwash@gmail.com

## 'ਜੋ ਦਿਖਾ, ਸੋ ਲਿਖਾ'

# ਅਕਾਲੀ ਦਲ ਦੀ ਹਾਲਤ ਹੋ ਰਹੀ ਹੈ ਬੱਦ ਤੋਂ ਬੱਦਤਰ

## ਲੀਡਰਸ਼ਿਪ ਤਬਦੀਲੀ ਬਿਨਾਂ ਮੁੜ ਉਭਰਨਾਂ ਮੁਸ਼ਕਿਲ




**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)




ਇਸ ਸਮੇਂ ਦੇਸ਼ ਦੀ ਰਾਜਨੀਤੀ ਵਿਚ ਸੱਤਾਧਾਰੀ ਪਾਰਟੀ ਦਾ ਵਰਤਾਰਾ ਇਕ ਤਰਫਾ ਚੱਲ ਰਿਹੈ। ਲੰਮਾਂ ਸਮਾਂ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਕਰੀਬ-ਕਰੀਬ ਹਾਸ਼ੀਏ 'ਤੇ ਜਾ ਚੁੱਕੀ ਹੈ। ਅਜਿਹੇ ਵਿਚ ਪਹਿਲੀ ਨਜ਼ਰੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਬੀ.ਜੇ.ਪੀ. ਨੂੰ ਮਜ਼ਬੂਤ ਟੱਕਰ ਦੇਣ ਵਿਚ ਕੋਈ ਵੱਡਾ ਵਿਰੋਧ ਉਭਰਦਾ ਦਿਖਾਈ ਨਹੀਂ ਦੇ ਰਿਹਾ। ਕਾਂਗਰਸ ਤੋਂ ਬਗੈਰ ਕੁੱਝ ਖੇਤਰੀ ਪਾਰਟੀਆਂ ਇਕ ਸਾਂਝਾ ਮੋਰਚਾ ਖੜ੍ਹਾ ਕਰਨ ਦਾ ਯਤਨ ਤਾਂ ਕਰ ਰਹੀਆਂ ਨੇ, ਪਰ ਉਨ੍ਹਾਂ ਦੀ ਕਿਸੇ ਲੀਡਰ ਦੀ ਅਗਵਾਈ 'ਤੇ ਸਹਿਮਤੀ ਬਣਦੀ ਨਹੀਂ ਦਿਸਦੀ। ਪੰਜਾਬ ਦੀ ਰਾਜਨੀਤੀ 'ਤੇ ਹਮੇਸ਼ਾਂ ਭਾਰੂ ਰਹਿਣ ਵਾਲੀ ਪੰਥਕ ਅਤੇ ਕਿਸਾਨੀ ਆਧਾਰ ਵਾਲੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਲਗਾਤਾਰ ਗਿਰਾਵਟ ਵੱਲ ਜਾ ਰਹੀ ਹੈ। ਕਿਸੇ ਸਮੇਂ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਵਰਗੇ ਨੇਤਾ ਕੌਮੀ ਰਾਜਨੀਤੀ ਵਿਚ ਕਾਫੀ ਪ੍ਰਭਾਵ ਰੱਖਦੇ ਸਨ ਅਤੇ ਕੌਮੀ ਪਾਰਟੀਆਂ ਦੇ ਲੀਡਰ ਵੀ ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਸਨ ਕਰਦੇ। ਜਦੋਂ ਤੋਂ ਪਾਰਟੀ ਦੀ ਕਮਾਨ ਸੁਖਬੀਰ ਬਾਦਲ ਨੇ ਸੰਭਾਲੀ ਹੈ, ਉਨ੍ਹਾਂ ਦੇ ਅੱਖੜ ਵਰਤਾਰੇ ਨਾਲ ਪਾਰਟੀ ਪੰਜਾਬੀਆਂ ਦੇ ਮਨਾਂ ਵਿਚੋਂ ਉਤਰਦੀ ਜਾ ਰਹੀ ਹੈ। ਸੁਖਬੀਰ ਦੀ ਅਗਵਾਈ ਵਿਚ ਪਾਰਟੀ ਦੀਆਂ 2017 ਵਿਧਾਨ ਸਭਾ, 2019 ਲੋਕ ਸਭਾ ਅਤੇ ਫਿਰ 2022 ਵਿਧਾਨ ਸਭਾ ਚੋਣਾਂ ਵਿਚ ਸ਼ਰਮਨਾਕ ਹਾਰਾਂ ਹੋਈਆਂ ਨੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ 3 ਸੀਟਾਂ 'ਤੇ ਸਿਮਟ ਕੇ ਪਾਰਟੀ ਸੂਬੇ ਦੀ ਰਾਜਨੀਤੀ ਦੇ ਹਾਸ਼ੀਏ 'ਤੇ ਪੁੱਜ ਚੁੱਕੀ ਹੈ। ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿਚ ਤਾਂ ਪਾਰਟੀ ਉਮੀਦਵਾਰ ਦੀ ਜ਼ਮਾਨਤ ਵੀ ਜਬਤ ਹੋ ਗਈ। ਅਕਾਲੀ ਦਲ ਦੀਆਂ ਸ਼ਰਮਨਾਕ ਹਾਰਾਂ ਨਾਲ ਵਰਕਰਾਂ ਦਾ ਮਨੋਬਲ ਟੁੱਟਿਆ ਦਿੱਖਦੈ। ਬਾਦਲਾਂ 'ਤੇ ਪਾਰਟੀ ਅਤੇ ਸ਼੍ਰੋਮਣੀ ਕਮੇਟੀ ਉਪਰ ਸਿੱਧੇ ਕੰਟਰੋਲ, ਸਿਰਸਾ ਸਾਧ ਨੂੰ ਮੁਆਫੀ ਅਤੇ ਬੇਅੱਦਬੀ ਦੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ਾਂ ਕਾਰਨ ਰਵਾਇਤੀ ਪੰਥਕ ਆਧਾਰ ਖਿਸਕ ਚੁੱਕੈ। ਖੇਤੀ ਕਾਨੂੰਨਾਂ ਨੂੰ ਸਹੀ ਕਹਿਣ ਨਾਲ ਕਿਸਾਨ ਵੀ ਨਾਰਾਜ਼ ਨੇ। ਦਿੱਲੀ ਗੁਰਦੁਆਰਾ ਕਮੇਟੀ ਹੱਥੋਂ ਗਈ ਅਤੇ ਹਰਿਆਣਾ ਵਿਚ ਵੱਖਰੀ ਕਮੇਟੀ ਦਾ ਗਠਨ ਹੋ ਚੁੱਕੈ। ਬੀਬੀ ਜਗੀਰ ਕੌਰ ਦੀ ਬਗਾਵਤ ਨਾਲ ਵੱਡਾ ਝੱਟਕਾ ਲੱਗਿਐ। ਅੰਦਰਖਾਤੇ ਬਹੁਤੇ ਲੀਡਰ ਨਾਰਾਜ਼ ਨੇ ਅਤੇ ਸਹੀ ਸਮੇਂ ਦੀ ਤਲਾਸ਼ ਵਿਚ ਨੇ। ਇਸ ਸਮੇਂ ਪੰਜਾਬ ਦੀ ਰਾਜਨੀਤੀ ਵਿਚ ਵੱਡਾ ਖਲਾਅ ਪੈਦਾ ਹੋ ਚੁੱਕੈ। ਰਵਾਇਤੀ ਪਾਰਟੀਆਂ ਮੁੜ ਉਭਾਰਨ ਦੇ ਸੰਘਰਸ਼ ਵਿਚ ਨੇ ਅਤੇ ਸੱਤਾਧਾਰੀ ਪਾਰਟੀ ਸੂਬੇ ਵਿਚ ਜਥੇਬੰਦਕ ਆਧਾਰ ਪੈਦਾ ਹੀ ਨਹੀਂ ਕਰ ਸਕੀ। ਬੀਤੇ ਵਿਚ ਸੂਬੇ ਦੇ ਵੱਡੇ ਮੁੱਦਿਆਂ ਅਤੇ ਵੱਧ ਅਧਿਕਾਰਾਂ ਲਈ ਅਕਾਲੀ ਦਲ ਨੇ ਵੱਡੀਆਂ ਲੜਾਈਆਂ ਲੜੀਆਂ ਵੀ ਨੇ ਅਤੇ ਜਿੱਤੀਆਂ ਵੀ ਨੇ। ਕਾਂਗਰਸ ਅਤੇ ਬੀ.ਜੇ.ਪੀ. ਨੇ ਅਕਸਰ ਪੰਜਾਬ ਵਿਰੋਧੀ ਨੀਤੀਆਂ ਅਪਣਾਈਆਂ ਨੇ। ਅਜੋਕੇ ਸਮੇਂ ਵਿਚ ਅਕਾਲੀ ਦਲ ਵਰਗੀ ਸ਼ਾਨਦਾਰ ਇਤਿਹਾਸ ਵਾਲੀ ਖੇਤਰੀ ਪਾਰਟੀ ਸੂਬੇ ਦੀ ਵੱਡੀ ਲੋੜ ਹੈ। ਪਰ ਪਾਰਟੀ ਇਤਿਹਾਸ ਦੇ ਸਭ ਤੋਂ ਮਾੜੇ ਦੌਰ ਵਿਚੋਂ ਲੰਘ ਰਹੀ ਹੈ। ਮੌਜੂਦਾ ਪਾਰਟੀ ਲੀਡਰਸ਼ਿਪ ਨੂੰ ਲੋਕ ਵਾਰ-ਵਾਰ ਨਕਾਰ ਰਹੇ ਨੇ। ਪਾਰਟੀ ਦੀ ਮੁੜ ਸੁਰਜੀਤੀ ਲਈ ਨਵੀਂ ਲੀਡਰਸ਼ਿਪ ਉਭਾਰਨ ਦੀ ਜ਼ਰੂਰਤ ਹੈ। 2022 ਦੀਆਂ ਚੋਣਾਂ ਵਿਚ ਹਾਰ ਦੀ ਪੜਚੋਲ ਲਈ ਬਣਾਈ ਝੂੰਦਾ ਕਮੇਟੀ ਦੀ ਰਿਪੋਰਟ ਵਿਚ ਵੀ ਸੀਨੀਅਰ ਲੀਡਰਸ਼ਿੱਪ 'ਚ ਤਬਦੀਲੀ ਅਤੇ ਪਾਰਟੀ ਦੇ ਪੁਨਰਗਠਨ ਦੇ ਸੁਝਾਅ ਆਏ ਸਨ। ਪ੍ਰੰਤੂ ਰਿਪੋਰਟ ਨੂੰ ਨਜ਼ਰਅੰਦਾਜ਼ ਕਰਕੇ ਸਿਖਰਲੀ ਲੀਡਰਸ਼ਿਪ ਵਿਚ ਤਬਦੀਲੀ ਦੀ ਬਜਾਏ ਸੁਖਬੀਰ ਬਾਦਲ ਨੇ ਸ਼ਿਕੰਜਾ ਹੋਰ ਕੱਸ ਲਿਆ। ਪਾਰਟੀ ਦੀਆਂ ਮੁਸ਼ਕਲਾਂ ਹਰ ਕਦਮ ਨਾਲ ਘਟਣ ਦੀ ਬਜਾਏ ਵਧਦੀਆਂ ਦਿਖਾਈ ਦਿੰਦੀਆਂ ਨੇ, ਪਰ ਅੰਦਰੂਨੀ ਖਿੱਚੋਤਾਣ ਵੱਧਦੀ ਹੀ ਜਾ ਰਹੀ ਹੈ।

**ਕੋਟਕਪੂਰਾ ਮਾਮਲੇ 'ਚ ਪੇਸ਼ੀ**

ਬਹੁ-ਚਰਚਿਤ ਕੋਟਕਪੂਰਾ ਗੋਲੀਕਾਂਡ ਮਾਮਲੇ 'ਚ ਐੱਸ.ਆਈ.ਟੀ. ਵਲੋਂ ਅਦਾਲਤ ਵਿਚ ਪੇਸ਼ ਕੀਤੇ ਚਲਾਨ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਮ ਆਉਣ ਨਾਲ ਪਾਰਟੀ ਵੱਡੀ ਉਲਝਣ ਵਿਚ ਫੱਸ ਚੁੱਕੀ ਹੈ। ਉੱਚ ਅਦਾਲਤਾਂ ਵਲੋਂ ਜ਼ਮਾਨਤਾਂ ਮਿਲਣ ਕਾਰਨ ਦੋਵੇਂ ਲੀਡਰਾਂ ਤੋਂ ਗ੍ਰਿਫ਼ਤਾਰੀ ਦਾ ਖਤਰਾ ਤਾਂ ਟੱਲ ਚੁਕੈ। ਅਜਿਹੇ ਸਮੇਂ ਪਾਰਟੀ ਲੀਡਰਸ਼ਿਪ ਦਾ ਰਵੱਈਆ ਬਹੁਤ ਹਲੀਮੀ ਅਤੇ ਨਿਮਰਤਾ ਵਾਲਾ ਹੋਣਾ ਜ਼ਰੂਰੀ ਹੈ। 23 ਮਾਰਚ ਨੂੰ ਦੋਵੇਂ ਬਾਦਲ ਫਰੀਦਕੋਟ ਅਦਾਲਤ ਵਿਚ ਪੇਸ਼ ਹੋਣ ਲਈ ਸਮੱਰਥਕਾਂ ਦੇ ਪੂਰੇ ਲਾਮ-ਲਸ਼ਕਰ ਨਾਲ ਪਹੁੰਚੇ। ਅਕਾਲੀ ਵਰਕਰਾਂ ਵਲੋਂ ਬਾਦਲਾਂ ਦੇ ਸਮੱਰਥਨ ਵਿਚ ਨਾਅਰੇ ਲਗਾਏ ਗਏ। ਸਮੱਰਥਕਾਂ ਦੀ ਆਓ ਭਗਤ ਲਈ ਲੰਗਰ ਅਤੇ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ। ਸੁਖਬੀਰ ਬਾਦਲ ਜੀਪ 'ਤੇ ਚੜ੍ਹ ਕੇ ਵਿਕਟਰੀ ਸਾਈਨ ਬਣਾਉਂਦੇ ਦਿੱਸੇ। ਇਸ ਸਾਰੇ ਵਰਤਾਰੇ ਤੋਂ ਉਨ੍ਹਾਂ ਦਾ ਸੁਭਾਵਕ ਹੰਕਾਰੀ ਅਕਸ ਹੋਰ ਉਭਰ ਕੇ ਸਾਹਮਣੇ ਆਇਆ। ਬਣਦਾ ਇਹ ਸੀ ਕਿ ਨਿਆਂ ਪਾਲਿਕਾ ਅਤੇ ਕਾਨੂੰਨ ਪ੍ਰਤੀ ਸਤਿਕਾਰ ਦਿਖਾਉਂਦੇ ਦੋਵੇਂ ਨੇਤਾ ਆਮ ਵਿਅਕਤੀਆਂ ਵਾਂਗ ਅਦਾਲਤ ਵਿਚ ਪੇਸ਼ ਹੁੰਦੇ ਅਤੇ ਪੰਜਾਬੀਆਂ ਦੇ ਮਨ ਜਿੱਤਦੇ। ਅਦਾਲਤ ਨੇ ਦੋਵੇਂ ਬਾਦਲਾਂ ਨੂੰ 5-5 ਲੱਖ ਦੇ ਜ਼ਮਾਨਤਨਾਮੇ ਭਰਨ ਤੋਂ ਬਾਅਦ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਗੋਲੀਕਾਂਡ ਦੇ ਮੁਲਜ਼ਮ ਵਜੋਂ ਨਾਮਜ਼ਦ ਹੋਏ ਸਾਬਕਾ ਡੀ.ਜੀ.ਪੀ. ਸੈਣੀ, ਆਈ.ਜੀ. ਉਮਰਾਨੰਗਲ ਅਤੇ ਐੱਸ.ਐੱਸ.ਪੀ. ਚਰਨਜੀਤ ਸ਼ਰਮਾ ਨੂੰ ਅਗਾਉਂ ਜ਼ਮਾਨਤ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ ਵੀ ਫਰੀਦਕੋਟ ਅਦਾਲਤ ਵਿਚ ਪੇਸ਼ ਹੋ ਕੇ ਜ਼ਮਾਨਤਨਾਮਾ ਭਰਨ ਦੇ ਨਿਰਦੇਸ਼ ਦਿੱਤੇ ਨੇ। ਇਸ ਕੇਸ ਦੀ ਅਗਲੀ ਤਾਰੀਖ 12 ਅਪ੍ਰੈਲ ਹੈ। ਬਹਿਬਲ ਕਲਾਂ ਗੋਲੀਕਾਂਡ ਮਾਮਲੇ ਦੀ ਚਾਰਜਸ਼ੀਟ ਵੀ ਅਦਾਲਤ ਵਿਚ ਜਲਦ ਪੇਸ਼ ਹੋਣ ਦੀ ਸੰਭਾਵਨਾ ਹੈ ਅਤੇ ਕਨੂੰਨੀ ਪ੍ਰਕਿਰਿਆ ਕਾਫੀ ਲੰਮੀ ਚੱਲੇਗੀ।

**ਜਲੰਧਰ 'ਚ ਵੱਡਾ ਟੈਸਟ** : ਬੀ.ਜੇ.ਪੀ. ਨਾਲੋਂ ਗੱਠਜੋੜ ਟੁੱਟਣ ਕਾਰਨ ਅਕਾਲੀ ਦਲ ਦੀ ਸਥਿਤੀ ਸ਼ਹਿਰੀ ਖੇਤਰਾਂ ਵਿਚ ਕਾਫੀ ਕੰਮਜ਼ੋਰ ਹੋ ਚੁੱਕੀ ਹੈ। ਹੁਣ ਜਲਦੀ ਹੀ ਹੋਣ ਵਾਲੀ ਜਲੰਧਰ ਲੋਕ ਸਭਾ ਸੀਟ ਦੀ ਉੱਪ ਚੋਣ ਅਕਾਲੀ ਦਲ ਲਈ ਕਰੋ ਜਾਂ ਮਰੋ ਵਾਲੀ ਸਥਿਤੀ ਹੋਵੇਗੀ। ਇਹ ਸੀਟ ਕਾਂਗਰਸ ਦੇ ਐੱਮ.ਪੀ. ਚੌਧਰੀ ਸੰਤੋਖ ਸਿੰਘ ਦੀ ਮੌਤ ਹੋਣ ਕਾਰਨ ਖਾਲੀ ਹੋਈ ਹੈ। 2019 ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ-ਬੀ.ਜੇ.ਪੀ. ਗੱਠਜੋੜ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਨੇ ਬੀ.ਜੇ.ਪੀ. ਦੇ ਬਲਬੂਤੇ ਕਾਂਗਰਸ ਉਮੀਦਵਾਰ ਨੂੰ ਸਖਤ ਟੱਕਰ ਦਿੱਤੀ ਸੀ ਅਤੇ ਉਹ ਜੇਤੂ ਉਮੀਦਵਾਰ ਤੋਂ ਸਿਰਫ 19491 ਵੋਟਾਂ ਦੇ ਫਰਕ ਨਾਲ ਹਾਰੇ ਸਨ। ਇਸ ਸਮੇਂ ਅਕਾਲੀ ਦਲ ਦਾ ਬੀ.ਐੱਸ.ਪੀ. ਨਾਲ ਗੱਠਜੋੜ ਚੱਲ ਰਿਹੈ। ਪਿਛਲੀ ਚੋਣ ਸਮੇਂ ਬੀ.ਐੱਸ.ਪੀ. ਉਮੀਦਵਾਰ ਨੂੰ 2 ਲੱਖ ਵੋਟਾਂ ਮਿਲੀਆਂ ਸਨ। 38% ਦਲਿਤ ਵੋਟਰਾਂ ਵਾਲੇ ਇਸ ਹਲਕੇ ਵਿਚ ਬੀ.ਐੱਸ.ਪੀ. ਦਾ ਪ੍ਰਭਾਵ ਘੱਟ ਨਹੀਂ ਆਂਕਿਆ ਜਾ ਸਕਦਾ। ਉਧਰ ਕਾਂਗਰਸ ਪਾਰਟੀ ਨੇ ਹਮਦਰਦੀ ਵੋਟ ਭਰੋਸੇ ਚੌਧਰੀ ਸੰਤੋਖ ਸਿੰਘ ਦੀ ਪਤਨੀ ਚੌਧਰੀ ਕਰਮਜੀਤ ਕੌਰ ਨੂੰ ਉਮੀਦਵਾਰ ਬਣਾਇਐ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸਾਬਕਾ ਜੱਜ ਜ਼ੋਰਾ ਸਿੰਘ ਨੂੰ ਸਿਰਫ 19491 ਵੋਟਾਂ ਹੀ ਮਿਲੀਆਂ ਸਨ ਅਤੇ ਇਸ ਵਾਰ ਉਮੀਦਵਾਰ ਦੀ ਤਾਲਾਸ਼ ਵਿਚ ਹੈ। ਜੇਕਰ ਅਕਾਲੀ ਦਲ ਦੀ ਕਾਰਗੁਜ਼ਾਰੀ ਨਹੀਂ ਸੁਧਰਦੀ, ਤਾਂ ਇਹ ਬਾਦਲਾਂ ਲਈ ਬਹੁਤ ਘਾਤਕ ਸਾਬਿਤ ਹੋ ਸਕਦੀ ਹੈ ਅਤੇ ਪਾਰਟੀ ਵਿਚ ਵੱਡੀ ਦਰਾੜ ਦਾ ਕਾਰਨ ਵੀ ਬਣ ਸਕਦੀ ਹੈ। ਪਹਿਲਾਂ ਹੀ ਵਿਧਾਨ ਸਭਾ ਵਿਚ ਪਾਰਟੀ ਦੇ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਪਾਰਟੀ ਦੇ ਅੰਦਰਲੀ ਕਲਾ ਦਾ ਜ਼ਿਕਰ ਕਰ ਚੁੱਕੇ ਨੇ।

**ਸੂਬੇ ਦੇ ਮੌਜੂਦਾ ਹਾਲਾਤ** : ਇਸ ਸਮੇਂ ਸੂਬੇ ਵਿਚ ਅਮਨ-ਕਨੂੰਨ ਅਤੇ ਮਾਲੀ ਹਾਲਤ ਕਾਫੀ ਖਰਾਬ ਹੋ ਚੁੱਕੀ ਹੈ, ਕੇਂਦਰੀ ਬਲਾਂ ਦੀ ਤਾਇਨਾਤੀ ਦੇ ਬਾਵਜੂਦ ਹਾਲਾਤ ਵਿਗੜਦੇ ਜਾ ਰਹੇ ਨੇ। ਸਥਿਤੀ ਸਰਕਾਰ ਦੇ ਕਾਬੂ 'ਚੋਂ ਬਾਹਰ ਹੁੰਦੀ ਦਿਸਦੀ ਹੈ। ਬੇਮੌਸਮੀ ਬਾਰਿਸ਼ ਅਤੇ ਗੜੇਮਾਰੀ ਕਾਰਨ ਪੂਰੀ ਕਿਸਾਨੀ ਪ੍ਰੇਸ਼ਾਨ ਹੈ। ਅਕਾਲੀ ਦਲ ਦਾ ਪੰਥਕ ਆਧਾਰ ਵੱਖਰੇ ਤੌਰ 'ਤੇ ਅੰਦੋਲਨਾ ਕਰ ਰਿਹੈ ਅਤੇ ਲੀਡਰਸ਼ਿਪ ਸਿਰਫ ਆਪਣੀ ਕੁਰਸੀ ਬਚਾਉਣ ਵਿਚ ਉਲਝੀ ਹੈ। ਪਾਰਟੀ ਛੱਡ ਚੁੱਕੇ ਵੱਡੇ ਆਗੂ ਬਾਦਲਾਂ ਬਗੈਰ ਅਕਾਲੀ ਦਲ ਦੇ ਉਭਾਰ ਲਈ ਸਹਿਮਤੀ ਦੇ ਚੁੱਕੇ ਨੇ। ਅਜਿਹੇ ਵਿਚ ਅਕਾਲੀ ਦਲ ਦੇ ਮੁੜ ਉਭਾਰ ਲਈ ਲੀਡਰਸ਼ਿਪ ਵਿਚ ਤਬਦੀਲੀ ਤੋਂ ਇਲਾਵਾ ਕੋਈ ਦੂਜਾ ਬਦਲਵਾਂ ਹੱਲ ਦਿਖਾਈ ਨਹੀਂ ਦੇ ਰਿਹਾ।




# ਕਿਵੇਂ ਹੁੰਦੀ ਹੈ ਕਿਸਾਨਾਂ ਦੀ ਮੰਡੀਆਂ ਵਿਚ ਲੁੱਟ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)





ਜਦੋਂ ਅਸੀਂ ਛੋਟੇ ਹੁੰਦੇ ਸੀ, ਉਦੋਂ ਕਾਮਰੇਡ ਪਿੰਡਾਂ ਵਿਚ ਲੋਕਾਂ ਨੂੰ ਸਰਮਾਏਦਾਰਾਂ ਦੀ ਲੁੱਟ ਚੋਂਘ ਪ੍ਰਤੀ ਖਬਰਦਾਰ ਕਰਨ ਲਈ ਡਰਾਮੇ ਖੇਡਣ ਆਉਂਦੇ ਹੁੰਦੇ ਸਨ। ਇੱਕ ਡਰਾਮੇ ਵਿਚ ਉਨ੍ਹਾਂ ਵੱਲੋਂ ਬੋਲਿਆ ਗਿਆ ਗੀਤ ਮੈਨੂੰ ਅੱਜ ਵੀ ਯਾਦ ਹੈ। ਮੰਡੀ ਫਸਲ ਸੁੱਟਣ ਆਏ ਕਿਸਾਨ ਨੂੰ ਵੇਖ ਕੇ ਆੜ੍ਹਤੀ ਆਪਣੇ ਗੁਮਾਸ਼ਤੇ ਨੂੰ ਕਹਿੰਦਾ ਹੈ:

ਆ ਗਿਆ ਉਏ ਸਰਦਾਰ ਆ ਗਿਆ, ਮੇਰੇ ਪਿਉ ਦਾ ਯਾਰ ਆ ਗਿਆ।

ਸਰਦਾਰ ਨੂੰ ਚੁਬਾਰੇ ਵਿਚ ਪਾ ਕੇ, ਉੱਪਰ ਪੱਖਾ ਚਲਾ ਕੇ।

ਠੰਡਾ ਪਾਣੀ ਪਿਆ ਕੇ, ਸਰਦਾਰ ਨੂੰ ਸਵਾਂ ਕੇ।

ਲੁੱਟ ਲੈ ਲੁੱਟ ਲੈ ਜਿੰਨਾ ਲੁੱਟਿਆ ਜਾਂਦਾ ਈ।

ਬਿਲਕੁਲ ਇਸੇ ਤਰ੍ਹਾਂ ਅੱਜ ਵੀ ਮੰਡੀਆਂ ਵਿਚ ਕਿਸਾਨਾਂ ਦੀ ਰੱਜ ਕੇ ਲੁੱਟ ਹੋ ਰਹੀ ਹੈ। ਕਿਸਾਨ ਕਦੇ ਵੀ ਇਹ ਨਹੀਂ ਕਹਿੰਦੇ ਕਿ ਫਸਲ ਵੇਚਣ ਚੱਲੇ ਹਾਂ, ਬਲਕਿ ਇਹ ਕਹਿੰਦੇ ਹਨ ਕਿ ਝੋਨਾ ਜਾਂ ਕਣਕ ਮੰਡੀ ਸੁੱਟਣ ਚੱਲੇ ਹਾਂ। ਕਣਕ ਤਾਂ ਚਲੋ ਫਿਰ ਵੀ ਜ਼ਿਆਦਾਤਰ ਸਰਕਾਰੀ ਰੇਟ ’ਤੇ ਵਿਕ ਜਾਂਦੀ ਹੈ, ਪਰ ਝੋਨੇ ਦਾ ਰੇਟ ਸਿਰਫ ਅਤੇ ਸਿਰਫ ਸ਼ੈਲਰਾਂ ਵਾਲਿਆਂ (ਚਾਵਲ ਮਿੱਲ ਮਾਲਕਾਂ) ਅਤੇ ਆੜ੍ਹਤੀਆਂ ਦੇ ਹੱਥ ਵਿਚ ਹੁੰਦਾ ਹੈ। ਅੰਮ੍ਰਿਤਸਰ ਦੀ ਅਨਾਜ ਮੰਡੀ ਦਾ ਤਾਂ ਰੱਬ ਹੀ ਨਿਰਾਲਾ ਹੈ। ਉਥੇ ਦਿਨ ਵਿਚ ਦੋ ਵਾਰੀ (ਸਵੇਰੇ ਅਤੇ ਲੌਢੇ ਵੇਲੇ) ਝੋਨਾ ਖਰੀਦਣ ਵਾਲੇ ਦਲਾਲ ਆਉਂਦੇ ਹਨ, ਜਿਨ੍ਹਾਂ ਨੂੰ ਆਮ ਬੋਲਚਾਲ ਦੀ ਭਾਸ਼ਾ ਵਿਚ ਬੋਲੀ ਕਿਹਾ ਜਾਂਦਾ ਹੈ। ਇਹ ਲੋਕ ਆੜ੍ਹਤੀ ਅਤੇ ਸ਼ੈਲਰਾਂ ਵਾਲਿਆਂ ਦਰਮਿਆਨ ਏਜੰਟ ਦੀ ਭੂਮਿਕਾ ਨਿਭਾਉਂਦੇ ਹਨ, ਦੋਵਾਂ ਪਾਸਿਆਂ ਤੋਂ ਕਮਿਸ਼ਨ ਲੈਂਦੇ ਹਨ, ਜੋ ਅਖੀਰ ਕਿਸਾਨ ਦੇ ਹੱਡਾਂ ਵਿਚੋਂ ਹੀ ਨਿਕਲਦਾ ਹੈ। ਦਲਾਲ ਮਨਮਰਜ਼ੀ ਦਾ ਰੇਟ ਲਗਾਉਂਦੇ ਹਨ ਤੇ ਸ਼ਰੇਆਮ ਦੱਸਣ ਦੀ ਬਜਾਏ ਆੜ੍ਹਤੀ ਦੇ ਕੰਨ ਵਿਚ ਦੱਸਦੇ ਹਨ। ਆੜ੍ਹਤੀ ਅੱਗੇ ਕਿਸਾਨ ਨੂੰ ਪੰਜ ਦੱਸ ਦੇਵੇ, ਪੰਜਾਹ ਦੱਸ ਦੇਵੇ, ਉਸ ਦੀ ਮਰਜ਼ੀ। ਜਿਸ ਕਿਸਾਨ ਨੇ ਚਾਰ ਮਹੀਨੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਝੋਨੇ ਦੀ ਫਸਲ ਤਿਆਰ ਕੀਤੀ ਹੁੰਦੀ ਹੈ, ਉਸ ਨੂੰ ਕੋਈ ਨਹੀਂ ਪੁੱਛਦਾ।

ਮੰਡੀਆਂ ਵਿਚ ਇੱਕ ਹੋਰ ਬਹੁਤ ਹੀ ਘਟੀਆ ਵਰਤਾਰਾ ਚੱਲਦਾ ਹੈ। ਬੋਲੀ ਲਗਾਉਣ ਵਾਲੇ ਵਪਾਰੀ ਆਪਸ ਵਿਚ ਘਾਲਾ-ਮਾਲਾ ਕਰ ਕੇ ਝੋਨੇ ਦਾ ਰੇਟ ਸੁੱਟ ਦੇਂਦੇ ਹਨ। ਇੱਕ ਦਿਨ ਇੱਕ ਸ਼ੈਲਰ ਵਾਲੇ ਦਾ ਘਰ ਭਰ ਦਿੱਤਾ ਜਾਂਦਾ ਹੈ ਤੇ ਅਗਲੇ ਦਿਨ ਦੂਸਰੇ ਦਾ। ਬਹੁਤ ਘੱਟ ਕਿਸਾਨ ਆੜ੍ਹਤੀ ਨਾਲ ਸਵਾਲ-ਜਵਾਬ ਕਰਨ ਦੀ ਹਿੰਮਤ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਫਸਲ ਆਉਣ ਤੋਂ ਪਹਿਲਾਂ ਹੀ ਆੜ੍ਹਤੀਆਂ ਕੋਲੋਂ ਕਰਜ਼ਾ ਚੁੱਕਿਆ ਹੁੰਦਾ ਹੈ। ਕਰਜ਼ਾਈ ਬੰਦੇ ਦੀ ਹਿੰਮਤ ਨਹੀਂ ਹੁੰਦੀ ਕਿ ਉਹ ਸ਼ਾਹ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰ ਸਕੇ। ਆੜ੍ਹਤੀਆਂ ਦਾ ਵਿਆਜ਼ ਚੱਕਰਵਰਤੀ ਹੁੰਦਾ ਹੈ ਤੇ ਕਈ ਵਾਰ ਚਾਰ-ਪੰਜ ਪਰਸੈਂਟ ਤੋਂ ਵੀ ਵਧ ਜਾਂਦਾ ਹੈ। ਹਰੇਕ ਮੰਡੀ ਦੇ ਬਾਹਰ ਸਰਕਾਰ ਵੱਲੋਂ ਵੱਡੇ-ਵੱਡੇ ਬੋਰਡ ਲਗਾਏ ਹੋਏ ਹਨ ਕਿ ਕਿਸਾਨ ਨੇ ਆੜ੍ਹਤੀ ਨੂੰ ਫਲਾਣੇ-ਫਲਾਣੇ ਤੇ ਐਨੇ ਖਰਚੇ ਦੇਣੇ ਹਨ। ਪਰ ਮੈਨੂੰ ਨਹੀਂ ਲੱਗਦਾ ਹੈ ਕਿ 20% ਕਿਸਾਨਾਂ ਨੇ ਵੀ ਕਦੇ ਉਸ ਬੋਰਡ ਵੱਲ ਧਿਆਨ ਦਿੱਤਾ ਹੋਵੇ।

ਰੇਟ ਲੱਗਣ ਤੋਂ ਬਾਅਦ ਸਫਾਈ, ਭਰਾਈ ਅਤੇ ਤੁਲਾਈ ਸਮੇਂ ਵੀ ਕਿਸਾਨਾਂ ਦੀ ਲੁੱਟ ਜਾਰੀ ਰਹਿੰਦੀ ਹੈ। ਜ਼ਿਆਦਾਤਰ ਕਿਸਾਨ ਪਾਸੇ ਬੈਠ ਕੇ ਗੱਪਾਂ ਮਾਰੀ ਜਾਂਦੇ ਹਨ ਜਾਂ ਤਾਸ਼ ਕੁੱਟੀ ਜਾਂਦੇ ਹਨ ਤੇ ਪੱਲੇਦਾਰ ਆਪਣੀ ਗੇਮ ਖੇਡੀ ਜਾਂਦੇ ਹਨ (ਆੜ੍ਹਤੀ ਦੀ ਸਹਿਮਤੀ ਨਾਲ)। ਕਈ ਕਿਸਾਨ ਤਾਂ ਐਨੇ ਸਿਆਣੇ ਹਨ ਕਿ ਮੰਡੀ ਜਾਣ ਲੱਗਿਆਂ ਘਰ ਤੋਂ ਹੀ ਰੂੜੀ ਮਾਰਕਾ ਦੀ ਬੋਤਲ ਲੈ ਕੇ ਤੁਰਦੇ ਹਨ ਜਾਂ ਜਾਂਦਿਆਂ ਸਾਰ ਠੇਕੇ ਤੋਂ ਲੈ ਆਉਂਦੇ ਹਨ। ਤੁਲਾਈ ਸ਼ੁਰੂ ਹੋਣ ਤੱਕ ਉਹ ਰੰਗ-ਬਿਰੰਗੇ ਹੋ ਚੁੱਕੇ ਹੁੰਦੇ ਹਨ। ਆੜ੍ਹਤੀ ਦਾ ਮੁੰਸ਼ੀ ਜਿਹੜੀ ਪਰਚੀ ਫੜਾ ਦੇਵੇ, ਫੜ੍ਹ ਕੇ ਆਠੇ ਵਾਹੁੰਦੇ ਹੋਏ ਪਿੰਡ ਵੱਲ ਚੱਲ ਪੈਂਦੇ ਹਨ। ਬਹੁਤ ਘੱਟ ਕਿਸਾਨ ਬੋਰੀ ਦਾ ਤੋਲ ਚੈੱਕ ਕਰਦੇ ਹਨ। ਜੇ ਕਿਤੇ ਕਿਸਾਨ ਵੱਧ ਕੀਤੀ ਹੋਈ ਤੁਲਾਈ ਫੜ੍ਹ ਵੀ ਲਵੇ, ਤਾਂ ਆੜ੍ਹਤੀ ਸਾਰਾ ਭਾਂਡਾ ਪੱਲੇਦਾਰ ਦੇ ਸਿਰ ’ਤੇ ਭੰਨ ਦੇਂਦਾ ਹੈ, ਅਸਲ ਵਿਚ ਦੋਵੇਂ ਰਲੇ ਹੋਏ ਹੁੰਦੇ ਹਨ। ਕਰਜ਼ੇ ਥੱਲੇ ਦੱਬੇ ਹੋਏ ਜ਼ਿਆਦਾਤਰ ਕਿਸਾਨ ਆੜ੍ਹਤੀ ਨਾਲ ਹਿਸਾਬ ਕਰਨ ਦੀ ਜ਼ੁਰੱਅਤ ਨਹੀਂ ਕਰਦੇ ਕਿ ਕਿਤੇ ਇਹ ਸਾਰੇ ਪੈਸੇ ਐਡਵਾਂਸ ਵਿਚ ਹੀ ਨਾ ਕੱਟ ਲਵੇ। ਜੋ ਆੜ੍ਹਤੀ ਨੇ ਕਹਿ ਦਿੱਤਾ, ਸੋ ਸੱਤ ਬਚਨ।

1989-90 ਦੀ ਗੱਲ ਹੈ, ਮੈਂ ਝੋਨੇ ਦੀ ਟਰਾਲੀ ਲੈ ਕੇ ਭਗਤਾਂ ਵਾਲਾ ਦਾਣਾ ਮੰਡੀ ਅੰਮ੍ਰਿਤਸਰ ਗਿਆ ਸੀ। ਪਹਿਲਾਂ ਮੈਂ ਆੜ੍ਹਤੀ ਨਾਲ ਇਸ ਗੱਲ ਤੋਂ ਪੰਗਾ ਪਾ ਲਿਆ ਕਿ ਦਲਾਲ ਤੇਰੇ ਕੰਨ ਵਿਚ ਕਿਉਂ ਰੇਟ ਦੱਸਦੇ ਹਨ? ਸ਼ਰੇਆਮ ਦੱਸਣ, ਮੇਰੀ ਮਰਜ਼ੀ ਮੈਂ ਵੇਚਾਂ ਜਾਂ ਨਾ ਵੇਚਾਂ। ਮੇਰੀ ਦਲਾਲਾਂ ਨਾਲ ਤੂੰ-ਤੂੰ, ਮੈਂ-ਮੈਂ ਹੋ ਗਈ। ਮੈਂ ਸੋਚਿਆ ਕਿ ਸ਼ਾਇਦ ਬਾਕੀ ਦੇ ਕਿਸਾਨ ਮੇਰੀ ਹਮਾਇਤ ਵਿਚ ਅੱਗੇ ਆਉਣਗੇ। ਪਰ ਉਹ ਤਾਂ ਉਲਟਾ ਮੇਰੇ ਨਾਲ ਹੀ ਔਖੇ ਹੋ ਗਏ ਕਿ ਤੂੰ ਤਾਂ ਲੱਗਦਾ ਅੱਜ ਝੋਨਾ ਹੀ ਨਹੀਂ ਵਿਕਣ ਦੇਣਾ। ਉਸ ਤੋਂ ਬਾਅਦ ਝੋਨੇ ਦੀ ਸਫਾਈ ਸ਼ੁਰੂ ਹੋ ਗਈ। ਥੋੜ੍ਹੀ ਦੇਰ ਬਾਅਦ ਇੱਕ ਮੰਗਤਾ ਆ ਗਿਆ, ਤਾਂ ਇੱਕ ਪੱਲੇਦਾਰ ਨੇ ਮੈਨੂੰ ਪੁੱਛੇ ਬਗੈਰ ਝੋਨੇ ਦਾ ਅੱਧਾ ਪੀਪਾ ਉਸ ਦੀ ਝੋਲੀ ਵਿਚ ਪਾ ਦਿੱਤਾ। ਮੰਗਤਾ ਉਸ ਨੂੰ ਅਸੀਸਾਂ ਦੇਂਦਾ ਹੋਇਆ ਆਪਣੇ ਰਾਹ ਪੈ ਗਿਆ। ਇਸ ਤੋਂ ਬਾਅਦ ਪੱਲੇਦਾਰਾਂ ਨੂੰ ਪਾਣੀ ਪਿਆਉਣ ਵਾਲੀ ਇੱਕ ਔਰਤ ਆ ਗਈ। ਸਾਰੇ ਪੱਲੇਦਾਰਾਂ ਨੇ ਪਾਣੀ ਪੀਤਾ ਤੇ ਫਿਰ ਇੱਕ ਪੀਪਾ ਝੋਨੇ ਦਾ ਉਸ ਨੂੰ ਵੀ ਦੇ ਦਿੱਤਾ। ਡੇਢ-ਦੋ ਘੰਟਿਆਂ ਵਿਚ ਝੋਨੇ ਦੇ ਚਾਰ-ਪੰਜ ਪੀਪੇ ਉਨ੍ਹਾਂ ਦਾਨੀਂ ਸੱਜਣਾਂ ਨੇ ਦਾਨ ਕਰਕੇ ਆਪਣਾ ਅੱਗਾ ਸਵਾਰ ਲਿਆ।

ਮੇਰੇ ਕੋਲੋਂ ਰਿਹਾ ਨਾ ਗਿਆ ਤੇ ਮੈਂ ਆਪਣੇ ਆੜ੍ਹਤੀ ਦੀ ਆੜ੍ਹਤ ’ਤੇ ਕਿਸੇ ਹੋਰ ਕਿਸਾਨ ਦੀ ਤੁਲੀ ਹੋਈ ਬੋਰੀ ਧੂਹ ਕੇ ਆਪਣੇ ਝੋਨੇ ਵੱਲ ਕਰ ਲਈ। ਪੱਲੇਦਾਰਾਂ ਦਾ ਚੌਧਰੀ ਭੱਜ ਕੇ ਮੇਰੇ ਵੱਲ ਆਇਆ ਤੇ ਪੁੱਛਣ ਲੱਗਾ ਕਿ ਇਹ ਕੀ ਕਰ ਰਿਹਾਂ ਹੈਂ। ਮੈਂ ਉਸ ਨੂੰ ਜਵਾਬ ਦਿੱਤਾ ਕਿ ਤੂੰ ਮੇਰੇ ਤੋਂ ਬਿਨਾਂ ਪੁੱਛੇ ਜਿੰਨਾਂ ਝੋਨਾ ਲੁਟਾਵੇਂਗਾ, ਮੈਂ ਉਨੀਆਂ ਹੀ ਬੋਰੀਆਂ ਇਧਰੋਂ ਪੂਰੀਆਂ ਕਰੀ ਜਾਣੀਆਂ ਹਨ। ਚੌਧਰੀ ਛਿੱਥਾ ਜਿਹਾ ਪੈ ਗਿਆ ਤੇ ਅਗਾਂਹ ਤੋਂ ਉਸ ਨੇ ਮੇਰੇ ਝੋਨੇ ਵੱਲ ਨਾ ਵੇਖਿਆ। ਮੈਂ ਤਾਂ ਝੋਨੇ ਦੀ ਸਫਾਈ ਤੋਂ ਬਾਅਦ ਨਿਕਲਿਆ ਫੂਸ ਵੀ ਲੈ ਆਉਂਦਾ ਹੁੰਦਾ ਸੀ। ਉਸ ਵਿਚ ਪੱਲੇਦਾਰ ਇੱਕ ਟਰਾਲੀ ਪਿੱਛੇ ਦਸ-ਪੰਦਰਾਂ ਕਿੱਲੋ ਅਨਾਜ ਤਾਂ ਛੱਡ ਹੀ ਦੇਂਦੇ ਹਨ। ਪਰ ਵੇਖਿਆ ਜਾਵੇ ਤਾਂ ਜ਼ਿਆਦਾਤਰ ਕਿਸਾਨ ਇਸ ਲੁੱਟ ਦੇ ਖੁਦ ਜ਼ਿੰਮੇਵਾਰ ਹਨ। ਅਸੀਂ ਬਿਨਾਂ ਵਜ੍ਹਾ ਆਪਣੀਆਂ ਜ਼ਰੂਰਤਾਂ ਵਧਾਈਆਂ ਹੋਈਆਂ ਹਨ। ਵਿਆਹਾਂ ਅਤੇ ਮਰਨਿਆਂ ਪਰਨਿਆਂ ’ਤੇ ਰੱਜ ਕੇ ਫਜ਼ੂਲਖਰਚੀ ਕਰਦੇ ਹਾਂ। ਪੰਜ ਪਰਸੈਂਟ ਵੀ ਕਿਸਾਨ ਹੱਥੀਂ ਕੰਮ ਕਰਕੇ ਰਾਜ਼ੀ ਨਹੀਂ। ਜਿਹੜਾ ਕਿਸਾਨ ਚਾਦਰ ਵੇਖ ਕੇ ਪੈਰ ਪਸਾਰਦਾ ਹੈ ਤੇ ਬਿਨਾਂ ਵਜ੍ਹਾ ਕਰਜ਼ਾ ਨਹੀਂ ਚੁੱਕਦਾ, ਆੜ੍ਹਤੀ ਉਸ ਨਾਲ ਤਿੰਨ-ਪੰਜ ਕਰਨ ਦੀ ਹਿੰਮਤ ਨਹੀਂ ਕਰਦਾ। ਅਨੇਕਾਂ ਅਜਿਹੇ ਸਿਆਣੇ ਕਿਸਾਨ ਹਨ, ਜੋ ਆੜ੍ਹਤੀ ਤੋਂ ਕਰਜ਼ਾ ਲੈਣ ਦੀ ਬਜਾਏ, ਉਸ ਕੋਲ ਪੈਸੇ ਰੱਖ ਕੇ ਵਿਆਜ਼ ਲੈਂਦੇ ਹਨ।

Do you know how to plan & secure your finances?

*Book your free consultations for*

- ✔ Tax free Retirement Planning
- ✔ College Education Planning
- ✔ Proper Protection
- ✔ Health & Disability (Long Term Care Planning)
- ✔ Annuities
- ✔ Will & Trust (Discounted for a limited time with conditions applied)
- ✔ Building Legacy

Harsimran Bajwa

Lic# 4267166

Call/Text: (916) 479-4783

Email: bajwahgi@gmail.com



*Let's do the needful to secure our life and our family's future!*



# ਪ੍ਰੋ. ਰਾਮ ਲਾਲ ਭਗਤ ਦਾ ਕਾਵਿ ਸੰਗ੍ਰਹਿ ਸਰਦਾਰਨੀਆਂ ਔਰਤ ਦੀ ਬਹਾਦਰੀ ਦਾ ਪ੍ਰਤੀਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਪ੍ਰੋ. ਰਾਮ ਲਾਲ ਭਗਤ ਬਹੁਪੱਖੀ ਸ਼ਾਇਰ ਹੈ। ਉਸ ਦੀਆਂ ਕਵਿਤਾਵਾਂ ਦੇ ਵਿਸ਼ੇ ਸਮਾਜ ਵਿਚ ਵਾਪਰਨ ਵਾਲੀਆਂ ਤਤਕਾਲੀ ਘਟਨਾਵਾਂ ਦੀ ਤਰਜ਼ਮਾਨੀ ਕਰਨ ਵਾਲੇ ਹੁੰਦੇ ਹਨ। ਉਸ ਨੇ ਹੁਣ ਤੱਕ 8 ਕਾਵਿ ਸੰਗ੍ਰਹਿ ਪ੍ਰਕਾਸ਼ਤ ਕੀਤੇ ਹਨ। ਪੜਚੋਲ ਅਧੀਨ ਕਾਵਿ ਸੰਗ੍ਰਹਿ ਦਾ ਸਿਰਲੇਖ ਕਿਸਾਨੀ ਨਾਲ ਸੰਬੰਧਤ ਸੰਸਾਰ ਵਿਚ ਸਭ ਤੋਂ ਵੱਡੇ ਕਿਸਾਨ ਅੰਦੋਲਨ ਵਿਚ ਇਸਤਰੀਆਂ ਦੇ ਯੋਗਦਾਨ ਬਾਰੇ 'ਸਰਦਾਰਨੀਆਂ' ਹੈ। ਕਾਵਿ ਸੰਗ੍ਰਹਿ ਦਾ ਨਾਮ 'ਸਰਦਾਰਨੀਆਂ' ਸਮੁੱਚੀ ਇਸਤਰੀ ਜਾਤੀ ਦੀ ਪ੍ਰਤੀਨਿਧਤਾ ਕਰਦਾ ਹੈ ਕਿਉਂਕਿ ਸਿੱਖ ਇਤਿਹਾਸ ਵਿਚ ਸਰਦਾਰਨੀਆਂ ਨੂੰ ਬਹਾਦਰੀ ਦਾ ਪ੍ਰਤੀਕ ਗਿਣਿਆਂ ਜਾਂਦਾ ਹੈ। ਇਸ ਕਾਵਿ ਸੰਗ੍ਰਹਿ ਵਿਚ ਸਮੁੱਚੇ ਭਾਰਤ ਵਿਚੋਂ ਕਿਸਾਨ ਅੰਦੋਲਨ ਵਿਚ ਇਸਤਰੀਆਂ ਦਾ ਵੱਡੀ ਮਾਤਰਾ ਵਿਚ ਸ਼ਾਮਲ ਹੋਣਾ ਹੀ ਨਹੀਂ, ਸਗੋਂ ਲਗਾਤਾਰ ਡਟੇ ਰਹਿਣ ਦੀ ਬਹਾਦਰੀ ਦੇ ਸੋਹਲੇ ਗਾਏ ਗਏ ਹਨ। ਇਸਤਰੀ ਦੀ ਹੋਂਦ ਤੋਂ ਬਿਨਾ ਸਮਾਜ ਅਧੂਰਾ ਹੁੰਦਾ ਹੈ। ਹੁਣ ਤੱਕ ਸੰਸਾਰ ਵਿਚ ਹੋਏ ਅੰਦੋਲਨਾਂ ਵਿਚ ਇਸਤਰੀਆਂ ਇਤਨੀ ਵੱਡੀ ਗਿਣਤੀ ਵਿਚ ਕਦੀਂ ਵੀ ਸ਼ਾਮਲ ਨਹੀਂ ਹੋਈਆਂ। ਇਸ ਕਾਵਿ ਸੰਗ੍ਰਹਿ ਵਿਚ ਕਵਿਤਾ ਦੇ ਵੱਖ-ਵੱਖ ਰੂਪ ਵਾਲੀਆਂ 84 ਕਵਿਤਾਵਾਂ ਹਨ। ਪ੍ਰੋ. ਰਾਮ ਲਾਲ ਭਗਤ ਨੇ ਇਸਤਰੀ ਦੀ ਬਹਾਦਰੀ ਅਤੇ ਸਮਾਜ ਬਾਰੇ ਪ੍ਰਤੀਬੱਧਤਾ ਦਾ ਜ਼ਿਕਰ ਕਰਦਿਆਂ ਇਤਿਹਾਸ ਵਿਚੋਂ ਉਦਾਹਰਣਾਂ ਦੇ ਕੇ ਇਸਤਰੀ ਦੀ ਬਹਾਦਰੀ ਦੇ ਕਸੀਦੇ ਪੜ੍ਹੇ ਹਨ। ਸਮਾਜ ਦੇ ਅੱਧੇ ਹਿੱਸੇ ਇਸਤਰੀਆਂ ਦੀ ਪੜ੍ਹਾਈ 'ਤੇ ਜ਼ੋਰ ਦਿੰਦਿਆਂ ਕਵੀ ਲਿਖਦਾ ਹੈ ਕਿ ਵਿਦਿਆ ਦਾ ਚਾਨਣ ਫੈਲਾਉਣ ਵਿਚ ਇਸਤਰੀਆਂ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ ਕਿਉਂਕਿ ਪਰਿਵਾਰਾਂ ਦਾ ਭਵਿੱਖ ਪੜ੍ਹੀ-ਲਿਖੀ ਇਸਤਰੀ 'ਤੇ ਨਿਰਭਰ ਹੁੰਦਾ ਹੈ। ਕਿਸਾਨ ਅੰਦੋਲਨ ਦੀ ਸਫਲਤਾ ਦਾ ਜ਼ਿਕਰ ਕਰਦਿਆਂ ਕਵੀ ਲੋਕਾਈ ਦੀ ਇੱਕਮੁੱਠਤਾ ਸ਼ਕਤੀ ਨੂੰ ਸਲਾਮ ਕਰਦਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਇਸਤਰੀਆਂ ਨੂੰ ਚੇਤੰਨ ਅਤੇ ਸੰਜੀਦਾ ਹੋ ਕੇ ਸੁਜੱਗ ਰਹਿਣ 'ਤੇ ਵੀ ਜ਼ੋਰ ਦਿੰਦਾ ਹੈ। 'ਕਵਿਤਾ' ਸਿਰਲੇਖ ਵਾਲੀ ਕਵਿਤਾ ਵਿਚ ਇਸਤਰੀ ਦੀ ਬਹਾਦਰੀ ਨੂੰ ਸੰਸਾਰ ਦੇ ਅਧਿਆਤਮਿਕ ਮਹਾਂ ਪੁਰਖਾਂ ਦੀ ਅਕੀਦਤ ਦਾ ਜ਼ਿਕਰ ਕਰਦਾ ਹੈ। 'ਸਤ ਫੁੱਲ' ਕਵਿਤਾ ਵਿਚ ਕਵੀ ਇਸਤਰੀਆਂ ਅਤੇ ਬਜ਼ੁਰਗਾਂ ਨੂੰ ਪ੍ਰੇਰਨਾ ਵੀ ਕਰਦਾ ਹੈ ਕਿ ਆਪਣੀਆਂ ਨੂੰਹਾਂ ਦੀ ਕਦਰ ਕਰਨ ਦਾ ਪ੍ਰਣ ਲੈਣ, ਤਾਂ ਜੋ ਸਮਾਜ ਸਿਹਤਮੰਦ ਬਣ ਸਕੇ। 'ਬੇਬੇ ਦਾ ਸੰਦੂਕ' ਕਵਿਤਾ ਪੰਜਾਬ ਦੀ ਵਿਰਾਸਤ ਸਾਂਭ ਕੇ ਰੱਖਣ ਦੀ ਤਾਕੀਦ ਕਰਦਾ ਹੈ। 'ਵਲੈਤਣ ਜੁਗਨੀ', 'ਨੇਤਾ ਜੀ', 'ਵੋਟਾਂ', 'ਢੋਲੀਆ' ਅਤੇ 'ਭਾਰਤ ਮਹਾਨ' ਕਵਿਤਾਵਾਂ ਵਿਚ ਸਮਾਜ ਵਿਚ ਵੱਧ ਰਹੇ ਭ੍ਰਿਸ਼ਟਾਚਾਰ, ਜਾਤ-ਪਾਤ, ਮਿਲਾਵਟਖੋਰੀ, ਨੇਤਾਵਾਂ ਦੀ ਧਿੰਗੋਜ਼ੋਰੀ ਆਦਿ ਅਤੇ ਨਸ਼ਿਆਂ ਦਾ ਪ੍ਰਕੋਪ ਨੂੰ ਦੂਰ ਕਰਨ ਵਿਚ ਸਮਾਜ ਨੂੰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਸਮਾਜਿਕ ਬੁਰਾਈਆਂ ਲੋਕਾਈ ਅਤੇ ਖਾਸ ਤੌਰ 'ਤੇ ਇਸਤਰੀਆਂ ਦੇ ਸਹਿਯੋਗ ਤੋਂ ਬਿਨਾ ਖ਼ਤਮ ਨਹੀਂ ਕੀਤੀਆਂ ਜਾ ਸਕਦੀਆਂ। ਕਿਸਾਨਾਂ ਦੇ ਪੜ੍ਹੇ-ਲਿਖੇ ਹੋਣ ਦੀ ਵੀ ਜ਼ਰੂਰਤ ਹੈ। ਗ਼ਰੀਬ-ਅਮੀਰ ਦਾ ਪਾੜਾ ਵਧਾਉਣ ਦੇ ਜ਼ਿੰਮੇਵਾਰ ਸਿਆਸਤਦਾਨ ਅਤੇ ਅਧਿਕਾਰੀਆਂ ਨੂੰ ਗਰਦਾਨਦਾ ਹੈ। 'ਕੁੜੀਆਂ' ਸਿਰਲੇਖ ਵਾਲੀ ਕਵਿਤਾ ਲੜਕੀਆਂ ਵਿਚ ਆ ਰਹੀ ਜਾਗ੍ਰਿਤੀ ਦਾ ਪ੍ਰਤੀਕ ਹੈ। ਕੁੜੀਆਂ ਹੁਣ ਅਬਲਾ ਨਹੀਂ ਹਨ। 'ਸਰਦਾਰਨੀਆਂ' ਕਵਿਤਾ ਵਿਚ ਕਵੀ ਲਿਖਦਾ ਹੈ ਕਿ ਸਮਾਜ ਦੇ ਜਾਗ੍ਰਿਤ ਹੋਣ ਨਾਲ ਲੋਕ ਆਪਣੇ ਹੱਕ ਆਪ ਹੀ ਖੋਹ ਲੈਣਗੇ। ਪੁਰਾਤਨ ਗਲੀਆਂ-ਸੜੀਆਂ ਪ੍ਰੰਪਰਾਵਾਂ ਤੋਂ ਖਹਿੜਾ ਛੁਡਾਕੇ ਅੱਗੇ ਵੱਧਣ ਨੂੰ ਤਰਜੀਹ ਦਿੱਤੀ ਜਾਵੇ। 'ਬੈਂਤ' ਵਿਚ ਕਵੀ ਇਸਤਰੀ ਨੂੰ ਆਪਣਾ ਮੂਲ ਪਛਾਨਣ ਲਈ ਪ੍ਰੇਰਦਾ ਹੈ। 'ਰਿਸ਼ਵਤਖ਼ੋਰ' ਕਵਿਤਾ ਵਿਚ ਨਿਆਂਇਕ ਪ੍ਰਣਾਲੀ ਨੂੰ ਵੀ ਵੰਗਾਰਿਆ ਗਿਆ ਹੈ। 'ਨੇਤਾ ਜੀ' ਕਵਿਤਾ ਵਿਚ ਲੋਕਾਂ ਨੂੰ ਕਵੀ ਆਗਾਹ ਕਰਦਾ ਹੈ ਕਿ ਪਾਰਟੀਆਂ ਬਦਲ ਕੇ ਗੁੰਮਰਾਹ ਕਰਨ ਵਾਲੇ ਨੇਤਾਵਾਂ ਤੋਂ ਸੁਚੇਤ ਰਹੋ। ਵੋਟ ਦਾ ਇਸਤੇਮਾਲ ਸੋਚ ਸਮਝ ਕੇ ਕਰਨਾ ਚਾਹੀਦਾ ਹੈ। ਲਾਲਚ ਨੂੰ ਤਿਆਗੋਗੇ, ਤਾਂ ਹੀ ਸਿਹਤਮੰਦ ਸਮਾਜ ਉਸਰੇਗਾ। 'ਕੈਨੇਡੀਅਨ ਲਾੜਾ' ਕਵਿਤਾ ਪੰਜਾਬੀਆਂ ਦੀ ਪ੍ਰਵਾਸ ਵਿਚ ਗ਼ਲਤ ਢੰਗ ਨਾਲ ਅਣਜੋੜ ਵਿਆਹ ਕਰਵਾਕੇ ਜਾਣ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦੀ ਹੈ। 'ਲੋਰੀ' ਕਵਿਤਾ ਭਰੂਣ ਹੱਤਿਆ ਦਾ ਪਾਜ ਖੋਲ੍ਹਦੀ ਹੈ ਕਿ ਕਿਵੇਂ ਜੰਮਦੀਆਂ ਬੱਚੀਆਂ ਦੀ ਭਰੂਣ ਹੱਤਿਆ ਕੀਤੀ ਜਾਂਦੀ ਹੈ। 'ਮਾਵਾਂ' ਕਵਿਤਾ ਪਰਵਾਸ ਵਿਚ ਵਸਣ ਲਈ ਗਏ ਪੁੱਤਰਾਂ ਦੀ ਉਡੀਕ ਵਿਚ ਤਰਸਦੀਆਂ ਮਾਵਾਂ ਦਾ ਬਿਰਤਾਂਤ ਹੈ। 'ਕਾਵਾਂ' ਕਵਿਤਾ ਵਿਚ ਅਨੇਕ ਵਿਸ਼ੇ ਛੋਹ ਕੇ ਦੱਸਿਆ ਗਿਆ ਹੈ ਕਿ ਪੰਜਾਬੀ ਆਪਣੀ ਅਮੀਰ ਵਿਰਾਸਤ ਤੋਂ ਵੀ ਕੁਝ ਗ੍ਰਹਿਣ ਕਰਨ ਲਈ ਤਿਆਰ ਨਹੀਂ ਹਨ। 'ਜ਼ਰਾ ਬਚ ਕੇ ਮੋੜ ਤੋਂ' ਕਵਿਤਾ ਵਿਚ ਮਾਪਿਆਂ ਦੀ ਕਮਾਈ ਦਾ ਨਾਜਾਇਜ਼ ਲਾਭ ਉਠਾਉਣ ਦੀ ਥਾਂ ਨੌਜਵਾਨਾਂ ਨੂੰ ਹੱਥੀਂ ਮਿਹਨਤ ਕਰਕੇ ਸਫਲ ਹੋਣ ਦੀ ਪ੍ਰੇਰਨਾ ਦਿੰਦੀ ਹੈ। 'ਆਈਲੈਟਸ' ਕਵਿਤਾ ਲੜਕਿਆਂ ਦੀ ਪੜ੍ਹਾਈ ਵਿਚ ਕਮਜ਼ੋਰੀ ਅਤੇ ਵਿਆਹ ਲਈ ਆਈਲੈਟਸ ਪੜ੍ਹੀਆਂ ਲੜਕੀਆਂ ਦੇ ਮਗਰ ਪਾਗਲਾਂ ਵਾਂਗ ਮੇਲ੍ਹਦੇ ਫਿਰਦੇ ਲੜਕਿਆਂ ਤ੍ਰਾਸਦੀ ਪ੍ਰਗਟਾਉਂਦੀ ਹੈ। ਲੜਕੀਆਂ ਦੀ ਪ੍ਰਤਿਭਾ ਦਾ ਹੁਣ ਮੁੱਲ ਪੈਣ ਲੱਗਿਆ ਹੈ। 'ਵਿਦੇਸ਼' ਕਵਿਤਾ ਵਿਚ ਪੰਜਾਬੀ ਨੌਜਵਾਨਾਂ ਨੂੰ ਆਪਣੇ ਦੇਸ਼ ਵਿਚ ਹੀ ਮਿਹਨਤ ਮਜ਼ਦੂਰੀ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਸ ਪ੍ਰਕਾਰ ਨੌਜਵਾਨ ਆਪਣੇ ਮਾਪਿਆਂ ਦੀ ਦੇਖਭਾਲ ਵੀ ਕਰ ਸਕਦੇ ਹਨ। 'ਬਾਬੇ' ਅਤੇ 'ਅੰਨ੍ਹੀ ਸ਼ਰਧਾ' ਕਵਿਤਾਵਾਂ ਆਧੁਨਿਕ ਠੱਗਾਂ ਦੀ ਬਾਤ ਪਾਉਂਦੀਆਂ ਹਨ। ਢੋਂਗੀ ਲੋਕ ਸ਼ਰੀਫ ਘਰਾਂ ਦੀਆਂ ਇਸਤਰੀਆਂ ਨੂੰ ਗੁੰਮਰਾਹ ਕਰਕੇ ਲਾਭ ਉਠਾਉਂਦੇ ਹਨ। ਕਵੀ ਇਸਤਰੀਆਂ ਨੂੰ ਆਗਾਹ ਕਰਦਾ ਹੈ ਕਿ ਵਹਿਮਾਂ-ਭਰਮਾਂ ਵਿਚ ਪੈ ਕੇ ਬਾਬਿਆਂ ਦੇ ਚੁੰਗਲ ਵਿਚ ਫਸਣ ਤੋਂ ਪਰਹੇਜ਼ ਕਰਨ। ਔਰਤਾਂ ਵੱਲੋਂ ਇਹ ਪਾਖੰਡਵਾਦ ਅਤੇ ਰੂੜੀਵਾਦੀ ਸੋਚ ਤੋਂ ਕਿਨਾਰਾ ਕਰਨ ਨਾਲ ਹੀ ਸਮਾਜ ਬਿਹਤਰੀਨ ਬਣ ਸਕਦਾ ਹੈ। ਕੁੜੀਆਂ ਹੁਣ ਚਿੜੀਆਂ ਨਹੀਂ ਰਹੀਆਂ, ਹੁਣ ਉਹ ਹਰ ਚੁਣੌਤੀ ਦਾ ਮੁਕਾਬਲਾ ਕਰਨ ਦੇ ਸਮਰੱਥ ਹਨ। 'ਲਾੜਿਆਂ ਦੀ ਸੇਲ' ਕਵਿਤਾ ਕਾਟਵੇਂ ਵਿਅੰਗ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ। ਕਵੀ ਮਹਿਸੂਸ ਕਰਦਾ ਹੈ ਕਿ ਨਸ਼ਿਆਂ ਦੀ ਲਾਹਨਤ ਨੂੰ ਪੜ੍ਹੀਆਂ-ਲਿਖੀਆਂ ਇਸਤਰੀਆਂ ਆਪਣੇ ਬੱਚਿਆਂ ਨੂੰ ਸਹੀ ਕਦਰਾਂ-ਕੀਮਤਾਂ ਬਾਰੇ ਜਾਣਕਾਰੀ ਦੇ ਕੇ ਖ਼ਤਮ ਕਰ ਸਕਦੀਆਂ ਹਨ। 'ਸਰਦਾਰਨੀਆਂ ਧੀਆਂ' ਕਵਿਤਾ ਵਿਚ ਔਰਤਾਂ ਨੂੰ ਬਾਬੇ ਦੀਆਂ ਲਾਡਲੀਆਂ, ਮਾਈ ਭਾਗੋ ਦੀਆਂ ਪਿਆਰੀਆਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤਲਵਾਰ ਦਾ ਦਰਜਾ ਦਿੰਦਾ ਹੈ। 'ਵੇ ਹਾਕਮਾ' ਕਵਿਤਾ ਵਿਚ ਵਿਅੰਗ ਕਰਦਾ ਹੈ ਕਿ ਗ਼ਰੀਬ ਲੋਕਾਂ ਦੀਆਂ ਫਸਲਾਂ ਵਿਕ ਨਹੀਂ ਰਹੀਆਂ ਪ੍ਰੰਤੂ ਧਰਮਾਂ ਦੀਆਂ ਲੜਾਈਆਂ ਪਾ ਕੇ ਹਾਕਮ ਦੇਸ਼ ਨੂੰ ਵੇਚ ਰਹੇ ਹਨ। ਕਵੀ ਉਨ੍ਹਾਂ ਮਾਪਿਆਂ ਦੀ ਨਿੰਦਿਆ ਵੀ ਕਰਦਾ ਹੈ, ਜੋ ਆਪਣੀਆਂ ਧੀਆਂ ਦੇ ਅਣਜੋੜ ਵਿਆਹ ਕਰਕੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਘਾਣ ਕਰਦੇ ਹਨ। 'ਰੱਬਾ ਖ਼ੈਰ ਹੋਵੇ' ਕਵਿਤਾ ਵਿਚ ਕਵੀ ਖ਼ੁਰਾਕੀ ਵਸਤਾਂ ਵਿਚ ਮਿਲਾਵਟ 'ਤੇ ਕਿੰਤੂ-ਪ੍ਰੰਤੂ ਕਰਦਾ ਹੈ। ਪ੍ਰੋ. ਰਾਮ ਲਾਲ ਭਗਤ ਦੀਆਂ ਸਾਰੀਆਂ ਕਵਿਤਾਵਾਂ ਇੱਕ ਧੀਅ ਦੇ ਆਲੇ-ਦੁਆਲੇ ਹੀ ਘੁੰਮਦੀਆਂ ਹਨ। ਉਨ੍ਹਾਂ ਆਪਣੀਆਂ ਕਵਿਤਾਵਾਂ ਵਿਚ ਕੋਸ਼ਿਸ਼ ਕੀਤੀ ਹੈ ਕਿ ਸਮਾਜ ਧੀਆਂ ਦੀ ਅਹਿਮੀਅਤ ਨੂੰ ਸਮਝਕੇ ਇਸ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਹੋਵੇ। ਹਰ ਪਰਿਵਾਰ ਇਕ ਧੀਅ ਦੇ ਆਲੇ-ਦੁਆਲੇ ਹੀ ਘੁੰਮਦਾ ਹੈ, ਪਹਿਲਾਂ ਧੀ, ਨੂੰਹ, ਨਾਨੀ ਅਤੇ ਦਾਦੀ ਦੇ ਰੂਪ ਵਿਚ ਪਰਿਵਾਰ ਨੂੰ ਜੋੜੀ ਰੱਖਦੀ ਹੈ। ਇਕ ਭੈਣ ਹੀ ਭਰਾ ਦੀ ਮੰਗ ਕਰਦੀ ਹੋਈ ਅਰਜੋਈ ਕਰਦੀ ਹੈ। ਕਵੀ ਧੀ ਨੂੰ ਕਦੀ ਸ਼ੇਰਨੀ ਅਤੇ ਕਦੀ ਸਰਦਾਰਨੀਆਂ ਕਹਿਕੇ ਸਤਿਕਾਰ ਦਿੰਦਾ ਹੈ। 'ਧੀਆਂ' ਕਵਿਤਾ ਵਿਚ ਧੀਆਂ ਦੀ ਪ੍ਰਸ਼ੰਸਾ ਕਰਦਾ ਕਵੀ ਲਿਖਦਾ ਹੈ:-

ਇਹ ਧੀਆਂ ਫੁੱਲ ਗੁਲਾਬ ਵਰਗੀਆਂ, ਇਹ ਧੀਆਂ ਪੰਜ ਆਬ ਵਰਗੀਆਂ।

ਇਹ ਧੀਆਂ ਸੁੱਚੀ ਅਰਾਧਨਾ ਵਰਗੀਆਂ, ਇਹ ਧੀਆਂ ਭਗਤੀ ਸਾਧਨਾ ਵਰਗੀਆਂ।

'ਯਾਦਾਂ ਦੀ ਪਟਾਰੀ' ਕਵਿਤਾ ਵਿਚ ਕਵੀ ਨੇ ਦੱਸਿਆ ਹੈ ਕਿ ਆਧੁਨਿਕਤਾ ਦੀ ਆੜ ਵਿਚ ਧੀਆਂ ਵਿਰਾਸਤੀ ਚੀਜ਼ਾਂ ਤੋਂ ਮੁੱਖ ਮੋੜ ਗਈਆਂ ਹਨ। ਉਨ੍ਹਾਂ ਨੂੰ ਚਰਖੇ ਕੱਤਣਾ, ਕਪਾਹ ਚੁਗਣਾ, ਫੁੱਲ ਬੂਟੀਆਂ ਦੀ ਕਢਾਈ, ਇੱਕ-ਇੱਕ ਤੋਪਾ ਪਾਉਣਾ ਆਦਿ ਸਾਰਾ ਕੁਝ ਵਿਸਰ ਗਿਆ ਹੈ। ਵਿਰਾਸਤ ਗਹਿਣਾ ਹੁੰਦਾ ਹੈ। ਇਸ 'ਤੇ ਪਹਿਰਾ ਦੇਣਾ ਚਾਹੀਦਾ ਹੈ। 'ਲਾਡਲੀਆਂ' ਕਵਿਤਾ ਵਿਚ ਧੀਆਂ ਬਾਰੇ ਲਿਖਿਆ ਹੈ:-

ਰੁੱਖਾਂ ਦੀਆਂ ਛਾਵਾਂ ਕਦੇ ਨੂੰਹਾਂ ਕਦੇ ਮਾਵਾਂ, ਸੋਹਣਾ ਵੰਸ਼ ਸਜਾਇਆ ਧੀਆਂ ਲਾਡਲੀਆਂ ਨੇ।

ਸਿਆਸਤਦਾਨ ਵੋਟਾਂ ਮੌਕੇ ਧੀਆਂ ਦੇ ਨਾਮ 'ਤੇ ਪੈਨਸ਼ਨਾਂ ਵਧਾਉਂਦੇ ਅਤੇ ਸ਼ਗਨ ਸਕੀਮਾਂ ਲਾਗੂ ਕਰਕੇ ਲਾਭ ਉਠਾਉਂਦੇ ਹਨ। ਇਸ ਲਈ ਧੀਆਂ ਨੂੰ ਆਪਣੀ ਅਹਿਮੀਅਤ ਨੂੰ ਸਮਝਣਾ ਚਾਹੀਦਾ ਹੈ। ਲੁਭਾਊ ਗੱਲਾਂ ਦੇ ਮਗਰ ਨਹੀਂ ਲੱਗਣਾ ਚਾਹੀਦਾ।


118 ਪੰਨਿਆਂ, 250 ਰੁਪਏ ਕੀਮਤ ਵਾਲੀ ਰੰਗਦਾਰ ਮੁੱਖ ਕਵਰ ਵਾਲੀ ਇਹ ਪੁਸਤਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।











# ਧਰਮੀ ਲੋਕ ਤੇ ਸੰਗਠਿਤ ਅਪਰਾਧ

ਸੱਤਪਾਲ ਸਿੰਘ ਦਿਓਲ
ਐਡਵੋਕੇਟ
98781-70771
(Punjab Mail USA)



ਮਾਨਸਿਕ ਰੂਪ ਵਿਚ ਮਜ਼ਬੂਤ ਹੋਣ ਲਈ ਅਕਸਰ ਹੀ ਲੋਕ ਧਾਰਮਿਕ ਸਥਾਨਾਂ ਵੱਲ ਦੌੜੇ ਚਲੇ ਆਉਂਦੇ ਹਨ। ਧਰਮ ਮਨੁੱਖ ਨੂੰ ਮਾਨਸਿਕ ਮਜ਼ਬੂਤੀ ਪ੍ਰਦਾਨ ਕਰਦਾ ਹੈ। ਪਰ ਬਹੁਤ ਸਾਰੇ ਲੋਕ ਸ਼ਾਇਦ ਸੋਚਦੇ ਹਨ ਕਿ ਧਾਰਮਿਕ ਸਥਾਨ 'ਤੇ ਜਾਣ ਨਾਲ ਉਨ੍ਹਾਂ ਦੇ ਗੁਨਾਹ ਬਖਸ਼ੇ ਜਾਂਦੇ ਹਨ। ਪਰ ਇੱਕ ਧਾਰਨਾਂ ਸਾਰੇ ਧਰਮਾਂ ਵਿਚ ਮਜ਼ਬੂਤ ਹੈ ਕਿ ਰੱਬ ਦੇ ਦਰ ਹਮੇਸ਼ਾ ਭੁੱਲਾਂ ਬਖ਼ਸ਼ੀਆਂ ਜਾਂਦੀਆਂ ਹਨ ਗੁਨਾਹ ਜਾਂ ਪਾਪ ਨਹੀਂ। ਅਕਸਰ ਹੀ ਵੇਖਣ ਵਿਚ ਆਉਂਦਾ ਹੈ ਕਿ ਅਪਰਾਧੀ ਕਿਸਮ ਦੇ ਲੋਕ ਹਮੇਸ਼ਾਂ ਵੱਧ ਧਰਮੀ ਹੋਣ ਦਾ ਦਿਖਾਵਾ ਕਰਦੇ ਹਨ। ਸੱਤਾ ਤੇ ਤਾਕਤ ਦੇ ਨਸ਼ੇ ਵਿਚ ਵੀ ਧਰਮ ਦੇ ਖ਼ਿਲਾਫ਼ ਵੀ ਅਪਰਾਧ ਕੀਤੇ ਜਾਂਦੇ ਹਨ। ਕਈ ਵਾਰ ਤਾਂ ਅਪਰਾਧ ਜਾਂ ਪਾਪ ਕਰਨ ਲਈ ਅਗੇਤੀਆਂ ਸੁੱਖਣਾਂ ਵੀ ਸੁੱਖ ਲਈਆਂ ਜਾਂਦੀਆਂ ਹਨ। ਭੋਲ਼ੇ-ਭਾਲੇ ਪੰਜਾਬੀ ਅਕਸਰ ਧਰਮ ਦਾ ਆਸਰਾ ਲੈਣ ਵਾਲੇ ਅਪਰਾਧੀ ਲੋਕਾਂ ਦਾ ਸ਼ਿਕਾਰ ਹੋ ਜਾਂਦੇ ਹਨ।

ਇਤਿਹਾਸ ਵਿਚ ਅਪਰਾਧੀ ਤੇ ਜ਼ਾਲਮ ਲੋਕਾਂ ਨੂੰ ਹਮੇਸ਼ਾ ਧਰਮੀ ਤੇ ਪੁੰਨ ਕਰਨ ਵਾਲੇ ਸਾਬਤ ਕੀਤਾ ਜਾਂਦਾ ਹੈ। ਜਦੋਂਕਿ ਅਸਲੀਅਤ ਕੁਝ ਹੋਰ ਹੀ ਹੁੰਦੀ ਹੈ। ਪੁਰਾਣੇ ਡਾਕੂਆਂ ਲੁਟੇਰਿਆਂ ਦੇ ਜੇਮਸ ਬਾਂਡ ਚਰਿੱਤਰ ਉਨ੍ਹਾਂ ਨੂੰ ਇੱਕ ਤਰਾਂ ਦੀ ਸੁਰੱਖਿਆ ਪ੍ਰਦਾਨ ਕਰਦੇ ਸਨ। ਪੰਜਾਬ ਵਿਚ ਖਾੜਕੂ ਲਹਿਰ



ਜਦੋਂ ਜੋਬਨ 'ਤੇ ਸੀ, ਖਾੜਕੂਆਂ ਦਾ ਸਮਾਜ ਦੇ ਅਖੌਤੀ ਸਮਾਜ ਸੁਧਾਰਕ ਕੰਮਾਂ ਦਾ ਲਹਿਰ ਦੇ ਪਤਨ ਦਾ ਕਾਰਨ ਬਣਿਆ। ਉਸ ਲਹਿਰ ਦੇ ਆਗੂ ਹੱਥਾਂ ਵੱਲੋਂ ਲੋਕਾਂ ਦੀ ਨਿੱਜੀ ਜ਼ਿੰਦਗੀ ਤੇ ਸਮਾਜ ਵਿਚ ਬੇਲੋੜਾ ਦਖਲ ਦੇਣਾ ਲੋਕਾਂ ਨੇ ਸਹਿਜੇ ਪ੍ਰਵਾਨ ਨਹੀਂ ਕੀਤਾ ਸੀ। ਮਸਲਨ ਲੋਕ ਕਿਹੜੇ ਰੰਗ ਦੀ ਪੱਗ ਬੰਨਣਗੇ, ਕਿਹੜੇ ਗੀਤ ਸੁਣਨਗੇ, ਸਕੂਲਾਂ ਦੀ ਵਰਦੀ ਕਿਹੜੀ ਹੋਵੇਗੀ, ਅਜਿਹੇ ਸਮਾਜਿਕ ਦਖਲ ਨੇ ਉਨ੍ਹਾਂ ਦਾ ਅਕਸ ਸ਼ੈਲਟਰ ਦੇਣ ਵਾਲੇ ਲੋਕਾਂ ਵਿਚ ਵਿਗਾੜ ਦਿੱਤਾ। ਅਕਸਰ ਕਹਾਣੀਆਂ ਸੁਣਨ ਲਈ ਮਿਲਦੀਆਂ ਹਨ ਕਿ ਫਲਾਂ ਡਾਕੂ ਅਮੀਰਾਂ ਨੂੰ ਲੁੱਟ ਕੇ ਗਰੀਬਾਂ ਵਿਚ ਵੰਡ ਦਿੰਦਾ ਸੀ ਜਾਂ ਕੁੜੀਆਂ ਲਈ ਦਾਜ ਦਾ ਪ੍ਰਬੰਧ ਕਰਦਾ ਸੀ। ਅਜਿਹਾ ਸਿਰਫ ਲੋਕਾਂ ਦਾ ਸ਼ੈਲਟਰ ਹਾਸਲ ਕਰਨ ਲਈ ਕੀਤਾ ਜਾਂਦਾ ਸੀ। ਪੰਜਾਬੀਆਂ ਦੇ ਡਾਕੂ ਨਾਇਕ ਪੰਜਾਬੀਆਂ ਦੇ ਖਾੜਕੂ ਸੁਭਾਅ ਕਰਕੇ ਹੀ ਪ੍ਰਵਾਨ ਹੋਏ ਸੀ। ਉਨ੍ਹਾਂ ਨਾਇਕਾਂ ਵੱਲੋਂ ਕੀਤੇ ਹੋਏ ਸਮਾਜ ਵਿਰੋਧੀ ਕੰਮਾਂ ਨੂੰ ਲੋਕਾਂ ਨੇ ਅਣਗੌਲਿਆਂ ਕਰ ਦਿੱਤਾ ਸੀ। ਉਦਾਹਰਨ ਵਜੋ ਡਾਕੂ ਜਿਉਣੇ ਮੌੜ ਵੱਲੋਂ ਲੌਂਗੋਵਾਲ ਦੀਆਂ ਤੀਆਂ ਲੁੱਟਣ ਨੂੰ ਵੀ ਦਲੇਰਾਨਾ ਕਦਮ ਵਜੋ ਪੰਜਾਬੀਆਂ ਨੇ ਸਲਾਹਿਆ ਕਿਉਂਕਿ ਕਿਸੇ ਕੁੜੀ ਨੇ ਤਾਹਨਾ ਮਾਰਿਆ ਤੇ ਉਸ ਦਾ ਮਨ ਬਦਲ ਗਿਆ। ਉਸ ਤੋਂ ਬਾਅਦ ਜਿਓਣੇ ਮੌੜ ਵੱਲੋਂ ਉਸ ਕੁੜੀ ਨੂੰ ਧਰਮ ਦੀ ਭੈਣ ਬਣਾਇਆ ਗਿਆ, ਜਿਹੜੇ ਸੁਹਾਗ ਉਸ ਨੇ ਲੁੱਟਾਂ-ਮਾਰਾਂ ਦੌਰਾਨ ਹੋਰਨਾਂ ਲੜਕੀਆਂ ਦੇ ਉਜਾੜੇ ਉਹ ਪੰਜਾਬੀ ਸੌਖਿਆਂ ਹੀ ਅਣਗੌਲਿਆਂ ਕਰ ਗਏ ਹਨ। ਇਸ ਗੱਲ ਵੱਲ ਕਿਸੇ ਦਾ ਧਿਆਨ ਨਹੀਂ ਕਿ ਤੀਆਂ ਲੁੱਟਣ ਵਰਗੇ ਕੰਮ ਉਸ ਨੇ ਹੋਰ ਕਿਉਂ ਨਹੀਂ ਕੀਤੇ ਹੋਣੇ। ਜੱਗਾ ਡਾਕੂ ਜਿਸ ਨੂੰ ਨਾਇਕ ਵਜੋਂ ਪ੍ਰਚਾਰਿਆ ਗਿਆ, ਵੀ ਕਈ ਨਿਰਦੋਸ਼ ਲੋਕਾਂ ਨੂੰ ਮਾਰਨ ਦਾ ਗੁਨਾਹਗਾਰ ਸੀ। ਇੱਥੋਂ ਤੱਕ ਕਿ ਉਸ ਵੱਲੋਂ ਇੱਕ ਨਿਰਦੋਸ਼ ਪਰਿਵਾਰ ਦੀਆਂ ਲੜਕੀਆਂ ਨੂੰ ਘਰ ਵਿਚ ਜਿਉਂਦਿਆਂ ਸਾੜ ਦਿੱਤਾ ਗਿਆ ਸੀ।

ਹਰ ਧਰਮ ਵਿਚ ਕੁਰੀਤੀਆਂ ਉਨ੍ਹਾਂ ਦੇ ਪੈਰੋਕਾਰਾਂ ਨੇ ਖੁਦ ਪੈਦਾ ਕਰ ਲਈਆਂ ਹਨ। ਧਰਮਾਂ ਵਿਚ ਸਵਾਲ ਕਰਨ ਵਾਲਿਆਂ ਲਈ ਕੋਈ ਸਥਾਨ ਨਹੀਂ ਹੈ। ਇਹੀ ਕਾਰਨ ਹੈ ਲੋਕ ਧਰਮਾਂ ਦੀ ਤਬਦੀਲੀ ਤੱਕ ਕਰਨ ਲੱਗੇ ਹਨ, ਜੋ ਧਰਮ ਦੇ ਠੇਕੇਦਾਰਾਂ ਦੇ ਸਤਾਏ ਹੋਏ ਹਨ। ਸਵਾਲ ਕਰਨ ਵਾਲਿਆਂ ਨੂੰ ਆਪਣੀ ਗੱਲ ਮਨਾਉਣ ਲਈ ਜਾਨੋਂ ਮਾਰ ਕੇ ਵੀ ਸਮਾਜ ਵਿਚ ਡਰ ਬਿਠਾ ਦਿੱਤਾ ਜਾਂਦਾ ਹੈ। ਧਰਮੀ ਦਿੱਸਣ ਦਾ ਭੁਲੇਖਾ ਪਾਉਣ ਵਾਲੇ ਲੋਕਾਂ ਦਾ ਮਕਸਦ ਭੋਲ਼ੇ ਲੋਕ ਕਦੇ ਨਹੀਂ ਸਮਝ ਸਕਦੇ। ਸਾਡੇ ਲੋਕ ਧਰਮਾਂ ਨੂੰ ਸਮਝਣ ਲਈ ਉਚਿਤ ਸਿੱਖਿਅਤ ਯੋਗਤਾ ਨਹੀਂ ਰੱਖਦੇ। ਧਰਮੀ ਦਿੱਸਣ ਵਾਲੇ ਲੋਕਾਂ ਤੋਂ ਸਾਵਧਾਨ ਰਹਿਣ ਲਈ ਮਾਨਸਿਕ ਰੂਪ ਵਿਚ ਮਜ਼ਬੂਤੀ ਅਤੇ ਸਾਰੇ ਧਰਮਾਂ ਦਾ ਅਧਿਐਨ ਹਰ ਵਿਅਕਤੀ ਨੂੰ ਆਪਣੀ ਤਾਰਕਿਕ ਦ੍ਰਿਸ਼ਟੀ ਤੋਂ ਕਰਨਾ ਚਾਹੀਦਾ ਹੈ। ਆਉਣ ਵਾਲੇ ਸਮੇਂ ਵਿਚ ਲੋਕਾਂ ਨੂੰ ਧਰਮਾਂ ਦੀ ਆੜ ਵਿਚ ਸੰਗਠਿਤ ਹੋਏ ਅਪਰਾਧੀਆਂ ਤੋਂ ਬਚਣ ਲਈ ਸੰਘਰਸ਼ ਕਰਨਾ ਪਵੇਗਾ।

# ਕੀ ਕਿਸੇ ਵੀ ਧਾਰਮਿਕ ਸਥਾਨ ਨੂੰ ਵੇਖ ਲੈਣਾ ਤੇ ਗੁਰੂ ਸਾਹਿਬ ਜੀ ਨੂੰ ਮੱਥਾ ਟੇਕ ਦੇਣਾ ਹੀ ਦਰਸ਼ਨ ਹੈ?

ਜਸਵੰਤ ਸਿੰਘ ਜੋਗਾ
ਫੋਨ: 62396-43306
(Punjab Mail USA)



ਅਸੀਂ ਤਿੰਨੇ ਵੀਰ (ਸੁਖਚੈਨ ਸਿੰਘ ਖੁੱਡੀ, ਨਿਰਮਲ ਸਿੰਘ ਖੁੱਡੀ, ਦਾਸ ਜੋਗਾ ਸਿੰਘ) ਬਰਨਾਲੇ ਨੂੰ ਤੁਰਨ ਲੱਗੇ ਸਾਂ ਕਿ ਸਾਨੂੰ ਸਾਡੇ ਘਰ ਦੇ ਸਾਹਮਣੇ ਵਾਲੇ ਘਰ ਵਾਲੀ ਮਾਤਾ ਤੇਜ ਕੌਰ ਕਹਿੰਦੀ, ਪੁੱਤ ਦਰਸ਼ਨ ਕਰਨ ਚੱਲੇ ਹੋ? ਦਾਸ ਨੇ ਮਜ਼ਾਕ 'ਚ ਕਹਿ ਦਿੱਤਾ, ਮਾਤਾ ਤੁਸੀਂ ਦਰਸ਼ਨ ਕਿਸ ਨੂੰ ਕਹਿੰਦੇ ਹੋ? ਆਪਣੇ ਮੁਤਾਬਕ ਕਹਿਣ ਲੱਗੀ, ਪੁੱਤ ਦੇਗ ਕਰਾ ਦੇਣੀ, ਧਾਰਮਿਕ ਸਥਾਨਾਂ 'ਤੇ ਮੱਥਾ ਟੇਕ ਦੇਣਾ ਹੀ ਦਰਸ਼ਨ ਹੈ। ਕੁਦਰਤੀ ਗੱਲ, ਇਹ ਮਾਤਾ ਨੂੰ ਸ਼ਹੀਦ ਫੌਜੀ ਦੀ ਪੈਨਸ਼ਨ ਮਿਲਦੀ ਹੈ। ਦਾਸ ਨੇ ਕਿਹਾ, ਮਾਤਾ ਤੂੰ ਬੈਂਕ ਨੂੰ ਸਿਰਫ ਦੇਖ ਕੇ ਹੀ ਮੁੜ ਆਵੇ, ਤਾਂ ਕੀ ਫੇਰ ਤੈਨੂੰ ਪੈਨਸ਼ਨ ਮਿਲਜੂ?? ਕਹਿਣ ਲੱਗੀ, ਫੇਰ ਕਿਹੜਾ ਦਿਉ ਢਾਮੇ ਪੁੱਤ। ਬੱਸ ਅਸੀਂ ਵੀ ਇਹੀ ਸੁਣਨਾ ਚਾਹੁੰਦੇ ਸਾਂ। ਅਸੀਂ ਫੇਰ ਕਿਹਾ, ਮਾਤਾ ਜੀਉ, ਬੱਸ ਇਸੇ ਤਰ੍ਹਾਂ ਹੀ ਸਾਨੂੰ ਧਾਰਮਿਕ ਸਥਾਨਾਂ 'ਤੇ ਸਿਰਫ ਮੱਥਾ ਟੇਕਣ ਮਗਰੋਂ ਧੂੜਾ ਪੱਟ ਕੇ ਨਹੀਂ ਮੁੜਨਾ ਚਾਹੀਦਾ, ਸਗੋਂ ਜੇ ਅਸੀਂ ਫਤਹਿਗੜ੍ਹ ਸਾਹਿਬ ਨੂੰ ਚੱਲੇ ਹਾਂ, ਤਾਂ ਅਸੀਂ ਉਥੋਂ ਗੁਰਬਾਣੀ, ਸ਼ਹੀਦ ਬਾਬਿਆਂ ਦੀ ਲਾਸਾਨੀ ਸ਼ਹਾਦਤ ਦੀ ਜਾਣਕਾਰੀ, ਸਬਕ ਲੈ ਕੇ ਆਈਏ ਕਿ ਜਿਵੇਂ ਸਾਡੇ ਸ਼ਹੀਦ ਬਾਬੇ ਸੱਚ ਲਈ ਨੀਹਾਂ ਵਿਚ ਖੜ੍ਹ ਗਏ, ਉਵੇਂ ਹੀ ਅਸੀਂ ਵੀ ਸੀਮਤ ਸਮਰੱਥਾ ਅਨੁਸਾਰ ਆਪਣੀ ਜ਼ਿੰਦਗੀ ਵਿਚ ਸੱਚ ਨੂੰ ਲਾਗੂ ਕਰਨਾ ਸਿੱਖੀਏ।

ਬਜ਼ੁਰਗ ਮਾਤਾ ਨੇ ਇਹ ਸੁਣ ਕੇ ਇਹੀ ਕਿਹਾ ਕਿ ਪੁੱਤ ਥੋਡੀਆਂ ਤੁਸੀਂ ਹੀ ਜਾਣੋ, ਸਾਡੇ ਵੇਲੇ ਤਾਂ ਦਰਸ਼ਨ ਐਨੂੰ ਹੀ ਕਹਿੰਦੇ ਸੀ। ਫੇਰ ਮਾਤਾ ਜੀ ਨੂੰ ਅਸੀਂ ਸਤਿ ਸ੍ਰੀ ਅਕਾਲ ਬੁਲਾ ਕੇ ਚਾਲੇ ਪਾ ਦਿੱਤੇ। 27 ਦਸੰਬਰ ਸ਼ਹੀਦੀ ਜੋੜ ਮੇਲੇ ਦਾ ਅੰਤਿਮ ਦਿਨ ਸੀ। ਉਸ ਦਿਨ ਨਗਰ ਕੀਰਤਨ ਕੱਢਿਆਂ ਗਿਆ। ਸੰਗਤਾਂ ਦਾ ਇਕੱਠ ਠਾਠਾਂ ਮਾਰ ਰਿਹਾ ਸੀ। ਨਗਰ ਕੀਰਤਨ ਹਾਲੇ ਆਪਣੇ ਆਰੰਭਿਕ ਸਥਾਨ ਤੋਂ ਚੱਲਣਾ ਸੀ ਕਿ ਸੰਗਤਾਂ ਮੱਥਾ ਟੇਕਣ ਲਈ ਉਤੇਜਿਤ ਹੋ ਰਹੀਆਂ ਸਨ। ਅਸੀ ਤਿੰਨੇ ਵੀਰ, ਗੁਰਪ੍ਰੀਤ ਸਿੰਘ ਸਿੰਬਲਮਾਜਰਾ ਤੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੀ ਸਟਾਲ ਵਾਲੇ ਵੀਰ, ਆਪਣੀਆਂ ਬੁੱਕ ਸਟਾਲਾਂ 'ਤੇ ਖੜ੍ਹੇ ਸਾਂ। ਜਦੋਂ ਹੀ ਗੁਰੂ ਜੀ ਪਾਲਕੀ ਵਾਲੀ ਬੱਸ ਆਰੰਭਿਕ ਸਥਾਨ ਤੋਂ ਚੱਲੀ (ਜਿਥੋਂ ਦੀ ਇਸ ਪਾਲਕੀ ਨੇ ਲੰਘਣਾ ਸੀ, ਉਹ ਰਸਤਾ ਭਾਂਵੇ ਖੁੱਲ੍ਹਾ ਹੈ ਪਰ ਅੱਜ ਉਹ ਰਸਤਾ ਭੀੜਾ ਪੈ ਚੁੱਕਿਆ ਸੀ) ਤਾਂ ਸੰਗਤਾਂ ਨੇ ਮੱਥਾ ਟੇਕਣਾ ਸ਼ੁਰੂ ਕੀਤਾ। ਸਾਡੀਆਂ ਸਟਾਲਾਂ ਅੱਗੇ ਲੋਹੇ ਦੇ ਜੰਗਲੇ ਲੱਗੇ ਹੋਏ ਸਨ। ਜਦੋਂ ਹੀ ਜੰਗਲਿਆਂ ਨਾਲ ਖੜ੍ਹੀਆਂ ਸੰਗਤਾਂ ਨੇ ਮੱਥਾ ਟੇਕਣਾ ਸ਼ੁਰੂ ਕੀਤਾ, ਤਾਂ ਉਹ ਜਦੋਂ ਮਗਰ ਮੁੜੇ, ਤਾਂ ਉਨ੍ਹਾਂ ਨੂੰ ਪਿਛੋਂ ਆ ਰਹੀਆਂ ਸੰਗਤਾਂ ਦਾ ਧੱਕਾ ਪੈ ਗਿਆ, ਉਨ੍ਹਾਂ ਦਾ ਸਾਹ ਘੁਟਣਾ ਸ਼ੁਰੂ ਹੋ ਗਿਆ। ਅਜਿਹੀ ਸਥਿਤੀ ਵਿਚ ਉਨ੍ਹਾਂ ਸੰਗਤਾਂ ਨੇ (ਜਿਨ੍ਹਾਂ ਵਿਚ ਬੱਚਿਆਂ ਤੋਂ ਲੈ ਕਿ ਬਜ਼ੁਰਗ ਸ਼ਾਮਲ ਸਨ) ਜੰਗਲਿਆਂ ਉੱਤੋਂ ਦੀ ਟੱਪਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਨਹੀਂ ਪਤਾ ਲੱਗਿਆ ਕਿ ਉਹ ਕਿੱਥੇ ਡਿੱਗ ਰਹੇ ਸਨ ਕਿਉਂਕਿ ਉਨ੍ਹਾਂ ਨੇ ਅਜਿਹਾ ਕਰਨ ਨਾਲ ਇੱਕ ਦੁਕਾਨ ਦਾ ਤੰਬੂ ਸੁੱਟ ਦਿੱਤਾ ਤੇ ਉਸਦਾ ਹੋਰ ਨੁਕਸਾਨ ਵੀ ਹੋਇਆ। ਜਦੋਂ ਹੀ ਸਾਨੂੰ ਇਸ ਗੱਲ ਦਾ ਪਤਾ ਲੱਗਿਆ, ਤਾਂ ਉਦੋਂ ਬੀਬੀਆਂ ਤੇ ਬੱਚੇ ਬਹੁਤ ਡਰੇ ਹੋਏ ਸਨ, ਬਹੁਤੀਆਂ ਭੈਣਾਂ ਦੇ ਕੇਸ ਖਿਲਰੇ ਪਏ ਸਨ ਤੇ ਸਿਰਾਂ 'ਤੇ ਲਈਆਂ ਚੁੰਨੀਆਂ ਗਲਾਂ ਵਿਚ ਲੁਟਕੀਆਂ ਪਈਆਂ ਸਨ। ਉਹ ਸੋਚ ਰਹੇ ਸਨ ਕਿ ਸ਼ੁਕਰ ਆ ਬੱਚ ਗਏ। ਪਰ ਫਿਰ ਵੀ ਇੱਕ ਭੈਣ ਦਾਸ ਨੂੰ ਬਹੁਤੀ ਗੰਭੀਰ ਹਾਲਤ ਵਿਚ ਲੱਗੀ ਤੇ ਅਸੀਂ ਉਨ੍ਹਾਂ ਨੂੰ ਪਾਣੀ ਦਾ ਗਿਲਾਸ ਪਿਆਇਆ ਤੇ ਨਾਲੇ ਕਿਹਾ, ਭੈਣੇ ਹਾਲੇ 10 -20 ਮਿੰਟ ਰੈਸਟ ਕਰ ਠੀਕ ਹੋ ਜਾਵੇਂਗੀ। ਬਾਅਦ ਵਿਚ ਉਹ ਠੀਕ ਹੋ ਗਈ।

ਉਸ ਤੋਂ ਬਾਅਦ ਅਸੀਂ ਸਾਡੇ ਸਾਹਮਣੇ ਭੀੜ 'ਚ ਫਸੇ ਛੋਟੇ-ਛੋਟੇ ਬੱਚਿਆਂ ਨੂੰ ਆਪਣੀਆਂ ਸਟਾਲਾਂ ਤੋਂ ਕਿਤਾਬਾਂ ਚੁੱਕ ਕੇ ਅੰਦਰ ਲੰਘਾ ਲਿਆ, ਫੇਰ ਕਿਤੇ ਜਾ ਕਿ ਉਨ੍ਹਾਂ ਬੱਚਿਆਂ ਨੇ ਸੁੱਖ ਦਾ ਸਾਹ ਲਿਆ ਪਰ ਬੱਚੇ ਫਿਰ ਵੀ ਰੋ ਰਹੇ ਸਨ ਕਿਉਂਕਿ ਉਹ ਬਹੁਤ ਡਰੇ ਹੋਏ ਸਨ। ਅਸੀਂ ਉਨ੍ਹਾਂ ਬੱਚਿਆਂ ਨੂੰ ਚੁੱਪ ਕਰਵਾਉਣ ਲਈ ਦਿਲਾਸੇ ਦੇ ਰਹੇ ਸਾਂ ਕਿ ਵੀਰ/ਭੈਣ ਚੁੱਪ ਕਰ ਜਾ, ਕੁਛ ਨੀਂ ਹੋਇਆ। ਇਸ ਸਮੇਂ ਅਸੀਂ ਹੋਰ ਵੀ ਵੀਰਾਂ, ਭੈਣਾਂ ਨੂੰ ਅੰਦਰ ਲੰਘਾ ਲਿਆ। ਐਸੇ ਸਮੇਂ ਅਸੀਂ ਸੋਚ ਰਹੇ ਸਾਂ ਕਿ ਕਸੂਰ ਕਿਸਦਾ ਹੈ? ਇਨ੍ਹਾਂ ਲੋਕਾਂ ਦਾ ਜੋ ਸਾਇਦ ਮੱਥਾ ਟੇਕਣ ਨੂੰ ਹੀ ਦਰਸ਼ਨ ਕਰਨੇ ਸਮਝੀ ਬੈਠੇ ਨੇ? ਜਾਂ ਪ੍ਰਸ਼ਾਸਨ ਦਾ, ਜਿਨ੍ਹਾਂ ਨੇ ਪੁਖਤਾ ਪ੍ਰਬੰਧ ਨੀਂ ਕੀਤਾ? ਜਾਂ ਉਨ੍ਹਾਂ ਲੋਕਾਂ ਦਾ, ਜੋ ਅਜਿਹੀ ਸਥਿਤੀ ਵਿਚ ਬੱਚਿਆਂ ਨੂੰ ਨਾਲ ਖੜ੍ਹਾ ਲੈਂਦੇ ਹਨ? ਅਸਲ ਵਿਚ ਇਸ ਵਿਚ ਕਸੂਰ ਸਾਡਾ ਹੀ ਹੈ। ਕੀ ਅਸੀ ਦਰਸ਼ਨ ਦੇ ਅਰਥ ਹੀ ਨੀਂ ਸਮਝੇ? ਜੇ ਸ਼ਾਇਦ ਜੰਗਲੇ ਨਾ ਟੁੱਟਦੇ ਤੇ ਸੰਗਤਾਂ ਉਪਰਦੀ ਨਾ ਟੱਪਦੀਆਂਠ ਤਾਂ ਕੋਈ ਅਣਹੋਣੀ ਜ਼ਰੂਰ ਵਾਪਰ ਜਾਂਦੀ।

ਦਰਸ਼ਨ ਤਾਂ ਉਨ੍ਹਾਂ ਜੱਲਾਦਾਂ ਨੇ ਵੀ ਕੀਤੇ ਸਨ, ਜਿਨ੍ਹਾਂ ਨੇ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਸ਼ਹੀਦ ਕੀਤਾ, ਕੀ ਉਨ੍ਹਾਂ ਦਾ ਜੀਵਨ ਬਦਲ ਗਿਆ? ਇਸੇ ਤਰ੍ਹਾਂ ਹੀ ਨੌਵੇਂ ਪਾਤਸ਼ਾਹ ਜੀ ਦੇ ਦਰਸ਼ਨ ਤਾਂ ਉਨ੍ਹਾਂ ਜੱਲਾਦਾਂ ਨੇ ਵੀ ਕੀਤੇ ਸਨ, ਜਿਨ੍ਹਾਂ ਨੇ ਸ਼ਹੀਦ ਕੀਤਾ ਸੀ, ਕੀ ਉਹ ਵੀ ਮਹਾਨ ਹੋ ਗਏ?

ਬਸ ਇਸੇ ਤਰ੍ਹਾਂ ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰਫ ਮੱਥਾ ਟੇਕਣ ਨਾਲ ਦਰਸ਼ਨ ਨਹੀਂ ਹੋ ਸਕਦੇ। ਦਰਸ਼ਨ ਉਦੋਂ ਹੋਣਗੇ, ਜਦੋਂ ਅਸੀ ਗੁਰਬਾਣੀ ਨੂੰ ਪੜ੍ਹਾਂਗੇ, ਸਮਝਾਂਗੇ ਤੇ ਆਪਣੇ ਨਿੱਜੀ ਜੀਵਨ ਵਿਚ ਲਾਗੂ ਕਰਾਂਗਾ ਤੇ ਕਮਾਵਾਂਗੇ।

# ਪੰਜਾਬ ਅੰਦਰ ਦਿਨ-ਦਿਹਾੜੇ ਹੋ ਰਹੇ ਕਤਲਾਂ ਨੇ ਸੂਬੇ ਦੀ ਸਮੁੱਚੀ ਫਿਜ਼ਾ ਨੂੰ ਚਾੜ੍ਹਿਆ ਖ਼ੂਨੀ ਰੰਗ

ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
94634-63136
(Punjab Mail USA)



ਪਿਛਲੇ ਦਿਨਾਂ ਤੋਂ ਪੰਜਾਬ ਦੀ ਧਰਤੀ 'ਤੇ ਮਾਵਾਂ ਦੇ ਢਿੱਡੋਂ ਜੰਮਿਆਂ ਦੇ ਖ਼ੂਨੋਂ-ਖ਼ੂਨ ਹੋਣ ਦੀ ਦਰਦਨਾਕ ਦਾਸਤਾਨ ਨੂੰ ਵੇਖ ਕਿਸੇ ਵੀ ਭਲੇ ਇਨਸਾਨ ਦਾ ਕਾਲਜਾ ਮੂੰਹ ਨੂੰ ਆਉਂਦਾ ਹੈ ਕਿ ਅਸੀਂ ਕਿੱਧਰ ਨੂੰ ਤੁਰ ਪਏ ਹਾਂ। ਕਾਨੂੰਨ ਦੇ ਡਰ-ਭੈਅ ਤੋਂ ਬੇਫਿਕਰ ਨਜ਼ਰ ਆ ਰਹੇ ਹਰ ਰੋਜ਼ ਕਿੰਝ ਹੱਸਦੇ-ਵੱਸਦੇ ਪਰਿਵਾਰਾਂ ਦੇ 'ਬਲੀ ਪੁੱਤ' ਨਿੱਜੀ ਲੜਾਈ ਝਗੜਿਆਂ ਅਤੇ ਨਸ਼ੇ ਦੀ ਬਦੌਲਤ ਕਿਸ ਰੰਗਲੇ ਜਹਾਨ ਤੋਂ ਰੁਖ਼ਸਤ ਹੋ ਰਹੇ ਹਨ। ਪਿਛਲੇ ਦਿਨਾਂ ਤੋਂ ਕਈ ਇਨਸਾਨੀ ਜ਼ਿੰਦਗੀਆਂ ਇਸ ਸਾਰੇ ਦਰਦਨਾਕ ਵਰਤਾਰੇ ਦੀ ਭੇਟ ਚੜ੍ਹ ਗਈਆਂ ਤੇ ਉਸ ਤੋਂ ਪਹਿਲਾਂ ਵੀ ਪੰਜਾਬ ਅੰਦਰ ਕਈ ਨਾਮੀ ਸ਼ਖਸੀਅਤਾਂ ਇਸ ਨਰਸੰਘਾਰ ਵਿਚ ਜਾਨ ਗੁਆ ਚੁੱਕੀਆਂ ਹਨ।

ਪੰਜਾਬ ਦੇ ਸਾਰੇ ਹੀ ਖਿੱਤਿਆਂ ਅੰਦਰ ਹਰ ਰੋਜ਼ ਕਿਸੇ ਨਾ ਕਿਸੇ ਪਿੰਡ ਜਾਂ ਸ਼ਹਿਰ ਵਿਚ ਜ਼ਮੀਨ, ਪੈਸਿਆਂ ਦੇ ਲੈਣ-ਦੇਣ, ਨਿੱਜੀ ਰੰਜਿਸ਼ ਬਾਜ਼ੀ, ਵਿਆਹ ਸ਼ਾਦੀਆਂ 'ਚ ਹੋ ਰਹੇ ਕਤਲੇਆਮ ਜਾਂ ਝਗੜਿਆਂ ਨੇ ਲੰਘੇ ਮਾੜੇ ਸਮਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਇਸ ਤੋਂ ਇਲਾਵਾ ਨਸ਼ੇ ਦਾ ਕਹਿਰ ਵੀ ਪੰਜਾਬ ਦੇ ਪਰਿਵਾਰਾਂ ਤੇ ਬਿਜਲੀ ਬਣਕੇ ਟੁੱਟ ਰਿਹਾ ਹੈ। ਕੜੀਆਂ ਵਰਗੇ ਨੌਜਵਾਨ ਪੁੱਤਰ ਇਸ ਦੀ ਭੇਟ ਚੜ੍ਹ ਰਹੇ ਹਨ। ਬੀਤੇ ਸਮੇਂ ਤੇ ਝਾਤੀ ਮਾਰੀਏ, ਤਾਂ ਅਕਸਰ ਪੰਜਾਬ ਅੰਦਰ ਪਾਣੀ ਦੀਆਂ




ਵਾਰੀਆਂ ਜਾਂ ਜ਼ਮੀਨਾਂ ਪਿੱਛੇ ਕਤਲ ਆਮ ਗੱਲ ਹੁੰਦੀ ਸੀ।

ਪਰ ਹੈਰਾਨੀ ਦੀ ਹੱਦ ਉਸ ਵੇਲੇ ਹੁੰਦੀ ਹੈ, ਜਦ ਅਸੀਂ ਇੱਕੀ ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਵੀ ਮਹਿਜ਼ ਫੋਕੀ ਸ਼ੋਹਰਤ ਜਾਂ ਪੈਸਿਆਂ ਦੀ ਖਾਤਰ ਖ਼ਾਤਰ ਨੌਜਵਾਨ ਜ਼ਿੰਦਗੀਆਂ ਦਾ ਕਤਲ ਕਰਨ ਤੋਂ ਵੀ ਨਹੀਂ ਝਿਜਕਦੇ। ਆਪਣੇ ਨੌਜਵਾਨ ਪੁੱਤਰਾਂ ਦੀਆਂ ਲਾਸ਼ਾਂ ਨੂੰ ਵੇਖ ਕੇ ਪੰਜਾਬ ਦੀਆਂ ਮਾਵਾਂ ਦੇ ਅੱਖਾਂ ਵਿਚੋਂ ਨੀਰ ਮੁੱਕਿਆ ਨਜ਼ਰੀਂ ਪੈਂਦਾ ਹੈ। ਅੱਜ ਜਦ ਕਾਲਜਾਂ ਤੋਂ ਬਾਅਦ ਯੂਨੀਵਰਸਿਟੀਆਂ ਦੇ ਪੜ੍ਹੇ-ਲਿਖੇ ਨੌਜਵਾਨ ਵਿਦੇਸ਼ਾਂ ਅੰਦਰ ਪ੍ਰਵਾਸ ਕਰ ਰਹੇ ਹਨ, ਤਾਂ ਨੌਜਵਾਨ ਖ਼ੂਨ ਦੇ ਪਿਆਸੇ ਹੋ ਕੇ ਇਕ ਦੂਜੇ ਦੀਆਂ ਛਾਤੀਆਂ ਗੋਲੀਆਂ ਨਾਲ ਛਲਣੀ ਕਰਨ ਤੋਂ ਬਾਅਦ ਜੇਲ੍ਹ ਦੀਆਂ ਸੀਖਾਂ ਪਿੱਛੇ ਦਿਨ ਕਟੀ ਕਰ ਰਹੇ ਹਨ। ਜੇਕਰ ਲੰਘੇ ਦਿਨਾਂ ਦੇ ਅੰਕੜਿਆਂ 'ਤੇ ਝਾਤੀ ਮਾਰੀਏ, ਤਾਂ ਪੰਜਾਬ ਜਾਂ ਨਾਲ ਲੱਗਦੇ ਪੰਜਾਬੀ ਇਲਾਕਿਆਂ ਅੰਦਰ ਦਰਜਨਾਂ ਵੱਡੀਆਂ ਤੇ ਬੇਹੱਦ ਮਾੜੀਆਂ ਘਟਨਾਵਾਂ ਨੇ ਪੰਜਾਬੀਆਂ ਦਾ ਨਾਂ ਪੂਰੀ ਦੁਨੀਆਂ ਵਿਚ ਕਲੰਕਤ ਕੀਤਾ ਹੈ।

ਇਸ ਤੋਂ ਇਲਾਵਾ ਹਰ ਰੋਜ਼ ਹੋ ਰਹੇ ਛੋਟੇ-ਮੋਟੇ ਝਗੜਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਜੇਕਰ ਇਨ੍ਹਾਂ ਘਟਨਾਵਾਂ ਦੇ ਹੋਣ ਪਿੱਛੇ ਦੇ ਕਾਰਨਾਂ ਨੂੰ ਘੋਖੀਏ ਤਾਂ ਸਿਰਫ਼ ਪੈਸੇ, ਹਉਮੈ ਅਤੇ ਨਿਜੀ ਰੰਜ਼ਿਸ਼ ਬਾਜ਼ੀ ਦੇ ਚੱਲਦਿਆਂ ਪੰਜਾਬ ਦੀ ਧਰਤੀ 'ਲਹੂ ਰੰਗੀ' ਹੋ ਰਹੀ ਹੈ। ਪੰਜਾਬ ਜਿਸ ਨੂੰ ਕਿਸੇ ਸਮੇਂ 'ਗੁਰਾਂ ਦੇ ਨਾਂ 'ਤੇ ਵੱਸਣ ਦੀ ਵਡਿਆਈ ਦਿੱਤੀ ਗਈ ਅੱਜ ਚਾਚਾ-ਭਤੀਜਾ, ਪਿਉ-ਪੁੱਤਰਾਂ ਦੇ ਕਾਤਲ ਦੇ ਰੂਪ ਵਿਚ ਸਾਹਮਣੇ ਆਉਂਦਾ ਵਿਖਾਈ ਦੇ ਰਿਹਾ। ਕਾਫੀ ਸਮਾਂ ਪਹਿਲਾਂ ਪੰਜ ਦਰਿਆਵਾਂ ਦੀ ਧਰਤੀ ਤੇ ਇਕ ਪੁੱਤਰ ਨੇ ਆਪਣੇ ਮਾਂ ਪਿਓ, ਸਕੇ-ਚਾਚੇ ਨੇ ਭਤੀਜੇ ਦੀ ਅਤੇ ਸਕੇ ਭਤੀਜੇ ਨੇ ਚਾਚੇ ਦੀ ਤੇਜ਼ਧਾਰ ਹਥਿਆਰਾਂ ਨਾਲ ਹੱਤਿਆ ਕਰਕੇ ਪਵਿੱਤਰ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੱਤਾ ਸੀ ਪਰ ਅਫਸੋਸ ਦੀ ਗੱਲ ਹੈ ਕਿ ਮੌਜੂਦਾ ਸਮੇਂ ਇਹ ਵਰਤਾਰਾ ਹਰ ਰੋਜ਼ ਕਿਤੇ ਨਾ ਕਿਤੇ ਵਾਪਰ ਰਿਹਾ ਹੈ।

ਸਮਝ ਵਿਚ ਨਹੀਂ ਆਉਂਦਾ ਕਿ ਆਖ਼ਰ 'ਚੰਦ ਟੁਕੜਿਆਂ' ਦੀ ਖਾਤਰ ਇਨਸਾਨ ਵੱਲੋਂ ਇਨਸਾਨ ਦੀ ਬਲੀ ਲੈਣ ਦਾ ਇਹ ਸਿਲਸਿਲਾ ਕਦੋਂ ਰੁਕੇਗਾ, ਕਦੋਂ ਅਸੀਂ ਸਮਝਾਂਗੇ ਕਿ ਇਨਸਾਨ ਮੁੜ੍ਹਕੇ ਵਾਪਸ ਨਹੀਂ ਆਉਂਦਾ ਜ਼ਿੰਦਗੀ ਇਕ ਵਾਰ ਹੀ ਕਰਮਾਂ ਨਾਲ ਨਸੀਬ ਹੁੰਦੀ ਹੈ। ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਪੰਜਾਬ ਵਿਚ ਅਮਨ ਕਾਨੂੰਨ ਨਾਮ ਦੀ ਕੋਈ ਚੀਜ਼ ਨਾ ਹੋਵੇ। ਅਦਾਲਤਾਂ ਅੰਦਰ ਹਜ਼ਾਰਾਂ ਦੀ ਗਿਣਤੀ 'ਚ ਚੱਲ ਰਹੇ ਕੇਸ ਇਸ ਦੀ ਮੂੰਹ ਬੋਲਦੀ ਤਸਵੀਰ ਹਨ। ਸਰਕਾਰ ਲੋਕਾਂ ਨੂੰ ਆਪਣੇ ਵਾਅਦੇ ਗਿਣਾਉਣ ਵਿਚ ਮਸ਼ਰੂਫ ਹੈ। ਜਦਕਿ ਸਰਕਾਰ ਨੂੰ ਵੱਡੇ ਫ਼ੈਸਲੇ ਲੈਂਦਿਆਂ ਅਜਾਈਂ ਜਾ ਰਹੀਆਂ ਇਨਸਾਨੀ ਜ਼ਿੰਦਗੀਆਂ ਨੂੰ ਬਚਾਉਣ ਦੇ ਲਈ ਸਖ਼ਤ ਅਤੇ ਸੰਭਲ ਕੇ ਕਦਮ ਰੱਖਣ ਦੀ ਲੋੜ ਹੈ।

# ਪੰਜਾਬ ਦੀ ਨੌਜਵਾਨੀ ਹੁੱਲੜਬਾਜ਼ੀ ਦੇ ਰਾਹ ਕਿਉਂ ਤੁਰੀ..








ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
(Punjab Mail USA)


ਸਾਡੇ ਗੁਰੂ ਸਾਹਿਬਾਨ ਵੱਲੋਂ ਹੋਲੇ-ਮਹੱਲੇ ਦੇ ਮਹੱਤਵ ਨੂੰ ਸਮਝਾਉਣ ਦੇ ਨਾਲ਼-ਨਾਲ਼ ਜ਼ਿੰਦਗੀ ਤੋਂ ਇਲਾਵਾ ਧਾਰਮਿਕ ਖੇਤਰ ਅੰਦਰ ਅਸਲੀ ਰੰਗਾਂ ਅਤੇ ਸਹੀ ਜਗ੍ਹਾ ਦੀ ਪਹਿਚਾਣ ਕਰਨ ਦੀ ਨੀਤੀ ਤਹਿਤ ਇਸ ਨੂੰ ਹੋਲੇ-ਮਹੱਲੇ ਦਾ ਨਾਮ ਦਿੱਤਾ ਗਿਆ। ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਗੁਰੂ ਸਾਹਿਬਾਨ ਨੇ ਤਾਂ ਕਿਸੇ ਮੰਤਵ ਤਹਿਤ ਆਪਣੀ ਕੌਮ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਦੇ ਲਈ ਬਹੁਤ ਕੁਝ ਹੋਰਨਾਂ ਨਾਲੋਂ ਵੱਖਰਾ ਸਿਰਜ ਦਿੱਤਾ। ਪਰ ਨਾਲ ਦੀ ਨਾਲ ਬਹੁਤ ਸਵਾਲ ਮਨ ਵਿਚ ਹੁੰਦੇ ਹਨ ਕਿ ਅਸੀਂ ਕੀ ਕਰ ਰਹੇ ਹਾਂ। ਅਸੀਂ ਕਿੱਥੇ ਕੁ ਖੜ੍ਹੇ ਹਾਂ। ਅਸੀਂ ਅਜਿਹੇ ਹੋਰ ਬਹੁਤ ਸਾਰੇ ਧਾਰਮਿਕ ਤਿਉਹਾਰਾਂ ਨੂੰ ਕਿਸ ਬਦਲਵੇਂ ਰੂਪ 'ਚ ਤਬਦੀਲ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਇਹ ਕੁਝ ਇਕ ਦਿਨ ਤੋਂ ਸ਼ੁਰੂ ਨਹੀਂ ਹੋਇਆ, ਪਿਛਲੇ ਲੰਬੇ ਸਮੇਂ ਤੋਂ ਸਾਡੀ ਕੌਮ ਅਤੇ ਕਈ ਨੌਜਵਾਨ ਅਜਿਹਾ ਕੁਝ ਧਾਰਮਿਕ ਅਸਥਾਨਾਂ ਉਤੇ ਕਰ ਰਹੇ ਹਨ, ਜਿਸ ਨਾਲ ਕੌਮ ਦਾ ਸਿਰ ਨੀਵਾਂ ਹੋਣ ਤੋਂ ਇਲਾਵਾ ਸਿਰਫ ਨਮੋਸ਼ੀ ਪੱਲੇ ਪੈ ਰਹੀ ਹੈ ਅਤੇ ਪੂਰੀ ਦੁਨੀਆਂ ਅੰਦਰ ਕੌਮ ਦਾ ਸਿਰ ਨੀਵਾਂ ਹੋ ਰਿਹਾ।

ਕਦੇ-ਕਦੇ ਤਾਂ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਸਾਡੇ ਨੌਜਵਾਨਾਂ ਦਾ ਹੁੱਲੜਬਾਜ਼ੀ ਦੇ ਨਾਲ ਪੁਰਾਣਾ ਰਿਸ਼ਤਾ ਨਾਤਾ ਹੋਵੇ ਕਿਉਂਕਿ ਉਨ੍ਹਾਂ ਨੂੰ ਸਿਵਾਏ ਕੁੱਟਮਾਰ ਦੇ ਕੁਝ ਪਤਾ ਹੀ ਨਹੀਂ ਹੈ। ਜੋ ਕੁਝ ਇਸ ਵਰ੍ਹੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਹੋਇਆ, ਉਸ ਨੂੰ ਸੁਣ ਕੇ ਹਰ ਸਿੱਖ ਦਾ ਹਿਰਦਾ ਛਲਣੀ ਹੋ ਗਿਆ ਕਿ ਕਿੰਝ ਬੇਰਹਿਮੀ ਨਾਲ ਸਾਡੇ ਕੁਝ ਨੌਜਵਾਨਾਂ ਵੱਲੋਂ ਉਥੇ ਨਿਹੰਗ ਬਾਣੇ ਦੇ ਰੂਪ ਵਿਚ ਇੱਕ ਕੈਨੇਡਾ ਦੇ ਵਾਸੀ ਇੱਕ ਸਿੱਖ ਨੌਜਵਾਨ ਪਰਦੀਪ ਸਿੰਘ ਦਾ ਕਤਲ ਕਰ ਦਿੱਤਾ ਗਿਆ। ਜਦਕਿ ਗੱਲ ਸਿਰਫ ਗੱਡੀ ਵਿਚ ਚੱਲ ਰਹੇ ਮਾੜੇ ਗੀਤਾਂ ਦੀ ਹੋਣ ਤੋਂ ਬਾਅਦ ਨੌਜਵਾਨਾਂ ਦਾ ਤਕਰਾਰ ਹੋ ਗਿਆ ਅਤੇ ਗੱਲ ਕਤਲ ਤੱਕ ਪਹੁੰਚ ਗਈ। ਕਾਰਨ ਭਾਵੇਂ ਕੁਝ ਵੀ ਰਹੇ ਹੋਣ, ਭਾਵੇਂ ਗ਼ਲਤੀ ਕਿਸੇ ਦੀ ਮਰਜ਼ੀ ਹੋਵੇ ਪਰ ਜੋ ਕੁਝ ਹੋਇਆ ਹੈ, ਬਹੁਤ ਮਾੜਾ ਹੋਇਆ ਹੈ। ਇੱਕ ਮਾਂ ਦੇ ਪੁੱਤ ਦਾ ਕਤਲ ਹੋ ਗਿਆ ਅਤੇ ਉਸ ਨੂੰ ਮਾਰਨ ਵਾਲੇ ਲੋਕ ਹੁਣ ਜੇਲ੍ਹ ਵਿਚ ਜਾਣਗੇ। ਨੁਕਸਾਨ ਕਿਸ ਦਾ ਹੋਇਆ, ਇਹ ਗੱਲਾਂ ਧਿਆਨ ਜ਼ਰੂਰ ਮੰਗਦੀਆਂ ਹਨ। ਨੌਜਵਾਨੀ ਨੂੰ ਲੋਕ ਕੋਸ ਰਹੇ ਹਨ, ਕੌਮ ਨੂੰ ਗਾਲਾਂ ਕੱਢੀਆਂ ਜਾ ਰਹੀਆਂ ਹਨ ਕਿ ਇਨ੍ਹਾਂ ਦਾ ਹਾਲ ਤਾਂ ਚਾਰੇ ਪਾਸੇ ਹੀ ਅਜਿਹਾ ਹੈ ਕਿਉਂ ਕਰਵਾ ਰਹੇ ਹਨ ਕੁਝ ਲੋਕ ਇਹ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ।

ਕੀ ਕਸੂਰ ਸੀ ਨਿਹੰਗ ਸਿੰਘ ਦਾ, ਕਿਉਂ ਉਸ ਦਾ ਕਤਲ ਕਰ ਦਿੱਤਾ ਗਿਆ, ਉਹ ਵੀ ਕਿਸੇ ਸਿਰ ਦਾ ਸਾਈਂ ਸੀ। ਕਿਸੇ ਬੱਚੇ ਦਾ ਬਾਪ ਸੀ। ਭਾਵੇਂ ਬਾਅਦ ਵਿਚ ਆਈ ਵੀਡੀਓ ਨੇ ਕਾਫੀ ਕੁਝ ਨਵੀਆਂ ਤਸਵੀਰਾਂ ਪੇਸ਼ ਕੀਤੀਆਂ। ਅਸੀਂ ਪਹਿਲਾਂ ਹੀ ਆਖ ਚੁੱਕੇ ਹਾਂ, ਕਸੂਰ ਜਿਸ ਦਾ ਮਰਜ਼ੀ ਹੋਵੇ ਪਰ ਇਹ ਕੰਮ ਬੇਹੱਦ ਮਾੜਾ ਹੋਇਆ ਹੈ। ਕੁਝ ਸਿੱਖ ਵਿਰੋਧੀ ਤਾਕਤਾਂ ਤਾਂ ਆਪਣੇ ਆਪ ਇਹ ਗੱਲਾਂ ਚਾਹੁੰਦੀਆਂ ਹਨ ਕਿ ਸਿੱਖ ਕੌਮ ਅੰਦਰ ਖਾਨਾਜੰਗੀ ਵਧੇ ਪਰ ਅਸੀਂ ਬਿਨਾਂ ਸੋਚੇ-ਸਮਝੇ ਵਧਾ ਰਹੇ ਹਾਂ ਅਤੇ ਇਸ ਨੂੰ ਹਵਾ ਦੇਣ ਦਾ ਕੋਈ ਵੀ ਮੌਕਾ ਅਸੀਂ ਖਾਲੀ ਨਹੀਂ ਜਾਣ ਦੇ ਰਹੇ। ਉਸ ਤੋਂ ਬਾਅਦ ਮਨੀਕਰਨ ਵਿਖੇ ਜੋ ਕੁਝ ਹੋਇਆ, ਉਸ ਨਾਲ ਸਿੱਖ ਕੌਮ ਨੂੰ ਸਿਵਾਏ ਨਮੋਸ਼ੀ ਦੇ ਕੁਝ ਨਹੀਂ ਮਿਲਣਾ। ਪੂਰੀ ਦੁਨੀਆਂ ਅੰਦਰ ਸਿੱਖ ਕੌਮ ਦਾ ਅਕਸ ਧੁੰਦਲਾ ਕਰਦੀਆਂ ਅਜਿਹੀਆਂ ਗੱਲਾਂ ਕਿਉਂ? ਮਾਰ-ਕੁੱਟ ਕਿਸੇ ਮਸਲੇ ਦਾ ਹੱਲ ਨਹੀਂ। ਜੇ ਦੋ ਧਿਰਾਂ ਦਰਮਿਆਨ ਝਗੜਾ ਵੀ ਹੁੰਦਾ ਹੈ, ਤਾਂ ਉਸ ਨੂੰ ਬੈਠ ਕੇ ਨਿਪਟਾਇਆ ਜਾ ਸਕਦਾ ਹੈ। ਸਿਰਫ ਕਾਤਾਲਾਨ ਅਤੇ ਹਥਿਆਰਾਂ ਤੱਕ ਕਿਉਂ ਪਹੁੰਚ ਜਾਂਦੀ ਹੈ ਅੱਜ ਦੀ ਨੌਜਵਾਨੀ। ਸਾਡੀ ਕੌਮ ਦੇ ਆਗੂ ਕਿਉਂ ਸੁੱਤੇ ਪਏ ਹਨ। ਕਿਉਂ ਉਨ੍ਹਾਂ ਦੀਆਂ ਸਰਗਰਮੀਆਂ ਆਪਣੀ ਹੀ ਕੌਮ ਦੇ ਖਿਲਾਫ ਭੁਗਤ ਰਹੀਆਂ ਹਨ।

ਦਿੱਲੀ ਕਮੇਟੀ ਦੇ ਕੁਝ ਆਗੂਆਂ ਵੱਲੋਂ ਸ਼ਰਾਬ ਪੀ ਕੇ ਹੋਲੀ ਮਨਾਉਣ ਸਮੇਂ ਆਈਆਂ ਤਸਵੀਰਾਂ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ ਕਿ ਆਖਰ ਅਸੀਂ ਕਿੱਥੇ ਖੜ੍ਹੇ ਹਾਂ। ਸਾਨੂੰ ਅਕਲ ਕੱਦ ਆਵੇਗੀ। ਕੀ ਕਿਸੇ ਦੇ ਇਸ਼ਾਰੇ 'ਤੇ ਇਹ ਸਭ ਕੁਝ ਵਿਅਕਤੀਆਂ ਵੱਲੋਂ ਕੀਤਾ ਜਾਂਦਾ ਹੈ, ਇਹ ਵੀ ਕੁਝ ਨਹੀਂ ਪਤਾ ਪਰ ਪੂਰੀ ਕੌਮ ਦਾ ਸਿਰ ਨੀਵਾਂ ਜ਼ਰੂਰ ਹੋ ਰਿਹਾ ਹੈ। ਅਸੀਂ ਤਾਂ ਸਾਡੇ ਧਾਰਮਿਕ ਤਿਉਹਾਰਾਂ ਨੂੰ ਮੇਲੇ ਬਣਾ ਕੇ ਰੱਖ ਦਿੱਤਾ ਹੈ। ਉਥੇ ਹੁੱਲੜਬਾਜ਼ੀ ਬਾਜ਼ੀ ਕੀਤੀ ਜਾ ਰਹੀ ਹੈ। ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਦੀ ਉਲੰਘਣਾ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਸਰਕਾਰ ਚੁੱਪ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਕੁਝ ਨਹੀਂ ਕਰ ਰਹੀ ਹੈ। ਜਦਕਿ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਧਾਰਮਿਕ ਤਿਉਹਾਰਾਂ ਉੱਤੇ ਕਿਸੇ ਵੀ ਨੌਜਵਾਨ ਦੀ ਕੀਤੀ ਵਧੀਕੀ ਨੂੰ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ, ਉਸ ਨੂੰ ਬਣਦੀ ਸਜ਼ਾ ਦੇਣੀ ਚਾਹੀਦੀ ਹੈ, ਤਾਂ ਕਿ ਇਸ ਦੇ ਨਾਲ ਵੱਧ ਰਹੀ ਗੁੰਡਾਗਰਦੀ ਨੂੰ ਨੱਥ ਪੈ ਸਕੇ। ਨਹੀਂ ਤਾਂ ਇਨ੍ਹਾਂ ਲੋਕਾਂ ਵੱਲੋਂ ਧਾਰਮਿਕ ਨਹੀਂ, ਤਾਂ ਮਾੜੇ ਅਨਸਰਾਂ ਵੱਲੋਂ ਧਾਰਮਿਕ ਤਿਉਹਾਰਾਂ ਨੂੰ ਮੇਲੇ ਦੀ ਤਰ੍ਹਾਂ ਮਨਾਇਆ ਜਾਣ ਲੱਗ ਪਵੇਗਾ, ਜਿਸ ਦੀ ਸ਼ੁਰੂਆਤ ਪਿਛਲੇ ਸਮੇਂ ਤੋਂ ਹੋ ਚੁਕੀ ਹੈ।

ਭਾਵੇਂ ਅਜਿਹੀਆਂ ਘਟਨਾਵਾਂ ਪਿਛਲੇ ਸਮੇਂ ਵੀ ਸਾਡੇ ਸਮਾਜ ਦਾ ਹਿੱਸਾ ਬਣਦੀਆਂ ਰਹੀਆਂ ਹਨ ਪਰ ਪਿਛਲੇ ਸਮੇਂ ਤੋਂ ਸਾਡੀ ਨੌਜਵਾਨੀ ਗੁਰੂ ਸਾਹਿਬਾਨ ਦੇ ਅਸਲ ਫਲਸਫੇ ਨੂੰ ਭੁੱਲ ਕੇ ਕਿਸੇ ਹੋਰ ਰਾਹ ਦੀ ਰਾਹੀ ਨਜ਼ਰੀ ਪੈਂਦੀ ਹੈ, ਜੋ ਆਪਣੇ ਆਪ 'ਤੇ ਸਾਡੇ ਸਮਾਜ ਲਈ ਬੇਹੱਦ ਘਾਤਕ ਅਤੇ ਮਾੜੀ ਹੈ। ਮਨੀਕਰਨ ਅਤੇ ਅਨੰਦਪੁਰ ਸਾਹਿਬ ਵਿਖੇ ਵਾਪਰੀਆਂ ਘਟਨਾਵਾਂ ਨੇ ਨੌਜਵਾਨੀ ਦੇ ਅਕਸ ਨੂੰ ਸੱਟ ਮਾਰਨ ਦੇ ਨਾਲ-ਨਾਲ ਸਿੱਖੀ ਦਾ ਅਕਸ ਧੁੰਦਲਾ ਕੀਤਾ ਹੈ। ਇਨ੍ਹਾਂ ਘਟਨਾਵਾਂ ਵਿਚ ਕਸੂਰ ਕੁਝ ਉਹ ਸਿਰਫ਼ ਚੰਦ ਨੌਜਵਾਨਾਂ ਦਾ ਹੈ, ਜਦਕਿ ਬਦਨਾਮੀ ਪੂਰੀ ਕੌਮ ਦੀ ਹੋ ਰਹੀ ਹੈ। ਕਿੱਥੇ ਹੈ ਸਾਡੇ ਕੋਲ ਸਿੱਖ ਗੁਰੂ ਸਾਹਿਬਾਨ ਦਾ ਸ਼ਾਨਾਮੱਤਾ ਇਤਿਹਾਸ ਅਤੇ ਬਾਬੇ ਨਾਨਕ ਦਾ ਫਲਸਫਾ, ਜਿਸ ਨੂੰ ਅਪਨਾਉਣਾ ਸਮੇਂ ਦੀ ਮੰਗ ਹੈ। ਸਮਾਂ ਲੰਘੇ ਤੋਂ ਸੱਪ ਦੀ ਲਕੀਰ ਕੁੱਟਣ ਵਾਲੀ ਗੱਲ ਹੋਵੇਗੀ। ਧਾਰਮਿਕ ਅਸਥਾਨਾਂ ਉਪਰ ਹੁੰਦੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਦੀ ਅਹਿਮ ਲੋੜ ਹੈ।








# ਮਾਨਵੀ ਗਲਤੀਆਂ ਅਤੇ ਉਨ੍ਹਾਂ ਦਾ ਸੁਧਾਰ



-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



ਹੁਣ ਤੱਕ ਦੁਨੀਆਂ ਵਿਚ ਚੰਗਾ ਹੋਇਆ ਜਾਂ ਹੋਏਗਾ, ਉਹ ਚੰਗੇ ਮਨੁੱਖਾਂ ਕਰਕੇ ਹੀ ਹੋਇਆ, ਭਾਵ ਪਰਉਪਕਾਰੀ ਤੇ ਮਾਨਵਤਾਵਾਦੀ ਬੰਦਿਆਂ ਕਰਕੇ। ਇਸੇ ਤਰ੍ਹਾਂ ਦੁਨੀਆਂ ਵਿਚ ਜੋ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ, ਜਾਂ ਜੋ ਮਾੜਾ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਮਾੜੇ ਬੰਦਿਆਂ ਕਰਕੇ ਹੀ ਹੋਵੇਗਾ। ਭਾਵ ਦੁਸ਼ਟ, ਸੁਆਰਥੀ, ਪਾਖੰਡੀ, ਅਕ੍ਰਿਤਘਣ, ਪਾਪੀ ਫਰੇਬੀ ਤੇ ਕਪਟੀ ਬੰਦਿਆਂ ਕਰਕੇ।

ਇਸ ਦਾ ਅਰਥ ਇਹ ਹੋਇਆ ਕਿ ਲੜਾਈ ਹੈ, ਬਦੀ ਤੇ ਨੇਕੀ ਦੀ, ਸੱਚ ਤੇ ਝੂਠ ਦੀ, ਆਜ਼ਾਦੀ ਤੇ ਗੁਲਾਮੀ ਦੀ। ਆਰੰਭ ਤੋਂ ਹੀ ਬਦੀ ਤੇ ਨੇਕੀ ਦੀ ਲੜਾਈ ਹੋ ਰਹੀ ਹੈ, ਜਿਵੇਂ ਇਤਿਹਾਸ ਇਸ ਦਾ ਗੁਆਹ ਹੈ। ਇਹ ਲੜਾਈ ਸਮਾਪਤ ਹੋ ਸਕਦੀ ਹੈ, ਜੇਕਰ ਸਾਰਾ ਸਮਾਜ ਚੰਗਿਆਂ ਅਤੇ ਨੇਕ ਬੰਦਿਆਂ ਦਾ ਬਣ ਜਾਵੇ। ਇਹ ਕਾਰਜ ਸੌਖਾ ਨਹੀਂ, ਜਿਵੇਂ ਕਿਸੇ ਕਵੀ ਨੇ ਠੀਕ ਲਿਖਿਆ ਹੈ; ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।

ਮਨੁੱਖ ਕਿਸ ਨੂੰ ਆਖਦੇ ਹਨ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਇਸ ਦਾ ਅਰਥ ਇਹ ਹੋਇਆ ਕਿ ਮਨੁੱਖ ਹੀ ਮਨੁੱਖ ਦਾ ਦੁਸ਼ਮਣ ਹੈ, ਭਾਵ ਮਨੁੱਖੀ ਦੁਖਾਂਤ ਮਨੁੱਖਾ ਦੇ ਹੀ ਹੱਥੋਂ ਜਿਹੜਾ ਕਿ ਨਹੀਂ ਹੋਣਾ ਚਾਹੀਦਾ, ਅਜਿਹਾ ਉਸ ਵੇਲੇ ਹੋਵੇਗਾ, ਜਦੋਂ ਮਨੁੱਖ ਅਸਲ ਵਿਚ ਮਨੁੱਖ ਬਣ ਜਾਵੇਗਾ। ਮਨੁੱਖ ਕੌਣ ਹੁੰਦਾ ਹੈ, ਇਹ ਹੇਠ ਲਿਖੀ ਕਵਿਤਾ ਵਿਚ ਇਸ ਪ੍ਰਕਾਰ ਹੈ:

## ਮਨੁੱਖ

ਇੱਕ ਮੂੰਹ, ਇੱਕ ਨੱਕ, ਦੋ ਅੱਖਾਂ, ਦੋ ਕੰਨ, ਦੋ ਬਾਹਵਾਂ, ਦੋ ਹੱਥ, ਦੋ ਲੱਤਾਂ, ਦੋ ਪੈਰ ਵਾਲੀ ਸ਼ਕਲ ਮਨੁੱਖ ਨਹੀਂ ਹੁੰਦੀ, ਮਨੁੱਖ ਉਹ ਹੁੰਦਾ ਏ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਹਿਣਸ਼ੀਲਤਾ, ਨਿਮਰਤਾ, ਭਾਵਨਾਵਾਂ, ਜਜ਼ਬਾਤ, ਅਹਿਸਾਸ, ਅਣਖ, ਜ਼ਮੀਰ ਤੇ ਨੈਤਿਕਤਾ ਹੋਵੇ। ਮਨੁੱਖ ਬਾਹਰੋਂ ਦੇਖਣ ਨੂੰ ਤਾਂ ਮਨੁੱਖ ਲੱਗਦਾ ਹੈ ਪਰ ਜਿਹੜਾ ਇਸ ਅੰਦਰ ਮਨੁੱਖ ਬੈਠਾ ਹੈ, ਉਹ ਪਸ਼ੂਆਂ ਨਾਲੋਂ ਵੀ ਮਾੜਾ ਏ। ਮਨੁੱਖ ਦੇ ਅੰਦਰ ਕੁਝ ਅਜਿਹੀਆਂ ਪ੍ਰਵਿਰਤੀਆਂ ਨੇ, ਜਿਹੜੀਆਂ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦੀਆਂ, ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਜਦੋਂ ਮਨੁੱਖੀ ਸੁਭਾਅ ਤੇ ਇਨ੍ਹਾਂ ਪ੍ਰਵਿਰਤੀਆਂ ਤੇ ਭੂਤ ਸੁਆਰ ਹੁੰਦਾ ਏ, ਤਾਂ ਫਿਰ ਮਨੁੱਖ, ਮਨੁੱਖ ਨਹੀਂ ਰਹਿੰਦਾ, ਸਗੋਂ ਬਣ ਜਾਂਦਾ ਏ, ਹੈਵਾਨ, ਵਹਿਸ਼ੀ, ਦਰਿੰਦਾ ਤੇ ਦੁਸ਼ਟ। ਅੱਜਕਲ੍ਹ ਸਮਾਜ ਵਿਚ ਕੀ ਕੁੱਝ ਹੋ ਰਿਹਾ ਏ। ਨਿੱਤ ਦਿਹਾੜੇ ਬਲਾਤਕਾਰ ਦੀਆਂ ਘਟਨਾਵਾਂ ਵਾਪਰ ਰਹੀਆਂ ਨੇ। ਇਸ ਦੇ ਪਿੱਛੇ ਮਨੁੱਖ ਦੀ ਕਾਮ ਪ੍ਰਵਿਰਤੀ ਹੀ ਕੰਮ ਕਰਦੀ ਏ। ਇਸ ਦਾ ਹੱਲ ਇਹ ਹੈ ਕਿ ਮਨੁੱਖ ਗੁਰਬਾਣੀ ਦੀ ਸਿੱਖਿਆ ਲੈ ਕੇ, ਸਿਮਰਨ ਕਰਕੇ ਆਪਣੇ ਆਪ ਨੂੰ ਅਤੇ ਇਨ੍ਹਾਂ ਕੁਕਰਮਾਂ ਤੋਂ ਬਚ ਸਕਦਾ ਹੈ। ਇਸੇ ਤਰ੍ਹਾਂ ਸਾਡੀਆਂ ਲੜਾਈਆਂ-ਝਗੜਿਆਂ ਦਾ ਕਾਰਣ ਵੀ ਹਉਮੈ, ਈਰਖਾ ਹੈ ਅਤੇ ਸਹਿਣਸ਼ੀਲਤਾ ਤੇ ਨਿਮਰਤਾ ਦੀ ਘਾਟ ਹੈ। ਝਗੜਾ ਕਿਸ ਗੱਲ ਦਾ ਇਸ ਕਵਿਤਾ ਵਿਚ ਦੇਖੋ:-

ਝਗੜਾ ਹੈ ਮੈਂ ਤੇ ਕੁਰਸੀ ਦਾ, ਭਾਵ ਕਾਮ, ਕ੍ਰੋਧ, ਲੋਭ, ਅਹੰਕਾਰ, ਈਰਖਾ ਤੇ ਮੂਰਖਤਾ, ਅਗਿਆਨਤਾ ਤੇ ਖੁਦਗਰਜ਼ੀ ਦਾ। ਝਗੜਾ ਹੈ ਮਾਨਵੀ, ਕਦਰਾਂ-ਕੀਮਤਾਂ ਦਾ, ਭਾਵ ਪੱਖਪਾਤ, ਬੇਈਮਾਨੀ, ਨਫਰਤ, ਛਲ-ਫਰੇਬ, ਅਨਿਆਂ ਤੇ ਜ਼ੁਲਮ ਦਾ। ਝਗੜਾ ਹੈ ਅਮੀਰ ਤੇ ਗਰੀਬ ਦਾ, ਬਦੀ ਤੇ ਨੇਕੀ ਦਾ, ਚੰਗੇ ਤੇ ਮਾੜੇ ਦਾ, ਠੀਕ ਤੇ ਗਲਤ ਦਾ, ਅਸਲੀ ਤੇ ਨਕਲੀ ਦਾ, ਭਾਵ ਕਹਿਣੀ ਤੇ ਕਰਨੀ ਵਿਚ ਅੰਤਰ, ਸੱਚ ਤੇ ਝੂਠ ਦਾ, ਤਕੜੇ ਤੇ ਮਾੜੇ ਦਾ, ਆਜ਼ਾਦੀ ਤੇ ਗੁਲਾਮੀ ਦਾ। ਝਗੜਾ ਹੈ, ਅਹਿਸਾਸਾਂ, ਜਜ਼ਬਾਤਾਂ, ਭਾਵਨਾਵਾਂ, ਜ਼ਮੀਰ, ਗੈਰਤ ਤੇ ਨੈਤਿਕਤਾ ਤੋਂ ਸੱਖਣੇ ਮਨੁੱਖਾਂ ਦਾ। ਝਗੜਾ ਹੈ, ਦੁਸ਼ਟ, ਪਾਪੀ, ਪਾਖੰਡੀ, ਵਹਿਸ਼ੀ, ਅਗਿਆਨੀ, ਮੂਰਖ, ਸੁਆਰਥੀ ਤੇ ਅਕ੍ਰਿਤਘਣ ਮਨੁੱਖਾਂ ਦਾ। ਝਗੜਾ ਹੈ, ਅਯੋਗ, ਭ੍ਰਿਸ਼ਟ, ਰਾਜਨੀਤਕਾਂ, ਪ੍ਰਬੰਧਕਾਂ, ਅਧਿਆਪਕਾਂ, ਧਾਰਮਿਕ ਆਗੂਆਂ ਤੇ ਕਰਮਚਾਰੀਆਂ ਦਾ। ਮਨੁੱਖ ਦੇ ਦੁੱਖਾਂ ਦਾ ਕਾਰਣ ਮਨੁੱਖ ਆਪ ਸਮਾਜ ਤੇ ਕੁਦਰਤੀ ਆਫਤਾਵਾਂ ਹਨ।

ਮਨੁੱਖ ਬਣੋ, ਤਾਂ ਜੋ ਉਹ ਆਪਣੇ ਜੀਵਨ ਵਿਚ ਕੋਈ ਗਲਤੀ ਨਾ ਕਰੇ। ਇਸ ਵਾਸਤੇ ਕੁੱਝ ਸੁਝਾਅ ਇਸ ਪ੍ਰਕਾਰ ਹਨ:-

1. ਮਨੁੱਖੀ ਚਰਿੱਤਰ ਬਹੁਤ ਉੱਚਾ ਤੇ ਸੁੱਚਾ ਹੋਣਾ ਚਾਹੀਦਾ ਹੈ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਸਚਹੁ ਉਰੈ ਸਭੁ ਕੋ ਉਪਰਿ ਸਚੁ ਆਚਾਰਿ॥"

ਅੰਗਰੇਜੀ ਵਿਚ ਇਸ ਪ੍ਰਕਾਰ ਹਨ:-

If wealth is lost, nothing is lost. If health is lost, some- thing is lost. If character is lost everything is lost.

2. ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

"ਐਸਾ ਕੰਮੁ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ॥

3. ਕਿਸੇ ਦਾ ਬੁਰਾ ਨਾ ਕਰੋ।

4. ਕਿਸੇ ਦਾ ਦਿਲ ਨਾ ਦੁਖਾਓ।

5. ਕਿਸੇ ਨਾਲ ਧੋਖਾ ਨਾ ਕਰੋ।

6. ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ: "ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"

7. ਦਿਖਾਵਾ ਨਾ ਕਰੋ, ਜੋ ਹੈ ਸੋਈ ਦਿਸੋ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ: "ਸੀਸਿ ਨਿਵਾਇਐ ਕਿ ਥੀਐ ਜਾ ਰਿਦੈ ਕੁਸਿਧੇ ਜਾਹਿ॥"

8. ਭੈੜੀ ਸੰਗਤ ਤੋਂ ਬਚੋ। Better alone than in a bad comapny.

9. ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ, ਭਾਵ ਇਨ੍ਹਾਂ 'ਤੇ ਕੰਟਰੋਲ ਰੱਖਣਾ, ਦੁਰਵਰਤੋਂ ਨਹੀਂ ਕਰਨੀ।

10. ਹਮਦਰਦੀ ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ।

11. ਸਮਾਜ ਵਿਚ ਵਿਚਰਦਿਆਂ Be polite, sweet and gentle.

12. Be honest, humble, & help- ful, respectfull, Kind, delligent and responsible. Sympathetic

ਹੁਣ ਗੱਲ ਕਰਦੇ ਹਾਂ ਕਿ ਸਮਾਜ ਮਨੁੱਖੀ ਦੁਖਾਂਤ ਲਈ ਜਾਂ ਮਨੁੱਖੀ ਸਮੱਸਿਆਵਾਂ ਲਈ ਕਿਵੇਂ ਜ਼ਿੰਮੇਵਾਰ ਹੈ। ਇਸ ਲਈ ਸਮਾਜ ਤੇ ਸਾਡੀਆਂ ਸਰਕਾਰਾਂ ਜ਼ਿੰਮੇਵਾਰ ਹਨ। ਅੱਜਕੱਲ੍ਹ ਪੰਜਾਬ ਵਿਚ ਕੀ ਹੋ ਰਿਹਾ ਹੈ? ਨਿੱਤ ਕਤਲੋਗਾਰਤ, ਲੁੱਟਾਂ-ਖੋਹਾਂ ਅਤੇ ਬਲਾਤਕਾਰ ਵਰਗੇ ਕੁਕਰਮ ਹੋ ਰਹੇ ਹਨ। ਭਾਈਚਾਰੇ ਵਿਚੋਂ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਕਰਕੇ ਭਾਈਚਾਰਕ ਸਾਂਝ, ਪਿਆਰ, ਸਤਿਕਾਰ, ਹਮਦਰਦੀ, ਦਇਆ, ਸਹਿਣਸ਼ੀਲਤਾ ਤੇ ਨਿਮਰਤਾ ਵਰਗੇ ਮਨੁੱਖੀ ਗੁਣ ਅਲੋਪ ਹੋ ਰਹੇ ਹਨ। ਇਸ ਲਈ ਸਾਡੀਆਂ ਪ੍ਰਾਂਤਾਂ ਅਤੇ ਕੇਂਦਰੀ ਸਰਕਾਰ ਜ਼ਿੰਮੇਵਾਰ ਹੈ। ਸਰਕਾਰਾਂ ਦਾ ਫਰਜ਼ ਤੇ ਜ਼ਿੰਮਵਾਰੀ ਹੁੰਦੀ ਹੈ। ਸਰਕਾਰਾਂ ਇੱਜ਼ਤ, ਜਾਨ ਤੇ ਮਾਲ ਦੀ ਰੱਖਿਆ ਕਰਨ। ਮਨੁੱਖ ਨੂੰ ਕੁੱਲੀ, ਗੁੱਲੀ ਤੇ ਜੁੱਲੀ ਮੁਹੱਈਆ ਕਰਵਾਉਣਾ। ਸਰਕਾਰਾਂ ਦਾ ਇਹ ਵੀ ਫਰਜ਼ ਤੇ ਜ਼ਿੰਮੇਵਾਰੀ ਹੈ ਕਿ ਜਨਤਾ ਨੂੰ ਆਜ਼ਾਦੀ ਤੇ ਇਨਸਾਫ ਦੁਆਵੇ, ਇਹ ਜ਼ਿੰਮੇਵਾਰੀ ਤੇ ਫਰਜ਼ ਤਾਂ ਸਰਕਾਰ ਦਾ ਹੁੰਦਾ ਹੈ ਪਰ ਇਹ ਸਭ ਕੁਝ ਕਰਨਾ ਪੁਲਿਸ ਨੇ ਹੁੰਦਾ ਹੈ। ਪ੍ਰਾਂਤ ਵਿਚ ਅਮਨ-ਸ਼ਾਂਤੀ ਕਾਇਮ ਰੱਖਣਾ। ਪੁਲਿਸ ਦੀ ਜ਼ਿੰਮੇਵਾਰੀ ਹੁੰਦੀ ਹੈ। ਪਰ ਪੁਲਿਸ ਅਜਿਹਾ ਕਰਦੀ ਨਹੀਂ ਕਿਉਂਕਿ ਪੁਲਿਸ ਦੀ ਜਨਤਾ ਪ੍ਰਤੀ ਸਦਭਾਵਨਾ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਵਿਚ ਨੈਤਿਕ ਤੇ ਜ਼ਮੀਰ ਦੀ ਘਾਟ ਹੁੰਦੀ ਹੈ।

ਇਕ ਜ਼ਿਲ੍ਹੇ ਵਿਚ ਡੀ.ਸੀ. ਹੁੰਦਾ ਹੈ ਅਤੇ ਉਸ ਦੀ ਸਹਾਇਤਾ ਲਈ ਪੁਲਿਸ ਦਾ ਮੁਖੀ ਐੱਸ.ਐੱਸ.ਪੀ. ਹੁੰਦਾ ਹੈ, ਜਿਸ ਨੇ ਜ਼ਿਲ੍ਹੇ ਵਿਚ ਅਮਨ, ਸ਼ਾਂਤੀ ਕਾਇਮ ਕਰਨੀ ਹੁੰਦੀ ਹੈ। ਉਸ ਦੀ ਸਹਾਇਤਾ ਲਈ ਡਿਪਟੀ ਐੱਸ.ਐੱਸ.ਪੀ. ਹੁੰਦਾ ਹੈ। ਉਸ ਦੀ ਸਹਾਇਤਾ ਲਈ ਇੱਕ ਇੰਸਪੈਕਟਰ ਹੁੰਦਾ ਹੈ ਅਤੇ ਉਸ ਦੀ ਸਹਾਇਤਾ ਲਈ ਐੱਸ.ਐੱਚ.ਓ. ਹੁੰਦਾ ਹੈ। ਪਰ ਅਫਸੋਸ ਜ਼ਿਲ੍ਹੇ ਵਿਚ ਇੰਨੇ ਅਫਸਰ ਹੋਣ ਦੇ ਬਾਵਜੂਦ ਜ਼ਿਲ੍ਹੇ ਵਿਚ ਅਮਨ, ਸ਼ਾਂਤੀ ਨਹੀਂ ਹੁੰਦੀ, ਭਾਵ ਲੁੱਟਾਂ-ਖੋਹਾਂ, ਕਤਲੋਗਾਰਤ ਤੇ ਬਲਾਤਕਾਰ ਹੁੰਦੇ ਹਨ।

ਜ਼ਿਲ੍ਹੇ ਵਿਚ ਸਕੂਲਾਂ ਦੇ ਪ੍ਰਬੰਧ ਲਈ ਇੱਕ ਡੀ.ਈ.ਓ. ਹੁੰਦਾ ਹੈ, ਉਸ ਦੀ ਸਹਾਇਤਾ ਲਈ ਤਿੰਨ-ਚਾਰ ਡਿਪਟੀ ਡੀ.ਈ.ਓ. ਹੁੰਦੇ ਹਨ। ਇਸ ਦੇ ਬਾਵਜੂਦ ਸਕੂਲਾਂ ਵਿਚ ਪੜ੍ਹਾਈ ਦੀ ਕੀ ਦਸ਼ਾ ਹੈ? ਕਾਰਨ ਇਹ ਹੈ ਕਿ ਕੋਈ ਵੀ ਆਪਣੀ ਜ਼ਿੰਮੇਵਾਰੀ ਤੇ ਫਰਜ਼ ਪ੍ਰਤੀ ਸੁਹਿਰਦ ਨਹੀਂ। ਮੈਂ ਸਕੂਲਾਂ ਵਿਚ 22 ਵਰ੍ਹੇ ਪੜ੍ਹਾਇਆ ਹੈ, ਪਰ ਮੈਂ ਇੱਕ ਵਾਰੀ ਵੀ ਡੀ.ਈ.ਓ. ਨੂੰ ਸਕੂਲ ਆਉਂਦੇ ਨਹੀਂ ਦੇਖਿਆ।

ਬਹੁਤ ਸਾਰੀਆਂ ਮੌਤਾਂ ਮਾਨਵੀ ਗਲਤੀਆਂ ਨਾਲ ਹੁੰਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੌਤਾਂ ਬੀਮਾਰੀ ਕਰਕੇ ਵੀ ਹੁੰਦੀਆਂ ਹਨ ਅਤੇ ਕੁਝ ਮੌਤਾਂ ਉਮਰ ਕਰਕੇ ਹੁੰਦੀਆਂ ਹਨ। ਮਾਨਵੀ ਗਲਤੀਆਂ ਕਰਕੇ ਕਿਵੇਂ ਹੁੰਦੀਆਂ ਹਨ, ਤੁਸੀਂ ਨਿਤ ਗੱਡੀਆਂ ਮੋਟਰਾਂ ਦੀਆਂ ਘਟਨਾਵਾਂ ਵਾਪਰਦੀਆਂ ਦੇਖਦੇ ਹੋ। ਇਨ੍ਹਾਂ ਦਾ ਕਾਰਣ ਮਾਨਵੀ ਗਲਤੀ ਕਰਕੇ ਹੁੰਦਾ ਹੈ। ਕਈ ਵਾਰ ਦੋਸ਼ ਇੱਕ ਪਾਸਿਓਂ ਹੁੰਦਾ ਹੈ ਅਤੇ ਕਈ ਵਾਰੀ ਦੋਸ਼ ਦੋਨਾਂ ਪਾਸਿਓਂ ਹੁੰਦਾ ਹੈ। ਇਸ ਦਾ ਕਾਰਣ ਇੱਕ ਇਹ ਵੀ ਹੁੰਦਾ ਹੈ ਕਿ ਘਟਨਾ ਹੋਣ ਦਾ ਕਾਰਨ ਦੋਨਾਂ ਪਾਸਿਓਂ ਨਾ ਵੀ ਹੋ ਕੇ ਸੜਕਾਂ ਤੰਗ ਹੋਣ ਕਰਕੇ ਜਾਂ ਸੜਕ ਖਰਾਬ ਹੋਣ ਕਰਕੇ ਵੀ ਹੋ ਸਕਦਾ ਹੈ। ਇਸ ਲਈ ਸਰਕਾਰਾਂ ਜ਼ਿੰਮੇਵਾਰ ਹਨ। ਇਹ ਸਰਕਾਰ ਦਾ ਫਰਜ਼ ਹੈ ਕਿ ਉਹ ਆਪਣੇ ਨਾਗਰਿਕਾਂ ਲਈ ਚੰਗੀਆਂ ਸੜਕਾਂ ਦਾ ਪ੍ਰਬੰਧ ਕਰੇ। ਇਹ ਸਰਕਾਰਾਂ ਦੀ ਅਮਾਨਵੀ ਗਲਤੀ ਹੈ। ਇਨ੍ਹਾਂ ਘਟਨਾਵਾਂ ਦੇ ਪਿੱਛੇ ਮਾਨਵੀ ਗਲਤੀ ਹੁੰਦੀ, ਭਾਵ ਘਟਨਾ ਦਾ ਕੋਈ ਕਾਰਨ ਹੁੰਦਾ ਹੈ, ਪਰ ਅਸੀਂ ਕਈ ਵਾਰੀ ਪ੍ਰਮਾਤਮਾ ਦਾ ਭਾਣਾ ਮੰਨ ਕੇ ਬਹਿ ਜਾਂਦੇ ਹਾਂ। ਸਾਡੀ ਸੋਚ ਵਿਗਿਆਨਕ, ਤਰਕਸ਼ੀਲ ਤੇ ਆਲੋਚਨਾਤਮਕ ਹੋਣੀ ਚਾਹੀਦੀ ਹੈ। ਚੋਰ, ਡਾਕੂ ਅਤੇ ਅੱਤਵਾਦੀ ਜਨਮ ਤੋਂ ਹੀ ਨਹੀਂ ਹੁੰਦੇ। ਇਹ ਸਮਾਜ ਵੱਲੋਂ ਸਤਾਏ ਹੋਏ ਹੁੰਦੇ ਹਨ। ਜਦੋਂ ਮਨੁੱਖ ਨੂੰ ਇਨਸਾਫ ਨਹੀਂ ਮਿਲਦਾ ਅਤੇ ਵਿਤਕਰੇ ਦਾ ਸ਼ਿਕਾਰ ਹੁੰਦਾ ਹੈ, ਤਾਂ ਮਨੁੱਖ ਇਸ ਪਾਸੇ ਪੈਂਦਾ ਹੈ। ਇਸ ਲਈ ਕੈਦੀਆਂ ਨਾਲ ਵਿਵਹਾਰ ਬਹੁਤ ਸੋਹਣਾ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਪਿਆਰ, ਸਤਿਕਾਰ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਜ਼ਿੰਦਗੀਆਂ ਦੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ, ਭਾਵ ਪੂਰਾ ਇਨਸਾਫ ਪ੍ਰਾਪਤ ਹੋਣਾ ਚਾਹੀਦਾ ਹੈ। ਜੇਲ੍ਹਾਂ ਨੂੰ ਸੱਚਮੁੱਚ ਹੀ ਸੁਧਾਰ ਘਰ ਬਣਾਉਣਾ ਚਾਹੀਦਾ ਹੈ। ਕਿਸੇ ਬੁਰੀ ਚੀਜ਼ ਦਾ ਸੁਧਾਰ ਕਰਨਾ ਚਾਹੀਦਾ ਹੈ। ਭਾਵ "To bend to mend not to end."

ਇਸੇ ਤਰ੍ਹਾਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਪੂਰਾ ਪਿਆਰ, ਸਤਿਕਾਰ ਦੇਣਾ ਚਾਹੀਦਾ ਹੈ। ਜੇ ਕੋਈ ਵਿਦਿਆਰਥੀ ਗਲਤੀ ਕਰਦਾ ਹੈ, ਤਾਂ ਉਸ ਨੂੰ ਮੁਆਫ ਕਰ ਦੇਣਾ ਚਾਹੀਦਾ ਹੈ ਅਤੇ ਉਸ ਦਾ ਅੱਗੇ ਤੋਂ ਸੁਧਾਰ ਕਰਨਾ ਚਾਹੀਦਾ ਹੈ, ਤਾਂ ਜੋ ਫਿਰ ਗਲਤੀ ਨਾ ਕਰੇ ਪਰ ਅਧਿਆਪਕ ਅਜਿਹਾ ਕਰਦੇ ਨਹੀਂ। ਬੱਚਿਆਂ ਨੂੰ ਸਾਧਾਰਨ ਜਿਹੀ ਗਲਤੀ 'ਤੇ ਵੀ ਵੱਡੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਕਾਰਨ ਅਧਿਆਪਕ ਉੱਚੇ ਤੇ ਸੁੱਚੇ ਕਿਰਦਾਰ ਦੇ ਹੋਣੇ ਚਾਹੀਦੇ ਹਨ।


ਇੱਕ ਚੰਗਾ ਡਾਕਟਰ, ਇੱਕ ਚੰਗਾ ਅਧਿਆਪਕ, ਚੰਗਾ ਗਾਇਕ ਅਤੇ ਚੰਗਾ ਗੀਤਕਾਰ ਹੋਣਾ ਹੋਰ ਗੱਲ ਹੈ ਅਤੇ ਚੰਗਾ ਮਨੁੱਖ ਹੋਣਾ ਹੋਰ ਗੱਲ ਹੈ।

# ਇਤਿਹਾਸਕ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ

-ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ: 7527931887
(Punjab Mail USA)



ਇਹ ਗੁਰਦੁਆਰਾ ਸਾਹਿਬ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚੌਥੇ ਸਪੁੱਤਰ ਬਾਬਾ ਅਟੱਲ ਰਾਏ ਸਾਹਿਬ ਜੀ ਦੀ ਯਾਦ ਵਿਚ ਸੁਸ਼ੋਭਿਤ ਹੈ। ਬਾਬਾ ਅਟੱਲ ਰਾਏ ਸਾਹਿਬ ਜੀ ਦਾ ਜਨਮ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਮਤ 1676 (1619 ਈਸਵੀ) ਵਿਚ ਹੋਇਆ। ਬਾਬਾ ਅਟੱਲ ਰਾਏ ਸਾਹਿਬ ਜੀ ਬਚਪਨ ਤੋਂ ਹੀ ਯੋਗੀ ਅਥਵਾ ਸਾਧੂ-ਸੁਭਾਉ ਵਾਲਾ ਸੀ। ਛੋਟੀ ਅਵਸਥਾ ਵਿਚ ਹੀ ਜੋ ਕੁੱਝ ਆਖਦੇ, ਉਹ ਸੱਚ ਹੁੰਦਾ ਸੀ। ਇਸੇ ਕਰਕੇ ਬਚਪਨ ਵਿਚ ਹੀ ਸਾਰੇ ਉਨ੍ਹਾਂ ਨੂੰ ਬਾਬਾ ਜੀ ਕਹਿੰਦੇ ਸਨ। ਬਾਲ ਅਵਸਥਾ ਵਿਚ ਆਪ ਹਾਣੀ ਬਾਲਕਾਂ ਨਾਲ ਖਿੱਦੋ-ਖੂੰਡੀ ਖੇਡਿਆ ਕਰਦੇ ਸਨ। ਇਕ ਦਿਨ ਖੇਡਦਿਆਂ-ਖੇਡਦਿਆਂ ਇਕ ਬਾਜੀ ਬਾਲਕ ਮੋਹਨ ਸਿਰ ਆਈ, ਜੋ ਉਸ ਨੇ ਦੂਜੇ ਦਿਨ ਦੇਣ ਦਾ ਬਚਨ ਕੀਤਾ। ਮੋਹਨ ਨੂੰ ਰਾਤ ਨੂੰ ਸੱਪ ਨੇ ਡੰਗ ਮਾਰਿਆ ਤੇ ਉਸ ਦੀ ਮੌਤ ਹੋ ਗਈ। ਦੂਸਰੇ ਦਿਨ ਜਦ ਬਾਲਕ ਮੋਹਨ ਬਾਜੀ ਦੇਣ ਲਈ ਨਾ ਪੁੱਜਾ, ਤਾਂ ਬਾਬਾ ਅਟੱਲ ਰਾਏ ਜੀ ਸਾਥੀਆਂ ਸਣੇ ਮੋਹਨ ਦੇ ਘਰ ਗਏ। ਅੱਗੇ ਕੀ ਦੇਖਦੇ ਹਨ ਕਿ ਮੋਹਨ ਦੇ ਮਾਤਾ-ਪਿਤਾ ਵਿਰਲਾਪ ਕਰ ਰਹੇ ਸਨ। ਰੋਂਦੇ ਮਾਪਿਆਂ ਨੇ ਬਾਬਾ ਜੀ ਨੂੰ ਮੋਹਨ ਦੇ ਰਾਤ ਸੱਪ ਲੜ ਕੇ ਮਰ ਜਾਣ ਦਾ ਹਾਲ ਦੱਸਿਆ। ਇਹ ਸੁਣ ਕੇ ਬਾਬਾ ਜੀ ਅੱਗੇ ਵਧੇ ਤੇ ਆਪਣੀ ਖੂੰਡੀ ਮੋਹਨ ਦੇ ਗਲ



ਵਿਚ ਪਾ ਕੇ ਕਿਹਾ, ਉੱਠ ਸਾਡੀ ਬਾਜੀ ਦੇਹ। ਬਾਬਾ ਜੀ ਦੇ ਬਚਨਾਂ ਨਾਲ ਮੋਹਨ ਉੱਠ ਖੜ੍ਹਾ ਹੋਇਆ। ਮੋਹਨ ਦੇ ਮਾਤਾ-ਪਿਤਾ ਇਹ ਦੇਖ ਕੇ ਡਾਢੇ ਖੁਸ਼ ਹੋਏ। ਇਸ ਗੱਲ ਦੀ ਚਰਚਾ ਸਾਰੇ ਸ਼ਹਿਰ ਵਿਚ ਬੜੀ ਹੋਈ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵੀ ਇਸ ਘਟਨਾ ਦਾ ਪਤਾ ਲੱਗਿਆ। ਗੁਰੂ ਜੀ ਬਹੁਤ ਨਾਰਾਜ਼ ਹੋਏ। ਬਾਬਾ ਅਟੱਲ ਰਾਏ ਸਾਹਿਬ ਜੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਆਏ। ਸਤਿਗੁਰੂ ਪਿਤਾ ਜੀ ਦਾ ਕ੍ਰੋਧ ਦੇਖ ਕੇ ਬਾਬਾ ਅਟੱਲ ਰਾਏ ਨਮਸਕਾਰ ਕਰਕੇ ਅਡੋਲ ਚਲੇ ਗਏ ਤੇ ਇਸ ਥਾਂ, ਜਿਸ ਥਾਂ ਅੱਜਕੱਲ੍ਹ ਗੁਰਦੁਆਰਾ ਅਟੱਲ ਰਾਏ ਸਾਹਿਬ ਸੁਸ਼ੋਭਿਤ ਹੈ, ਆਏ ਤੇ ਇਸ ਥਾਂ ਚਾਦਰ ਤਾਣ ਕੇ ਲੇਟ ਗਏ ਤੇ ਸਰੀਰ ਤਿਆਗ ਦਿੱਤਾ। ਇਹ ਕੌਤਕ ਸੰਮਤ 1685 ਅੱਸੂ ਵਦੀ 10 ਵਾਲੇ ਦਿਨ ਵਰਤਿਆ। ਪਤਾ ਲੱਗਣ 'ਤੇ ਸੰਗਤਾਂ ਸਮੇਤ ਸਤਿਗੁਰੂ ਇਥੇ ਆਏ ਤੇ ਆਪਣੇ ਸਪੁੱਤਰ ਬਾਬਾ ਅਟੱਲ ਰਾਏ ਸਾਹਿਬ ਜੀ ਦਾ ਇਥੇ ਸੰਸਕਾਰ ਕੀਤਾ। ਸੰਸਕਾਰ ਸਮੇਂ ਜਿਸ ਥਾਂ ਗੁਰੂ ਹਰਗੋਬਿੰਦ ਸਾਹਿਬ ਸੰਗਤਾਂ ਨਾਲ ਬੈਠੇ ਸਨ, ਉਸ ਥਾਂ ਗੁਰਦੁਆਰਾ ਬਾਰਾਂਦਰੀ ਸੁਸ਼ੋਭਿਤ ਹੈ। ਅਕਾਲ ਚਲਾਣੇ ਸਮੇਂ ਬਾਬਾ ਜੀ ਦੀ ਉਮਰ 9 ਸਾਲ ਦੀ ਸੀ। ਸੰਸਕਾਰ ਵਾਲੀ ਥਾਂ 'ਤੇ ਗੁਰਦੁਆਰਾ ਸਾਹਿਬ ਬਣਾਇਆ ਗਿਆ। ਸੰਸਕਾਰ ਵਾਲੀ ਜਗ੍ਹਾ ਪਹਿਲਾਂ ਛੋਟਾ ਗੁਰਦੁਆਰਾ ਸਾਹਿਬ ਸੀ, ਬਾਅਦ ਵਿਚ 9 ਮੰਜ਼ਿਲਾਂ ਗੁਰਦੁਆਰਾ ਸਾਹਿਬ ਉਸਾਰਿਆ ਗਿਆ। ਪਹਿਲੀਆਂ ਤਿੰਨ ਮੰਜ਼ਿਲਾਂ ਬਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਜੋਧ ਸਿੰਘ ਨੇ ਉਸਾਰੀਆਂ। ਇਸ ਤੋਂ ਉਪਰਲੀਆਂ ਮੰਜ਼ਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1820 ਵਿਚ ਉਸਾਰੀਆਂ। ਮੰਨਿਆ ਜਾਂਦਾ ਹੈ ਕਿ ਇਸ ਇਮਾਰਤ ਦੀਆਂ 9 ਮੰਜ਼ਿਲਾਂ ਦਾ ਸਬੰਧ ਬਾਬਾ ਅਟੱਲ ਰਾਏ ਦੀ ਉਮਰ ਨਾਲ ਹੈ, ਜੋ 9 ਸਾਲ ਦੀ ਉਮਰ ਅਕਾਲ ਚਲਾਣਾ ਕਰ ਗਏ ਸਨ। ਗੁਰਦੁਆਰਾ ਸਾਹਿਬ ਦੀ ਇਹ ਇਮਾਰਤ ਇਤਿਹਾਸਕ ਹੈ ਅਤੇ ਨਾਲ ਹੀ ਭਵਨ ਨਿਰਮਾਣ ਕਲਾ ਪੱਖੋਂ ਵੀ ਬਹੁਤ ਖੂਬਸੂਰਤ ਹੈ। ਇਸ ਇਮਾਰਤ ਦੀਆਂ ਦੀਵਾਰਾਂ 'ਤੇ ਨਕਾਸ਼ਾਂ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਸੁੰਦਰ ਚਿੱਤਰ ਬਣਾਏ ਗਏ ਹਨ। ਇਹ ਇਮਾਰਤ ਅੰਮ੍ਰਿਤਸਰ ਸਾਹਿਬ ਵਿਚ ਸਾਰੀਆਂ ਇਮਾਰਤਾਂ ਨਾਲੋਂ ਉੱਚੀ ਇਮਾਰਤ ਹੈ। ਇਸ ਦੀ ਉਪਰਲੀ ਛੱਤ 'ਤੇ ਖੜ੍ਹੇ ਹੋ ਕੇ ਪੂਰਾ ਅੰਮ੍ਰਿਤਸਰ ਸ਼ਹਿਰ ਦੇਖਿਆ ਜਾ ਸਕਦਾ ਹੈ। ਇਹ ਗੁਰਦੁਆਰਾ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੋਂ 200 ਮੀਟਰ ਦੀ ਦੂਰੀ 'ਤੇ ਦੱਖਣ ਵੱਲ ਕੌਲਸਰ ਸਰੋਵਰ ਦੇ ਨੇੜੇ ਸੁਸ਼ੋਭਿਤ ਹੈ।

# ਨਹੀਂ ਮਿਲਦੀਆਂ ਸਿਹਤ ਸਹੂਲਤਾਂ ਭਾਰਤ 'ਚ ਪੇਂਡੂਆਂ ਨੂੰ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)





ਭਾਰਤ ਦੇਸ਼ ਦੀ ਵੱਡੀ ਪੇਂਡੂ ਅਬਾਦੀ ਆਪਣੀ ਸਿਹਤ ਵਿਚ ਵਿਗਾੜ ਸਮੇਂ ਝੋਲਾ ਛਾਪ ਡਾਕਟਰਾਂ ਜਾਂ ਝਾੜ-ਫੂਕ ਦੇ ਜ਼ਰੀਏ ਨਿਜਾਤ ਪਾਉਣ ਲਈ ਮਜਬੂਰ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਲੋਂ ਖੋਲ੍ਹੀਆਂ ਗਈਆਂ ਪੇਂਡੂ ਡਿਸਪੈਂਸਰੀਆਂ ਜਾਂ ਸਿਹਤ ਕੇਂਦਰਾਂ 'ਚ ਨਿਯੁਕਤੀਆਂ ਹੋਣ ਦੇ ਬਾਵਜੂਦ ਵੀ ਡਾਕਟਰ ਪਿੰਡਾਂ 'ਚ ਡਿਊਟੀ ਲਈ ਨਹੀਂ ਪੁੱਜਦੇ, ਇਥੋਂ ਤੱਕ ਕਿ ਦੂਰ-ਦੁਰਾਡੇ ਪਿੰਡਾਂ 'ਚ ਨਿਯੁਕਤ ਕੀਤੇ ਡਾਕਟਰ ਸ਼ਹਿਰਾਂ 'ਚ, ਜਿਥੇ ਉਹ ਰਿਹਾਇਸ਼ ਰੱਖਦੇ ਹਨ ਆਪਣੇ ਪ੍ਰਾਈਵੇਟ ਕਲੀਨਿਕ ਖੋਲ੍ਹ ਕੇ ਪ੍ਰੈਕਟਿਸ ਕਰਨ ਲੱਗਦੇ ਹਨ।

ਪੇਂਡੂ ਖੇਤਰਾਂ 'ਚ ਖੁੱਲ੍ਹੇ ਸਰਕਾਰੀ ਸਿਹਤ ਕੇਂਦਰਾਂ 'ਚ ਡਾਕਟਰੀ ਅਤੇ ਡਾਕਟਰੀ ਅਮਲੇ ਦੀ ਘਾਟ ਦਿਖਦੀ ਹੈ। ਭਾਵੇਂ ਦੇਸ਼ 'ਚ ਸਿਹਤ ਸਹੂਲਤਾਂ, ਸਿਹਤ ਬੀਮੇ ਰਾਹੀਂ ਮਿਲਦੀਆਂ ਸਹੂਲਤਾਂ ਦੇ ਵੱਡੇ ਦਾਅਵੇ ਸਰਕਾਰਾਂ ਕਰਦੀਆਂ ਹਨ ਪਰ ਪਿੰਡਾਂ 'ਚ ਇੱਕ ਸਰਵੇਖਣ ਅਨੁਸਾਰ 80 ਫੀਸਦੀ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਹੈ। ਅਸਲ ਵਿਚ ਪਿੰਡਾਂ, ਸ਼ਹਿਰਾਂ ਦਰਮਿਆਨ ਸਿਹਤ ਸਹੂਲਤਾਂ ਦੀ ਵੱਡੀ ਖਾਈ ਹੈ, ਜੋ ਭਰੀ ਨਹੀਂ ਜਾ ਰਹੀ।

ਇਹ ਖਾਈ ਸਗੋਂ ਨਿਰੰਤਰ ਵਧ ਰਹੀ ਹੈ। ਸ਼ਹਿਰਾਂ 'ਚ ਵੱਡੇ-ਵੱਡੇ ਸਪੈਸ਼ਲਿਸਟ ਹਸਪਤਾਲ ਹਨ, ਲੈਬੋਰਟਰੀਆਂ ਹਨ, ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਵਲੋਂ ਚਲਾਏ ਜਾਂਦੇ ਹਸਪਤਾਲ ਹਨ, ਪਰ ਪਿੰਡਾਂ ਵਿਚ ਕੀ ਹੈ, ਜਿਥੇ ਉਂਜ ਵੀ ਵਿਕਾਸ ਦੇ ਨਾਮ ਉਤੇ ਦਮਗਜੇ ਹਨ, ਪਰ ਅਸਲੀਅਤ ਵਿਚ ਗੰਦੇ ਛੱਪੜ, ਗੰਦੀਆਂ ਬਸਤੀਆਂ ਹਨ। ਕੀ ਇਹੋ ਜਿਹੇ ਹਾਲਾਤ ਵਿਚ ਦੇਸ਼ ਖੁਸ਼ਹਾਲ ਹੋ ਸਕਦਾ ਹੈ? ਕੀ ਪੇਂਡੂਆਂ ਦੀ ਸਿਹਤ ਜੂਨ ਸੁਧਰ ਸਕਦੀ ਹੈ?

ਲਉ ਵੇਖ ਲਉ, 2021-22 ਦੀ ਪੇਂਡੂ ਸਿਹਤ ਅੰਕੜਿਆਂ ਦੀ ਸਰਵੇਖਣ ਰਿਪੋਰਟ। ਰਿਪੋਰਟ ਦੱਸਦੀ ਹੈ ਕਿ ਪੇਂਡੂ ਭਾਰਤ ਵਿਚ ਸਰਜਨ ਡਾਕਟਰਾਂ ਦੀ 83 ਫੀਸਦੀ ਘਾਟ ਹੈ। ਬੱਚਿਆਂ ਦੇ ਡਾਕਟਰਾਂ ਦੀ 81.6 ਫੀਸਦੀ ਅਤੇ ਫਿਜੀਸ਼ੀਅਨਾਂ ਦੀ 79.1 ਫੀਸਦੀ ਕਮੀ ਹੈ। ਇਹੀ ਹਾਲ ਔਰਤਾਂ ਦੇ ਰੋਗਾਂ ਦੀਆਂ ਸਪੈਸ਼ਲਿਸਟ ਡਾਕਟਰਾਂ ਦਾ ਹੈ, ਜਿਨ੍ਹਾਂ ਦੀ ਘਾਟ 72.2 ਫੀਸਦੀ ਹੈ। ਅਸਲ 'ਚ ਤਾਂ ਪਿੰਡਾਂ 'ਚ ਖੁੱਲ੍ਹੇ ਪ੍ਰਾਇਮਰੀ ਹੈਲਥ ਸੈਂਟਰਾਂ (ਮੁੱਢਲੇ ਸਿਹਤ ਕੇਂਦਰਾਂ) ਦੇ ਹਾਲਾਤ ਹੀ ਮਾੜੇ ਹਨ, ਜਿਥੇ ਡਾਕਟਰੀ ਅਮਲੇ ਤੋਂ ਲੈ ਕੇ ਬੁਨੀਆਦੀ ਸਾਜੋ ਸਮਾਜ ਵੀ ਇਨ੍ਹਾਂ ਕੇਂਦਰਾਂ 'ਚ ਉਪਲੱਬਧ ਨਹੀਂ ਹੈ।

ਵੈਸੇ ਤਾਂ ਦੇਸ਼ 'ਚ ਬੁਨਿਆਦੀ ਸਹੂਲਤਾਂ ਦੀ ਘਾਟ ਹੈ। ਪੇਂਡੂ ਤੇ ਸ਼ਹਿਰੀ ਖੇਤਰਾਂ 'ਚ ਇਸ ਸਬੰਧੀ ਇੱਕ ਸਰਵੇਖਣ ਹੋਇਆ। ਇਸ ਸਰਵੇਖਣ 'ਚ ਹਿੱਸਾ ਲੈਣ ਵਾਲੇ 97 ਫੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੀ ਬਿਹਤਰ ਪਖਾਨਿਆਂ ਤੱਕ ਪਹੁੰਚ ਹੈ, ਹਾਲਾਂਕਿ ਇਹ ਸੁਧਾਰ ਉਨ੍ਹਾਂ ਲੋਕਾਂ ਦੀ ਸ਼੍ਰੇਣੀ ਨੂੰ ਦਰਸਾਉਂਦਾ ਹੈ, ਜਿਨ੍ਹਾਂ ਕੋਲ ਪਹਿਲਾਂ ਹੀ ਪਖਾਨੇ ਸਨ ਅਤੇ ਉਨ੍ਹਾਂ ਦੀ ਹਾਲਤ ਇੰਨੀ ਵਧੀਆ ਨਹੀਂ ਸੀ। ਸਰਵੇਖਣ ਅਨੁਸਾਰ 78 ਫੀਸਦੀ ਪੇਂਡੂ ਪਰਿਵਾਰਾਂ ਤੱਕ ਚੰਗੇ-ਮੰਦੇ ਪਖਾਨਿਆਂ ਦੀ ਪਹੁੰਚ ਹੈ ਅਤੇ 77 ਫੀਸਦੀ ਪੇਂਡੂ ਆਬਾਦੀ ਕੋਲ ਸਾਬਣ ਨਾਲ ਹੱਥ ਧੋਣ ਦੀ ਸੁਵਿਧਾ ਹੈ, ਪਰ ਬਾਕੀ ਸਿਰਫ ਪਾਣੀ ਨਾਲ ਜਾਂ ਪਾਣੀ ਅਤੇ ਸੁਆਹ ਜਾਂ ਮਿੱਟੀ ਤੇ ਰੇਤ ਆਦਿ ਨਾਲ ਹੱਥ ਧੋਂਦੇ ਹਨ। ਕੀ ਇਹ ਸਿਹਤ ਲਈ ਚੰਗਾ ਹੈ? ਸਿਹਤ ਸਹੂਲਤਾਂ 'ਚ ਇਸ ਕਿਸਮ ਦੀ ਬੁਨਿਆਦੀ ਲੋੜ ਦਾ ਪੂਰਾ ਨਾ ਹੋਣਾ ਨਾ-ਬਰਾਬਰੀ ਅਤੇ ਵਸੀਲਿਆਂ ਦੀ ਅਸਾਵੀਂ ਵੰਡ ਵੱਲ ਇਸ਼ਾਰਾ ਕਰਦਾ ਹੈ। ਇੱਕ ਪਾਸੇ ਪੰਜ ਤਾਰਾ ਹਸਪਤਾਲ, ਦੂਜੇ ਪਾਸੇ ਛੋਟੀਆਂ ਜਿਹੀਆਂ ਸਿਹਤ ਸਹੂਲਤ ਦੀ ਵੀ ਘਾਟ!

ਇਸੇ ਲਈ ਸ਼ਾਇਦ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਸਿਹਤ ਸਹੂਲਤਾਂ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਕਿਹਾ ਹੈ ਕਿ ਦੇਸ਼ ਵਿਸ਼ਵ ਗੁਰੂ ਬਨਣ ਦਾ ਸੁਫਨਾ ਦੇ ਰਿਹਾ ਹੈ, ਪਰ ਅਸੀਂ ਉਦੋਂ ਤੱਕ ਵਿਸ਼ਵ ਗੁਰੂ ਨਹੀਂ ਹੋ ਸਕਦੇ, ਜਦੋਂ ਤੱਕ ਦੇਸ਼ ਵਿਚ ਅਸਲ ਅਰਥਾਂ 'ਚ ਹਰ ਖੇਤਰ 'ਚ ਮੁੱਢਲੀ ਤਬਦੀਲੀ ਨਹੀਂ ਆਉਂਦੀ।

ਜਨਵਰੀ 2023 'ਚ ਸੁਪਰੀਮ ਕੋਰਟ ਨੇ ਇੱਕ ਫੈਸਲੇ 'ਚ ਕਿਹਾ, "ਪੇਂਡੂ ਖੇਤਰਾਂ ਦੇ ਲੋਕਾਂ ਨੂੰ ਵੀ ਸ਼ਹਿਰੀ ਖੇਤਰਾਂ ਦੇ ਲੋਕਾਂ ਵਾਂਗਰ ਸਿਹਤ ਸਹੂਲਤਾਂ ਪ੍ਰਾਪਤ ਕਰਨ ਦਾ ਹੱਕ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਉਤੇ ਪੇਂਡੂ ਖੇਤਰਾਂ ਵਿਚ ਸਿਹਤ ਸਹੂਲਤਾਂ ਦੀ ਪਹੁੰਚ ਵਧਾਉਣ ਦੀ ਜ਼ਿੰਮੇਵਾਰੀ ਹੈ। ਪੇਂਡੂ ਆਬਾਦੀ ਦੀ ਦੇਖਭਾਲ ਲਈ ਕਾਬਲ ਡਾਕਟਰਾਂ ਦੀਆਂ ਸੇਵਾਵਾਂ ਦੇਣਾ ਸਰਕਾਰ ਦਾ ਫਰਜ਼ ਹੈ। ਸੁਪਰੀਮ ਕੋਰਟ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਪੇਂਡੂ ਤੇ ਸ਼ਹਿਰੀ ਆਬਾਦੀ ਵਿਚ ਸਿਹਤ ਸਹੂਲਤਾਂ ਪ੍ਰਦਾਨ ਕਰਨ 'ਚ ਭੇਦਭਾਵ ਨਹੀਂ ਹੋਣਾ ਚਾਹੀਦਾ।"

ਭਾਰਤ ਦੇ ਪੇਂਡੂ ਖੇਤਰ ਵਿਚ 3100 ਮਰੀਜ਼ਾਂ ਪਿੱਛੇ ਇੱਕ ਬੈਡ (ਬਿਸਤਰ) ਸਿਹਤ ਕੇਂਦਰਾਂ 'ਚ ਉਪਲੱਬਧ ਹੈ। ਕਈ ਰਾਜਾਂ 'ਚ ਇਹ ਅੰਕੜਾ ਹੋਰ ਵੀ ਖਰਾਬ ਹੈ। ਬਿਹਾਰ ਵਿੱਚ 18000 ਪੇਂਡੂਆਂ ਪਿਛੇ ਇੱਕ ਬਿਸਤਰ ਅਤੇ ਯੂ.ਪੀ. 'ਚ 3900 ਪਿੱਛੇ ਇੱਕ ਬੈਡ। ਇਥੇ ਹੀ ਬੱਸ ਨਹੀਂ, ਪੇਂਡੂ ਖੇਤਰਾਂ 'ਚ 26000 ਦੀ ਆਬਾਦੀ ਪਿੱਛੇ ਇੱਕ ਡਾਕਟਰ ਹੈ, ਜਦਕਿ ਵਿਸ਼ਵ ਸਿਹਤ ਸੰਗਠਨ ਕਹਿੰਦਾ ਹੈ ਕਿ ਹਰ ਇੱਕ ਹਜ਼ਾਰ ਲੋਕਾਂ ਪਿੱਛੇ ਇੱਕ ਡਾਕਟਰ ਹੋਣਾ ਚਾਹੀਦਾ ਹੈ। ਜਦੋਂ ਸਹੂਲਤਾਂ ਇੰਨੀਆਂ ਘੱਟ ਹਨ ਤਾਂ ਆਖਰ ਲੋਕ ਕੀ ਕਰਨ?

ਸਵਾਲ ਇਹ ਵੀ ਹੈ ਕਿ ਦੇਸ਼ ਵਿਚ ਇਲਾਜ ਉਤੇ ਹੋਣ ਵਾਲੇ ਖਰਚੇ ਦਾ ਅੱਧਾ ਖਰਚਾ ਵਿਅਕਤੀ ਦੀ ਜੇਬ ਵਿਚੋਂ ਹੁੰਦਾ ਹੈ। ਜਦੋਂ ਆਮਦਨੀ ਪ੍ਰਤੀ ਵਿਅਕਤੀ 27 ਰੁਪਏ ਦਿਹਾੜੀ ਹੈ, ਤਾਂ ਵਿਅਕਤੀ ਖਾਏਗਾ ਕੀ, ਬਿਮਾਰ ਪਿਆ ਤਾਂ ਇਲਾਜ ਕਰਵਾਏਗਾ ਕਿਥੋਂ? ਬੱਚਿਆਂ ਦੀ ਸਿੱਖਿਆ ਅਤੇ ਹੋਰ ਸੰਭਾਲ ਲਈ ਪੈਸਾ ਆਖਿਰ ਕਿਥੋਂ ਲਿਆਏਗਾ?

ਇਹੋ ਕਾਰਨ ਹੈ ਕਿ ਦੇਸ਼ ਵਿਚ ਗਰੀਬ ਪਰਿਵਾਰਾਂ ਦੀ ਔਸਤ ਉਮਰ, 20 ਫੀਸਦੀ ਚੰਗੇ ਪਰਿਵਾਰਾਂ ਦੀ ਔਸਤ ਉਮਰ ਦੇ ਮੁਕਾਬਲੇ, ਸੱਤ ਸਾਲ ਛੋਟੀ ਹੋ ਰਹੀ ਹੈ। ਕਿਹੋ ਜਿਹਾ ਇਨਸਾਫ ਹੈ ਇਸ ਲੋਕਤੰਤਰ ਵਿਚ, ਜਿਹੜਾ ਵਿਤਕਰੇ ਭਰੇ ਆਰਥਿਕ ਤੰਤਰ 'ਚ ਗੋਡੇ ਟੇਕ ਬੈਠਾ ਹੈ, ਜਿਥੇ ਅਮੀਰ ਆਦਮੀ, ਗਰੀਬ ਆਦਮੀ ਦੇ ਜੀਊਣ ਦੇ ਸਾਧਨ ਵੀ ਆਪਣੀ ਲਪੇਟ ਵਿਚ ਲੈ ਰਿਹਾ ਹੈ।

ਨਵੀਂ ਰਾਸ਼ਟਰੀ ਸਿਹਤ ਪਾਲਿਸੀ 2017 ਅਨੁਸਾਰ "ਸਾਰਿਆਂ ਲਈ ਸਿਹਤ" ਦਾ ਟੀਚਾ ਹੈ, ਭਾਰਤੀ ਸਿਹਤ ਪ੍ਰਬੰਧਨ 'ਚ ਮੁੱਢਲੀਆਂ, ਸਿਹਤ ਸਹੂਲਤਾਂ ਲਈ ਸਬ ਸੈਂਟਰ, ਪ੍ਰਾਇਮਰੀ ਹੈਲਥ ਸੈਂਟਰ ਅਤੇ ਕਮਿਊਨਿਟੀ ਹੈਲਥ ਸੈਂਟਰ ਹਨ, ਜਦਕਿ ਸੈਕੰਡਰੀ ਸਿਹਤ ਪ੍ਰਬੰਧਨ ਲਈ ਜ਼ਿਲ੍ਹਾ ਅਤੇ ਸਬ ਡਿਵੀਜ਼ਨ ਪੱਧਰੀ ਹਸਪਤਾਲ ਹਨ, ਜਦਕਿ ਰਾਜ ਜਾਂ ਟੈਰੀਟਰੀ ਪੱਧਰ 'ਤੇ ਸਿਹਤ ਸੰਸਥਾਵਾਂ ਖੋਜ ਸੈਂਟਰ ਹਨ। ਪਰ ਅਸਲ ਵਿਚ ਪੇਂਡੂ ਖੇਤਰ 'ਚ ਕੰਮ ਕਰਦੇ ਪ੍ਰਾਇਮਰੀ ਜਾਂ ਕਮਿਊਨਿਟੀ ਸਿਹਤ ਕੇਂਦਰਾਂ ਦੇ ਹਾਲਤ ਅਤਿ ਦੇ ਮਾੜੇ ਹਨ, ਜਿਥੇ ਇਮਾਰਤਾਂ ਦੀ ਘਾਟ ਹੈ, ਸਟਾਫ ਨੂੰ ਪੂਰੀ ਤਨਖਾਹਾਂ ਨਹੀਂ, ਐਮਰਜੈਂਸੀ 'ਚ ਮਿਲਣ ਵਾਲੇ ਬੈੱਡ ਨਹੀਂ ਹਨ।

ਦੇਸ਼ 'ਚ ਸਿੱਖਿਆ ਅਤੇ ਸਿਹਤ ਕਮਾਈ ਦਾ ਜ਼ਰੀਆ ਬਣ ਗਿਆ ਹੈ। ਕਰੋਨਾ ਕਾਲ 'ਚ ਇੱਕ ਵਿਸ਼ੇਸ਼ ਵਰਗ ਨੇ ਸਿਹਤ ਸਹੂਲਤਾਂ ਪ੍ਰਦਾਨ ਕਰਦਿਆਂ ਇੰਨੀ ਲੁੱਟ ਮਚਾਈ ਕਿ ਅਰਬਾਂ ਪਤੀ, ਖਰਬਾਂ ਪਤੀ ਲੋਕਾਂ ਦੀ ਗਿਣਤੀ ਵਧ ਗਈ ਅਤੇ ਵੱਡੀ ਗਿਣਤੀ ਲੋਕ ਗਰੀਬੀ ਰੇਖਾ ਤੋਂ ਹੋਰ ਥੱਲੇ ਖਿਸਕ ਗਏ। ਚਾਹੀਦਾ ਤਾਂ ਇਹ ਹੈ ਕਿ ਦੇਸ਼ ਵਿਚ ਸਿਹਤ ਅਤੇ ਸਿੱਖਿਆ ਮੁਫਤ ਹੋਵੇ ਹਰ ਨਾਗਰਿਕ ਲਈ, ਬਰਾਬਰ ਦੀ ਸਿੱਖਿਆ ਹੋਵੇ ਸਭ ਲਈ, ਚੰਗੀਆਂ ਸਿਹਤ ਸਹੂਲਤਾਂ ਤੋਂ ਵੀ ਕੋਈ ਵਿਰਵਾ ਨਾ ਰਹੇ। ਪਰ ਸਰਕਾਰੀ ਤੰਤਰ ਵਲੋਂ ਜਾਰੀ ਸਿਹਤ ਸਹੂਲਤ "ਆਯੂਸ਼ਮਾਨ ਭਾਰਤ" ਯੋਜਨਾ ਦਾ ਦੇਸ਼ 'ਚ ਕੀ ਹਾਲ ਹੋਇਆ? ਇਸ ਯੋਜਨਾ ਦਾ ਉਦੇਸ਼ 50 ਕਰੋੜ ਲੋਕਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨਾ ਹੈ। ਪਰ ਇਹ ਯੋਜਨਾ ਵੀ ਭੈੜੇ ਪ੍ਰਬੰਧਨ, ਪੈਸੇ ਦੀ ਘਾਟ ਕਾਰਨ ਅਤੇ ਸਿਹਤ ਕਾਮਿਆਂ ਦੀ ਕਮੀ ਕਾਰਨ ਹੱਫਦੀ ਹੋਈ ਨਜ਼ਰ ਆਈ।

ਦੇਸ਼ ਦਾ ਪਿੰਡ ਰੁਜ਼ਗਾਰ ਵਿਹੂਣਾ ਹੈ। ਦੇਸ਼ ਦਾ ਪਿੰਡ ਸਿੱਖਿਆ ਸਹੂਲਤਾਂ ਤੋਂ ਊਣਾ ਹੈ। ਦੇਸ਼ ਦੇ ਪਿੰਡਾਂ ਲਈ ਅੱਛੀਆਂ ਸੜਕਾਂ ਨਹੀਂ, ਸਾਫ ਸੁਥਰੇ ਪਾਣੀ ਅਤੇ ਟਾਇਲਟਾਂ ਦੀ ਕਮੀ ਹੈ। ਦੇਸ਼ ਦੇ ਪਿੰਡਾਂ 'ਚ ਸਰਕਾਰਾਂ ਹਰਾ, ਹਰਾ, ਗੁਲਾਬੀ, ਗੁਲਾਬੀ ਲੱਖ ਵੇਰ ਲੋਕਾਂ ਨੂੰ ਦਿਖਾਉਣ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਅੱਜ ਵੀ ਪਿੰਡ ਬੀਮਾਰ ਹੈ।


ਸਿਹਤ ਸਹੂਲਤਾਂ 'ਚ ਘਾਟ ਅਤੇ ਵਖਰੇਵੇਂ ਕਾਰਨ ਖਾਸ ਕਰਕੇ ਪੇਂਡੂ ਖਿੱਤਾ ਬਦਹਾਲੀ ਝੱਲ ਰਿਹਾ ਹੈ। ਇਹ ਸਮੱਸਿਆ ਕਿਸੇ ਇੱਕ ਹੀ ਸੂਬੇ ਦੀ ਕਮੀ ਨਹੀਂ ਹੈ, ਸਗੋਂ ਸਮੁੱਚੇ ਭਾਰਤ ਦੀ ਇਹ ਹਾਲਤ ਹੈ। ਭਾਵੇਂ ਕਿ ਕੁਝ ਸੂਬੇ ਸਿਹਤ ਸਹੂਲਤਾਂ ਦੇਣ ਲਈ ਹੰਭਲੇ ਮਾਰ ਰਹੇ ਹਨ, ਪਰ ਪੈਸੇ ਦੀ ਥੁੜ ਆੜੇ ਆ ਰਹੀ ਹੈ।

ਅੱਜ ਵੀ ਸਿਹਤ ਸਹੂਲਤਾਂ ਦੀ ਘਾਟ ਦੀ ਮਾਰ ਗਰੀਬ ਆਦਮੀ ਹੀ ਸਹਿ ਰਿਹਾ ਹੈ। ਪਰ ਸਿਆਸੀ ਆਗੂ ਲੋਕਤੰਤਰ ਅਤੇ ਸੰਵਿਧਾਨ ਦੀ ਦੁਹਾਈ ਦੇ ਕੇ ਆਪਣਾ ਉਲੂ ਸਿੱਧਾ ਕਰ ਰਹੇ ਹਨ ਅਤੇ ਵੱਡੀਆਂ-ਵੱਡੀਆਂ ਯੋਜਨਾਵਾਂ ਬਣਾਕੇ, ਫਿਰ ਉਨ੍ਹਾਂ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

ਸੰਵਿਧਾਨ ਦੀ ਧਾਰਾ-21 ਅਨੁਸਾਰ ਹਰ ਭਾਰਤੀ ਨਾਗਰਿਕ ਨੂੰ ਜੀਵਨ ਜੀਊਣ ਦਾ ਹੱਕ ਹੈ। ਪਰ ਜਿਥੇ ਸਿਹਤ ਸਹੂਲਤਾਂ ਦਾ ਮੰਦਾ ਹਾਲ ਹੋਵੇ, ਖਾਸ ਕਰਕੇ ਪੇਂਡੂ ਖਿੱਤੇ 'ਚ ਉਥੇ ਚੰਗਾ ਜੀਵਨ ਕਿਵੇਂ ਚਿਤਵਿਆ ਜਾ ਸਕਦਾ ਹੈ?

ਅਸਲ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਮੁਫਤ ਸਿਹਤ, ਸਿੱਖਿਆ ਸਹੂਲਤਾਂ ਦੇਵੇ, ਪਰ ਪਿਛਲੇ ਸਾਲਾਂ 'ਚ ਸਰਕਾਰਾਂ ਇਸ ਫਰਜ਼ ਤੋਂ ਆਪਣਾ ਹੱਥ ਪਿੱਛੇ ਖਿੱਚ ਰਹੀਆਂ ਹਨ ਅਤੇ ਸਿਹਤ ਸੇਵਾਵਾਂ ਦਾ ਨਿੱਜੀਕਰਨ ਵਧਦਾ ਜਾ ਰਿਹਾ ਹੈ।

ਡਰ ਤਾਂ ਇਹ ਬਣਦਾ ਜਾ ਰਿਹਾ ਹੈ ਕਿ ਸਰਕਾਰ ਆਉਣ ਵਾਲੇ ਸਮੇਂ 'ਚ ਸਿਹਤ ਖੇਤਰ 'ਚ ਨਾਗਰਿਕਾਂ ਨੂੰ ਆਪਣੀ ਸਿਹਤ ਦੇ ਸਬੰਧ 'ਚ ਆਤਮ ਨਿਰਭਰ ਹੋਣ ਦੀ ਗੱਲ ਨਾ ਕਹਿ ਦੇਵੇ, ਤਾਂ ਫਿਰ ਗਰੀਬ ਲੋਕਾਂ ਖਾਸ ਕਰਕੇ ਪੇਂਡੂਆਂ ਦਾ ਕੀ ਬਣੇਗਾ?




Editorial Board

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪ੍ਰਾਪਰ ਸਲੀਪ ਲਵੋ ਤੰਦਰੁਸਤੀ ਲਈ


ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
(Punjab Mail USA)




*"ਵਿਸ਼ਵ ਭਰ 'ਚ ਮਨੋਵਿਗਿਆਨਕ ਸਮੱਸਿਆਵਾਂ ਜ਼ਿਆਦਾ ਸਟ੍ਰੈਸ, ਚਿੰਤਾ ਅਤੇ ਉਦਾਸੀ ਰਹਿਣ ਨਾਲ ਨੀਂਦ ਦਾ ਸਾਈਕਲ ਵਿਗੜਦਾ ਜਾ ਰਿਹਾ ਹੈ। ਨੀਂਦ ਘੱਟ ਜਾਂ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਹਰ ਉਮਰ 'ਚ ਚਿੰਤਾ ਘੱਟ ਕਰਨ ਲਈ ਖਿਆਲ ਰੱਖਣਾ ਜ਼ਰੂਰੀ ਹੋ ਗਿਆ ਹੈ"- ਅਨਿਲ ਧੀਰ*







ਵਿਸ਼ਵ ਸਲੀਪ ਦਿਵਸ 17 ਮਾਰਚ, 2023 ਨੂੰ ਵਿਸ਼ਵ ਭਰ 'ਚ ਸਲੀਪ ਜਾਗਰੂਕਤਾ ਦੇ ਤੌਰ 'ਤੇ ਮਨਾਇਆ ਗਿਆ। ਵਿਸ਼ਵ ਸਲੀਪ ਅਦਾਰੇ ਦੇ ਪਹਿਲੇ ਸਹਿ-ਚੇਅਰ ਲਿਬਰੋ ਪੈਰਿਨੋ, ਪਰਮਾ ਯੂਨੀਵਰਸਿਟੀ ਇਟਲੀ ਦੇ ਨਿਊਰੋਲੋਜ਼ੀ ਦੇ ਪ੍ਰੋਫੈਸਰ ਅਤੇ ਐਂਟੋਨੀਓ ਕੁਲੇਬਰਾਸ ਅਪਸਟੇਟ ਮੈਡੀਕਲ ਯੂਨੀਵਰਸਿਟੀ ਤੇ ਕਮਿਊਨਿਟੀ ਜਨਰਲ ਹਸਪਤਾਲ ਸੀਰਾਕਯੂਸ ਨਿਊਯਾਰਕ ਯੂ.ਐੱਸ.ਏ ਤੋਂ ਸਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਿਸ਼ਵ ਭਰ ਵਿਚ ਮਨੋਵਿਗਿਆਨਕ ਸਮੱਸਿਆਵਾਂ ਜ਼ਿਆਦਾ ਸਟ੍ਰੈਸ, ਚਿੰਤਾ ਅਤੇ ਉਦਾਸੀ ਰਹਿਣ ਨਾਲ ਨੀਂਦ ਦਾ ਸਾਈਕਲ ਵਿਗੜਦਾ ਜਾ ਰਿਹਾ ਹੈ। ਨੀਂਦ ਘੱਟ ਜਾਂ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਨੌਜਵਾਨ ਅਤੇ ਸੀਨੀਅਰਜ਼, ਕਰੀਬਨ 264 ਮਿਲੀਅਨ ਦਾ ਆਂਕੜਾ ਪਾਰ ਕਰ ਚੁੱਕੇ ਹਨ। ਨਾਰਥ-ਅਮਰੀਕਾ ਵਿਚ 20-59 ਸਾਲ ਦੇ 65 ਤੋਂ 70% ਲੋਕ ਇਨਸੋਮਨੀਆ ਦੇ ਅਤੇ 50-70% ਨੀਂਦ ਦੇ ਦੌਰਾਨ ਸਨੋਰਿੰਗ ਦੇ ਸ਼ਿਕਾਰ ਹਨ। ਸਟੱਡੀ ਮੁਤਾਬਕ 7-10% ਸੈਕਸੋਮੀਆ ਯਾਨਿ ਆਪਣੇ ਸਾਥੀ ਨਾਲ ਯੋਨ ਸੰਬੰਧ ਲਈ ਅੱਧੀ ਰਾਤ ਵੇਲੇ ਜਾਗਣ ਦੇ ਸ਼ਿਕਾਰ ਹਨ। ਹਰ ਆਦਮੀ ਜਾਣਦਾ ਹੈ ਕਿ ਸਰੀਰਕ ਅਤੇ ਮਾਨਸਿਕ ਸਿਹਤ ਲਈ ਨੀਂਦ ਜ਼ਰੂਰੀ ਹੈ, ਕੱਝ ਇਹ ਨਹੀਂ ਜਾਣਦੇ ਕਿ ਕਿੰਨਾਂ ਮਹੱਤਵਪੂਰਣ ਹੈ।

ਦੁਨੀਆਂ ਭਰ 'ਚ ਨੀਂਦ ਸੰਬੰਧੀ ਸਮੱਸਿਅਵਾਂ ਇਨਸੋਮਨੀਆ, ਸਲੀਪ ਐਪਨੀਆ, ਨਾਰਕੋਲਪਸੀ, ਘੱਟ ਨੀਂਦ, ਸਨੋਰਿੰਗ, ਰਾਤ ਵੇਲੇ ਡਰਨਾ ਤੇਜ਼ੀ ਨਾਲ ਵੱਧ ਰਹੀਆਂ ਹਨ। ਅਮਰੀਕਾ ਵਿਚ ਕਰੀਬਨ 9 ਮਿਲੀਅਨ ਸੌਣ ਤੋਂ ਪਹਿਲਾਂ ਸਲੀਪ ਲਈ ਡਾਕਟਰੀ ਤਜਵੀਜ਼ ਵਾਲੀਆਂ ਦਵਾਈਆਂ ਲੈ ਰਹੇ ਹਨ। ਤੇਜ਼ ਰਫਤਾਰ ਜ਼ਿੰਦਗੀ ਵਿਚ ਵਰਕ-ਪਲੇਸ 'ਤੇ ਸ਼ਿਫਟਾਂ ਦੀ ਰੋਟੇਸ਼ਨ, ਜੋੜਾਂ ਦਾ ਦਰਦ, ਗਠੀਆ, ਸਟ੍ਰੈਸ, ਕਲੇਸ਼ ਦਾ ਮਾਹੌਲ, ਲੋੜ ਤੋਂ ਵੱਧ ਓ.ਟੀ.ਸੀ. ਦਵਾਈਆਂ ਦੀ ਵਰਤੋਂ, ਸਿਰਦਰਦ ਕਾਰਨ ਨੀਂਦ ਸੰਬੰਧੀ ਰੋਗ ਵੱਧ ਰਹੇ ਹਨ। ਪ੍ਰੈਗਨੈਂਸੀ ਦੌਰਾਣ ਔਰਤਾਂ ਪਹਿਲੇ ਅਤੇ ਤੀਜੇ ਮਹੀਨੇ ਰਾਤ ਵੇਲੇ ਨੀਂਦ ਅਤੇ ਦਿਨ ਵਿਚ ਥਕਾਵਟ ਮਹਿਸੂਸ ਕਰਦੀਆਂ ਹਨ। ਪਹਿਲੇ ਤਿਮਾਹੀ ਦੇ ਦੌਰਾਨ ਵਾਰ-ਵਾਰ ਪਿਸ਼ਾਬ ਆਉਣ ਕਰਕੇ ਨੀਂਦ ਭੰਗ ਹੋ ਜਾਂਦੀ ਹੈ। ਬੱਚੇ ਦੇ ਜਨਮ ਤੋਂ ਬਾਅਦ ਲਗਾਤਾਰ ਦੇਖਭਾਲ ਦੀ ਚਿੰਤਾ, ਸਟ੍ਰੈਸ ਨਾਲ ਮਾਨਸਿਕ ਪ੍ਰੇਸ਼ਾਨੀਆਂ ਵੱਧ ਜਾਂਦੀਆਂ ਹਨ।

## ਖਿਆਲ ਰੱਖੋ :

- ਲੰਬੀ ਤੰਦਰੁਸਤ ਜ਼ਿੰਦਗੀ ਲਈ ਵਰਕ-ਪਲੇਸ ਦੀਆਂ ਸ਼ਿਫਟਾਂ ਦੇ ਬਾਵਜੂਦ ਡੇਲੀ ਸਲੀਪ ਅਤੇ ਜਾਗਣ ਦਾ ਸਮਾਂ ਨਿਸ਼ਚਿਤ ਕਰਕੇ ਰੋਜ਼ਾਨਾ ਘੱਟੋ-ਘੱਟ 8-10 ਘੰਟੇ ਦੀ ਨੀਂਦ ਜ਼ਰੂਰ ਲਵੋ।
- ਅਲਕੋਹਲ, ਕੈਫੀਨ ਅਤੇ ਨਿਕੋਟਿਨ, ਮਸਾਲੇਦਾਰ ਫ੍ਰਾਈਡ ਫੂਡ ਦਾ ਬੈਡ 'ਤੇ ਜਾਣ ਤੋਂ ਪਹਿਲਾਂ ਇਸਤੇਮਾਲ ਕਰਨ ਨਾਲ ਸਰੀਰ ਤੇ ਮਨ ਬਿਮਾਰ ਹੋ ਸਕਦਾ ਹੈ।
- 8-10 ਬਦਾਮ ਗਿਰੀ ਖਾ ਕੇ ਗਰਮਾ-ਗਰਮ ਦੁੱਧ ਪੀਓ। ਦੁੱਧ ਅੰਦਰ ਮੌਜੂਦ ਕੈਲਸ਼ੀਅਮ, ਜੋ ਦਿਮਾਗ ਨੂੰ ਮੇਲਾਟੋਨਿਨ ਬਣਾਉਣ 'ਚ ਮਦਦ ਕਰਦਾ ਹੈ।
- ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਪੰਪਕਿਨ ਸੀਡਜ਼, ਸ਼ਹਿਦ ਵਾਲਾ ਗਰਮ ਦੁੱਧ ਸ਼ਾਮਲ ਕਰੋ। ਸਰੀਰ ਅੰਦਰ ਮੈਗਨੀਸ਼ੀਅਮ ਦੀ ਕਮੀ ਨੀਂਦ ਲਈ ਦਿਮਾਗ ਦਾ ਸਾਈਕਲ ਵਿਗਾੜ ਸਕਦੀ ਹੈ।
- ਸੌਣ ਤੋਂ ਪਹਿਲਾਂ ਲਵੈਂਡਰ ਅਰੋਮਾ ਤੇਲ ਦੀ 2-4 ਬੂੰਦਾਂ ਕਾਟਨ ਬਾਲ (ਰੂਈ) 'ਤੇ ਪਾ ਕੇ ਸੁੰਘੋ। ਇਨਸੋਮਨੀਆ ਦੀ ਹਾਲਤ ਵਿਚ ਮਦਦ ਮਿਲ ਸਕਦੀ ਹੈ।
- ਪੂਰੇ ਦਿਨ ਵਿਚ 8-10 ਗਿਲਾਸ ਕੌਸਾ ਪਾਣੀ ਪੀਣ ਦੀ ਆਦਤ ਪਾ ਲਵੋ।

**ਨੋਟ:** ਕਿਸੇ ਵੀ ਬਿਮਾਰੀ ਅਤੇ ਪ੍ਰੈਗਨੈਂਸੀ ਦੌਰਾਣ ਨੀਂਦ ਦੀ ਹਰ ਸਮੱਸਿਆ ਦੇ ਲਈ ਡਾਕਟਰੀ ਸਲਾਹ, ਪੂਰੀ ਜਾਂਚ ਤੇ ਇਲਾਜ ਕਰਾਓ। ਆਪਣੀ ਮਰਜ਼ੀ ਨਾਲ ਕੋਈ ਵੀ ਦਵਾਈ ਅਤੇ ਸਪਲੀਮੈਂਟ ਨਾ ਲਵੋ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।







ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.






Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।







ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਮਹਾਨ ਕ੍ਰਾਂਤੀਕਾਰੀ ਅਜੀਤ ਸਿੰਘ ਦੀ ਸਮਾਧ ਪੰਚਪੁਲਾ, ਡਲਹੌਜੀ

**ਬਲਵਿੰਦਰ ਬਾਲਮ**
ਓਂਕਾਰ ਨਗਰ,
ਗੁਰਦਾਸਪੁਰ ਪੰਜਾਬ
ਮੋ. 98156-25409
(Punjab Mail USA)



ਪਠਾਨਕੋਟ, ਪੰਜਾਬ ਤੋਂ ਡਲਹੌਜੀ ਲਗਭਗ 90 ਕਿਲੋਮੀਟਰ ਦੂਰ ਪੈਂਦਾ ਹੈ। ਡਲਹੌਜੀ ਜਿੱਥੇ ਮੌਸਮਾਂ ਵਿਚ ਸਿਰਤਾਜ ਮੰਨਿਆ ਜਾਂਦਾ ਹੈ, ਉਥੇ ਇਹ ਸ਼ਹਿਰ ਕ੍ਰਾਂਤੀਕਾਰੀਆਂ ਦਾ ਸ਼ਹਿਰ ਵੀ ਹੈ। ਭਾਰਤ ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਸਰਦਾਰ ਅਜੀਤ ਸਿੰਘ ਦੀ ਸਮਾਧ ਪੰਚਪੁਲੇ (ਡਲਹੌਜੀ) ਦੇ ਚੌਂਕ ਵਿਚ ਸ਼ੋਭਨੀਏ ਹੈ। ਇਸ ਸਥਾਨ ਉਪਰ ਲੋਕ ਜੋੜੇ (ਜੁੱਤੀਆਂ) ਉਤਾਰ ਕੇ ਮੱਥਾ ਟੇਕਦੇ ਹਨ। ਧਾਰਮਿਕ ਸਥਾਨਾਂ ਤੋਂ ਵੱਧ ਅਹਿਮੀਅਤ ਰੱਖਦਾ ਹੈ ਇਹ ਮਹਾਨ ਸਥਾਨ।


ਪੰਚਪੁਲਾ ਨਾਂਅ ਇਸ ਕਰਕੇ ਪਿਆ ਕਿ ਇੱਥੇ ਪੰਜ ਪੁਲੀਆਂ ਹੁੰਦੀਆਂ ਸੀ। ਮਹਾਨ ਕ੍ਰਾਂਤੀਕਾਰੀ, ਦੇਸ਼ ਭਗਤ ਸਰਦਾਰ ਅਜੀਤ ਸਿੰਘ ਦੀ ਸਮਾਧ ਡਲਹੌਜੀ ਵਿਖੇ ਯਾਤਰੀ ਸ਼ਰਧਾ ਨਾਲ ਵੇਖਣ ਆਉਂਦੇ ਹਨ। ਸਮਾਧ ਉਪਰ ਵੱਡੇ ਆਕਾਰ ਦੀ ਇਕ ਟਿਊਬ (ਲਾਈਟ) ਲਗਾਈ ਗਈ ਹੈ, ਜੋ ਰਾਤ ਨੂੰ ਜਗਦੀ ਹੈ ਤਾਂ ਅੰਗਰੇਜ਼ੀ ਦੇ ਲਫ਼ਜ਼ ਏ (ਅ) ਵਾਂਗ ਜਗਦੀ ਨਜ਼ਰ ਆਉਂਦੀ ਹੈ, ਜੋ ਮਹਾਨ ਕ੍ਰਾਂਤੀਕਾਰੀ ਅਜੀਤ ਸਿੰਘ ਦੇ ਨਾਂਅ ਦੀ ਯਾਦ ਦਿਵਾਂਦੀ ਹੈ। ਇਸ ਨੂੰ ਦੂਰੋਂ ਜਗਦੀ ਹੋਈ ਵੇਖ ਕੇ ਦਿਲਾਂ ਵਿਚ ਇਕ ਜਗਿਆਸਾ ਪੈਦਾ ਹੁੰਦੀ ਹੈ ਕਿ ਇਹ ਕੀ ਚੀਜ਼ ਹੈ? ਲੋਕ ਇਸ ਭੇਦ ਨੂੰ ਜਾਣਨ ਲਈ ਉਥੋਂ ਤੱਕ ਜ਼ਰੂਰ ਪਹੁੰਚਦੇ ਹਨ। ਡਲਹੌਜੀ ਤੋਂ ਕੁਝ ਦੂਰੀ 'ਤੇ ਸਥਿਤ ਹੈ ਇਹ ਜਗ੍ਹਾ।

ਡਲਹੌਜੀ ਦੇ ਬੁੱਧੀਜੀਵੀ ਲੋਕਾਂ ਦੀ ਤਮੰਨਾ ਹੈ ਕਿ ਇਸ ਸ਼ਹਿਰ ਦਾ ਨਾਂਅ ਬਦਲ ਕੇ ਅਜੀਤ ਸਿੰਘ ਨਗਰ ਰੱਖਿਆ ਜਾਏ, ਤਾਂ ਜੋ ਮਹਾਨ ਕ੍ਰਾਂਤੀਕਾਰੀ ਅਜੀਤ ਸਿੰਘ ਦੀ ਯਾਦ ਆਉਣ ਵਾਲੀ ਪੀੜ੍ਹੀ ਤੱਕ ਪਹੁੰਚਦੀ ਰਹੇ।

ਪੰਚਪੁਲੇ ਵਿਖੇ ਜਿੱਥੇ ਅਜੀਤ ਸਿੰਘ ਦੀ ਸਮਾਧ ਹੈ, ਉਥੇ ਇਕ ਛੋਟਾ ਜਿਹਾ ਬਾਜ਼ਾਰ ਹੈ। ਚਾਰੇ-ਪਾਸੇ ਉੱਚੇ ਹਰੇ-ਭਰੇ ਪਹਾੜ ਪਿਛਲੇ ਪਾਸੇ ਡੂੰਘੀ ਖੱਡ। ਅੱਤ ਦੀ ਗਰਮੀ ਵਿਚ ਵੀ ਇਥੇ ਮੌਸਮ ਠੰਡਾ ਤੇ ਸੁਹਾਵਣਾ, ਲੁਭਾਵਣਾ ਹੁੰਦਾ ਹੈ। ਡਲਹੌਜੀ ਨਾਲੋਂ ਕਿਤੇ ਬਿਹਤਰ ਹੈ ਪੰਚਪੁਲਾ ਦਾ ਚੌਂਕ। ਇਥੋਂ ਹਿਮਾਚਲ ਟੂਰਿਜ਼ਮ ਦਾ ਕੈਫੇਟੀਰੀਆ ਵੀ ਹੈ। ਬਨੀਖੇਤ ਅਤੇ ਡਲਹੌਜੀ ਇਲਾਕੇ ਲਈ ਪਾਣੀ ਦੀ ਸਪਲਾਈ ਇਥੋਂ ਹੀ ਹੁੰਦੀ ਹੈ। ਅਜੀਤ ਸਿੰਘ ਦੀ ਸਮਾਧ ਸੰਗਮਰ ਦੀ ਬਣੀ ਹੋਈ ਹੈ। ਇਹ ਸਥਾਨ ਕਿਸੇ ਤੀਰਥ ਸਥਾਨ ਤੋਂ ਘੱਟ ਨਹੀਂ ਹੈ।

ਦੇਸ਼ ਦੀ ਵੰਡ ਤੋਂ ਪਹਿਲਾਂ (ਲਗਭਗ 1915) ਅਜੀਤ ਸਿੰਘ ਜਿਹੜੇ ਉਸ ਸਮੇਂ ਮਹਾਨ ਕ੍ਰਾਂਤੀਕਾਰੀ ਸਨ, ਉਦੋਂ ਉਨ੍ਹਾਂ ਨੂੰ ਕ੍ਰਾਂਤੀ ਦਾ ਬਾਦਸ਼ਾਹ ਕਿਹਾ ਕਰਦੇ ਸਨ। ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀ ਦਾ ਬਿਗਲ ਵਜਾ ਦਿੱਤਾ ਸੀ। ਉਨ੍ਹਾਂ ਕਸਮ ਖਾਧੀ ਸੀ ਕਿ ਉਹ ਅੰਗਰੇਜ਼ਾਂ ਦੇ ਹੱਥ ਨਹੀਂ ਆਉਣਗੇ। ਅੰਗਰੇਜ਼ ਸਰਕਾਰ ਨੇ ਅਜੀਤ ਸਿੰਘ ਨੂੰ ਜ਼ਿੰਦਾ ਜਾਂ ਮੁਰਦਾ ਫੜਨ ਲਈ ਹਜ਼ਾਰਾਂ ਰੁਪੱਈਆ ਦਾ ਇਨਾਮ ਰੱਖਿਆ ਹੋਇਆ ਸੀ। ਉਹ ਭੇਸ ਬਦਲਣ ਵਿਚ ਬੜੇ ਮਾਹਿਰ ਸਨ ਅਤੇ ਤੀਖਣ ਬੁੱਧੀ ਦੇ ਮਾਲਿਕ ਸਨ। ਮੌਕੇ 'ਤੇ ਖ਼ੂਬਸੂਰਤ ਫੈਸਲਾ ਲੈਣ ਵਾਲੇ ਨਿਡਰ ਕ੍ਰਾਂਤੀਕਾਰੀ ਸਨ। ਉਹ ਮੁਸਲਮਾਨ ਦਾ ਭੇਸ ਬਣਾ ਕੇ ਕਈ ਚਿਰ ਅੰਗਰੇਜ਼ ਕਰਨਲ ਨੂੰ ਉਰਦੂ ਪੜ੍ਹਾਉਂਦੇ ਰਹੇ। ਏਸੇ ਸਮੇਂ ਦੌਰਾਨ ਉਨ੍ਹਾਂ ਦੀ ਮੁਲਾਕਾਤ ਹੋਈ ਕ੍ਰਾਂਤੀਕਾਰੀ ਸੂਫ਼ੀ ਅੰਬਾ ਪ੍ਰਸ਼ਾਦ ਨਾਲ। ਸੂਫ਼ੀ ਜੀ ਦਾ ਸੱਜਾ ਹੱਥ ਨਹੀਂ ਸੀ। ਦੋਵਾਂ ਦੀ ਦੋਸਤੀ ਕਾਫ਼ੀ ਗੂੜ੍ਹੀ ਹੋ ਗਈ। ਕ੍ਰਾਂਤੀ ਦੀਆ ਵਿਊਤਾਂ ਬਣਾਉਂਦੇ ਰਹਿੰਦੇ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਈ-ਕਈ ਰਾਤਾਂ ਸੌਂਦੇ ਹੀ ਨਾ, ਸਕੀਮਾਂ, ਵਿਉਂਤਾਂ ਬਣਾਉਂਦੇ ਰਹਿੰਦੇ। ਇਕ ਦਿਨ ਦੋਵੇਂ ਰੂਹ-ਪੋਸ਼ (ਭੂਮੀਗਤ) ਹੋ ਗਏ ਅਤੇ ਈਰਾਨ ਚਲੇ ਗਏ। ਈਰਾਨ ਵਿਚ ਜਾ ਕੇ ਉਹ ਇਕ ਸਰਾਅ ਵਿਚ ਠਹਿਰ ਗਏ, ਜਿੱਥੇ ਕਪੜੇ ਦੇ ਵਪਾਰੀ ਵੀ ਠਹਿਰੇ ਹੋਏ ਸਨ। ਇਕ ਦਿਨ ਰੌਲਾ ਪੈ ਗਿਆ ਤੇ ਪੁਲਿਸ ਨੇ ਸਰਾਂਅ ਨੂੰ ਘੇਰਾ ਪਾ ਲਿਆ ਕਿਉਂਕਿ ਅਜੀਤ ਸਿੰਘ ਹੋਰਾਂ ਦਾ ਇਥੇ ਠਹਿਰਨ ਦਾ ਪੁਲਿਸ ਨੂੰ ਸ਼ੱਕ ਪੈ ਗਿਆ ਸੀ। ਪੁਲਿਸ ਨੂੰ ਵੇਖ ਕੇ ਸੂਫ਼ੀ ਜੀ ਅਤੇ ਅਜੀਤ ਸਿੰਘ ਕੁਝ ਘਬਰਾਏ ਪਰ ਹੌਂਸਲਾ ਨਾ ਛੱਡਿਆ। ਇਸ ਸਰਾਂਅ ਵਿਚ ਇਕ ਮੁਸਲਮਾਨ ਪਠਾਣ ਵੀ ਠਹਿਰਿਆ ਹੋਇਆ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਮਹਾਨ ਕ੍ਰਾਂਤੀਕਾਰੀ ਅਜੀਤ ਸਿੰਘ ਅਤੇ ਸੂਫੀ ਜੀ ਇਥੇ ਠਹਿਰੇ ਹੋਏ ਹਨ, ਅਤੇ ਪੁਲਿਸ ਉਨ੍ਹਾਂ ਨੂੰ ਲੱਭ ਰਹੀ ਹੈ, ਤਾਂ ਪਠਾਣ ਨੇ ਅਜੀਤ ਸਿੰਘ ਅਤ ਸੂਫੀ ਜੀ ਨੂੰ ਕਿਹਾ ਕਿ ਤੁਸੀਂ ਚਿੰਤਾ ਨਾ ਕਰੋ, ਪਠਾਣ ਮਰ ਜਾਏਗਾ ਪਰ ਤੁਹਾਨੂੰ ਹੱਥ ਨਹੀਂ ਲੱਗਣ ਦੇਵੇਗਾ, ਦੇਸ਼ ਨੂੰ ਤੁਹਾਡੀ ਜ਼ਰੂਰਤ ਹੈ। ਮੈਂ ਹਰ ਹਾਲ ਵਿਚ ਤੁਹਾਨੂੰ ਬਚਾਵਾਂਗਾ। ਪਠਾਣ ਨੇ ਅਜੀਤ ਸਿੰਘ ਅਤੇ ਸੂਫੀ ਜੀ ਨੂੰ ਕੱਪੜਿਆਂ ਵਾਲੇ ਟਰੰਕ ਵਿਚ ਬੰਦ ਕਰ ਦਿੱਤਾ। ਪੁਲਿਸ ਨੂੰ ਸਰਾਅ 'ਚੋਂ ਕੁਝ ਨਾ ਲੱਭਾ। ਆਖ਼ਿਰ ਕਾਫ਼ੀ ਤਲਾਸ਼ੀ ਲੈਣ ਤੋਂ ਬਾਅਦ ਪੁਲਿਸ ਵਾਪਸ ਚਲੀ ਗਈ।





ਪੁਲਿਸ ਨੇ ਫੇਰ ਛਾਪਾ ਮਾਰਿਆ। ਸੂਫੀ ਅਤੇ ਅਜੀਤ ਸਿੰਘ ਨੂੰ ਪਠਾਣ ਨੇ ਜਨਾਨਾ ਕੱਪੜੇ (ਬੁਰਕਾ) ਪੁਆ ਕੇ ਜਨਾਨਾ ਕਮਰੇ ਵਿਚ ਬਿਠਾ ਦਿੱਤਾ। ਉਨ੍ਹਾਂ ਦਿਨਾਂ ਵਿਚ ਜਨਾਨਾ ਕਮਰਿਆਂ 'ਚ ਪੁਲਿਸ ਘੱਟ ਹੀ ਜਾਂਦੀ ਸੀ, ਜੇ ਜਾਂਦੀ ਸੀ ਤੇ ਬੁਰਕਾ ਚੁੱਕ ਕੇ ਨਹੀਂ ਸਨ ਵੇਖਦੇ। ਕੁਝ ਦਿਨਾਂ ਦੇ ਬਾਅਦ ਪੁਲਿਸ ਨਾਲ ਆਹਮਣਾ-ਸਾਹਮਣਾ ਹੋ ਗਿਆ। ਇਨ੍ਹਾਂ ਲੁੱਕ ਕੇ ਗੋਲੀਆਂ ਚਲਾਈਆਂ। ਸੂਫੀ ਜੀ ਦਾ ਹੱਥ ਨਹੀਂ ਸੀ। ਉਹ ਪੈਰ੍ਹ ਨਾਲ ਪਿਸਤੌਲ ਚਲਾਉਂਦੇ ਸਨ। ਉਹ ਜ਼ਖ਼ਮੀ ਹੋ ਗਏ। ਸੂਫ਼ੀ ਜੀ ਨੇ ਅਜੀਤ ਸਿੰਘ ਨੂੰ ਕਿਹਾ ਕਿ ਤੂੰ ਦੌੜ ਜਾ, ਤੇਰੀ ਦੇਸ਼ ਨੂੰ ਅਜੇ ਬੜੀ ਜ਼ਰੂਰਤ ਏ ਪਰ ਅਜੀਤ ਸਿੰਘ ਨਾ ਮੰਨੇ। ਆਖ਼ਿਰ ਸੂਫੀ ਜੀ ਨੇ ਕਿਹਾ ਕਿ ਵੇਖ ਮੈਂ ਤੇਰੇ ਨਾਲੋਂ ਵੱਡਾ ਹਾਂ। ਤੈਨੂੰ ਮੇਰਾ ਕਹਿਣਾ ਮੰਨਣਾ ਚਾਹੀਦਾ ਹੈ। ਅਜੀਤ ਸਿੰਘ ਉਥੋਂ ਛੁਪਕੇ-ਛੁਪਾਂਦੇ ਚਲੇ ਗਏ। ਸੂਫੀ ਜੀ ਨੂੰ ਪੁਲਿਸ ਨੇ ਫੜ ਲਿਆ ਅਤੇ ਅਜੀਤ ਸਿੰਘ ਬ੍ਰਾਜ਼ੀਲ ਚਲ ਗਏ।

ਸੂਫੀ ਨੂੰ ਫਾਂਸੀ ਦਾ ਹੁਕਮ ਹੋ ਗਿਆ। ਜਿਸ ਦਿਨ ਸੂਫੀ ਨੂੰ ਫਾਂਸੀ ਦਿੱਤੀ ਜਾਣੀ ਸੀ, ਉਸ ਦਿਨ ਸੂਫੀ ਜੀ ਨਹਾਤੇ, ਤਿਆਰ ਹੋਏ ਅਤੇ ਗੀਤਾ ਪੜ੍ਹਣੀ ਸ਼ੁਰੂ ਕਰ ਦਿੱਤੀ। ਜਦੋਂ ਪੁਲਿਸ ਉਨ੍ਹਾਂ ਨੂੰ ਲੈਣ ਵਾਸਤੇ ਆਈ, ਤਾਂ ਉਹ ਇਸ ਫ਼ਾਨੀ ਦੁਨੀਆਂ ਤੋਂ ਦੂਰ ਜਾ ਚੁੱਕੇ ਸਨ। ਸੂਫੀ ਜੀ ਦੀ ਲਾਸ਼ ਲੋਕਾਂ ਨੂੰ ਦੇ ਦਿੱਤੀ ਗਈ।

ਉਨ੍ਹਾਂ ਦੇ ਜਨਾਜ਼ੇ ਨਾਲ ਬਹੁਤ ਦੁਨੀਆਂ ਸੀ। ਈਰਾਨ ਵਿਚ ਅੱਜ ਵੀ ਉਨ੍ਹਾਂ ਦੀ ਕਬਰ ਮੌਜੂਦ ਹੈ। ਕਬਰ ਉਪਰ ਲਿਖਿਆ ਹੋਇਆ ਹੈ 'ਆਕਾ ਮਾਲਿਕ'। ਇਸ ਕਬਰ ਉਪਰ ਹਰ ਸਾਲ ਮੇਲਾ ਲੱਗਦਾ ਹੈ ਈਰਾਨ ਵਿਚ। ਇਥੇ ਔਰਤਾਂ ਦੀਵੇ ਜਗਾਉਂਦੀਆਂ ਹਨ ਤੇ ਮੰਨਤਾਂ ਮੰਨਦੀਆਂ ਹਨ। ਜਿਸ ਆਦਮੀ ਨੂੰ ਆਪਣੇ ਮੁਲਕ ਵਿਚ ਗੁਲਾਮੀ ਵੀ ਵਜ੍ਹਾ ਕਰਕੇ ਆਪਣਿਆਂ ਦਾ ਪਿਆਰ ਨਾ ਮਿਲ ਸਕਿਆ, ਉਸ ਨੇ ਦੂਜੇ ਮੁਲਕਾਂ ਦੇ ਦਿਲਾਂ 'ਤੇ ਰਾਜ ਕੀਤਾ।

1942 'ਚ ਅਜੀਤ ਸਿੰਘ ਨੂੰ ਜਰਮਨ ਸਰਕਾਰ ਨੇ ਦਿੱਲੀ ਭੇਜ ਦਿੱਤਾ ਅਤੇ 1946 ਦੇ ਆਖ਼ੀਰੀਲੇ ਦਿਨਾਂ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਵਾਪਸ ਬੁਲਾ ਲਿਆ। ਉਸ ਸਮੇਂ ਅਜੀਤ ਸਿੰਘ ਜੀ ਦੀ ਉਮਰ 77 ਸਾਲਾਂ ਦੇ ਕਰੀਬ ਸੀ, ਉਹ ਹੱਡੀਆਂ ਦਾ ਢਾਂਚਾ ਬਣ ਚੁੱਕੇ ਸਨ ਅਤੇ 1947 ਵਿਚ ਉਹ ਇਕ ਵਾਰੀ ਫਿਰ ਉਸੇ ਹੀ ਕੋਠੀ ਵਿਚ ਰਹੇ, ਜਿਥੇ 40 ਸਾਲ ਪਹਿਲਾਂ ਰਹੇ ਸੀ। ਸਰਦਾਰ ਅਜੀਤ ਸਿੰਘ ਦੇਸ਼ ਭਗਤ ਸ. ਭਗਤ ਸਿੰਘ ਜੀ ਦੇ ਚਾਚਾ ਜੀ ਸਨ। 14 ਅਗਸਤ, 1947 ਦੀ ਰਾਤ ਨੂੰ ਡਲਹੌਜ਼ੀ ਦੇ ਲੋਕਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਦਾ ਆਜ਼ਾਦੀ ਦਾ ਸੁਪਨਾ ਪੂਰਾ ਹੋ ਗਿਆ ਏ ਪਰ ਉਨ੍ਹਾਂ ਨੇ ਹੱਸ ਕੇ ਕਿਹਾ 'ਮੇਰੇ ਭਰਾਓ, ਅਸਾਂ ਕਦੀ ਵੀ ਇਸ ਤਰ੍ਹਾਂ ਦੀ ਆਜ਼ਾਦੀ ਨਹੀਂ ਮੰਗੀ। ਇਹ ਤਾਂ ਖ਼ੁਸ਼ ਹੋਣ ਦੀ ਨਹੀਂ, ਦੁਖੀ ਹੋਣ ਵਾਲੀ ਗੱਲ ਹੈ ਕਿ ਸਾਡੀ ਮਾਂ ਦੇ ਟੁਕੜੇ ਕਰ ਦਿੱਤੇ ਗਏ ਹਨ। ਇਸ ਲਈ ਉਨ੍ਹਾਂ ਨੇ (ਅਜੀਤ ਸਿੰਘ) ਆਜ਼ਾਦੀ ਦਾ ਪਹਿਲਾ ਝੰਡਾ ਲਹਿਰਾਉਣ ਤੋਂ ਵੀ ਇਨਕਾਰ ਕਰ ਦਿੱਤਾ। ਰਾਤੀਂ ਬਾਰ੍ਹਾਂ ਵਜੇ ਉਨ੍ਹਾਂ ਨੇ ਆਜ਼ਾਦੀ ਦਾ ਐਲਾਨ ਸੁਣਿਆ ਅਤੇ ਸਵੇਰੇ ਪੰਜ ਵਜੇ ਉਹ ਉਠੇ, ਜੰਗਲ ਪਾਣੀ ਗਏ ਅਤੇ ਵਾਪਸ ਆਣ ਕੇ ਆਪਣੀ ਪਤਨੀ ਨੂੰ ਬੁਲਾ ਕੇ ਆਖਿਆ, ਰਾਮ ਕੌਰੇ, ਆ ਮੇਰੇ ਕੋਲ ਬੈਠ ਜਾ, ਮੈਂ ਅੱਜ ਕੁਝ ਗੱਲਾਂ ਤੇਰੇ ਨਾਲ ਕਰਨੀਆਂ ਨੇ। ਉਨ੍ਹਾਂ ਦੇ ਬੈਠਣ 'ਤੇ ਅਜੀਤ ਸਿੰਘ ਜੀ ਕਿਹਾ, ਮੈਨੂੰ ਥੋੜਾ ਦੁਖ ਵੀ ਏ ਕਿ ਮੈਂ ਇਕ ਕੌਮ ਦੇ ਨਾਂਅ 'ਤੇ ਆਪਣੀ ਡਿਊਟੀ ਨਹੀਂ ਕਰ ਸਕਿਆ। ਵਿਚਾਰੀ ਰਾਮ ਕੌਰ ਸਿੱਧੀ ਸਾਦੀ ਕਹਿਣ ਲੱਗੀ, ਕੀ ਕਹਿੰਦੇ ਹੋ ਤੁਸੀਂ, ਮੇਰਾ ਖ਼ਿਆਲ ਏ ਤੁਹਾਡੀ ਤਬੀਅਤ ਸੁਧਰ ਜਾਏ, ਸਰਦਾਰ ਜੀ ਇਹ ਸੁਣ ਕੇ ਹੱਸ ਪਏ ਤੇ ਕਹਿਣ ਲਗੇ, ਭੋਲੀਏ ਇਹ ਵੇਲਾ ਤੈਨੂੰ ਫੇਰ ਨਹੀਂ ਮਿਲਣਾ। ਮੇਰੀ ਗੱਲ ਸੁਣ ਲੈ, ਪਰ ਉਹ ਨਾ ਸਮਝ ਸਕੀ। ਦੁੱਧ ਲੈਣ ਚਲੀ ਗਈ। ਪੰਜਾਂ-ਸੱਤਾਂ ਮਿੰਟਾਂ ਤੋਂ ਬਾਅਦ ਜਦੋਂ ਉਹ ਦੁੱਧ ਲੈ ਕੇ ਪਰਤੀ, ਤਾਂ ਸਰਦਾਰ ਜੀ (ਮਹਾਨ ਦੇਸ਼ ਭਗਤ ਸਰਦਾਰ ਅਜੀਤ ਸਿੰਘ) ਉਸ ਸਮੇਂ ਬਹੁਤ ਦੂਰ ਜਾ ਚੁੱਕੇ ਸਨ। ਪੰਚਪੁਲੇ ਉਨ੍ਹਾਂ ਦੀ ਸਮਾਧ ਉਪਰ ਲੋਕੀਂ ਸ਼ਰਧਾ ਨਾਲ ਜਾਂਦੇ ਹਨ, ਦਰਸ਼ਨਾਂ ਲਈ। ਤੁਸੀਂ ਵੀ ਇਸ ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਦੀ ਸਮਾਧ ਉਪਰ ਸ਼ਰਧਾ ਦੇ ਫੁੱਲ ਚੜ੍ਹਾਉਣ ਜ਼ਰੂਰ ਜਾਉ।

# ਸਾਡੀ ਨਸ਼ਿਆਂ ਨੇ ਰੋਲਤੀ ਜਵਾਨੀ

**ਪਰਮਜੀਤ ਕੌਰ ਸੋਢੀ**
ਭਗਤਾ ਭਾਈ ਕਾ
94786-58384
(Punjab Mail USA)



ਸਾਡੀ ਅੱਜ ਦੀ ਨੌਜਵਾਨੀ ਜਿਵੇਂ-ਕਿਵੇਂ ਕਹਿ ਲਵੋ ਨਸ਼ਿਆਂ ਦੀ ਲਪੇਟ ਵਿਚ ਆ ਰਹੀ ਹੈ। ਖਾਸਕਰ ਚਿੱਟੇ ਨੇ ਤਾਂ ਸਾਡੀ ਜਵਾਨੀ ਹੀ ਰੋਲ ਕੇ ਰੱਖ ਦਿੱਤੀ ਹੈ। ਇਸ ਚਿੱਟੇ ਨੇ ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿਚ ਵੀ ਆਪਣੇ ਪੈਰ ਪਸਾਰ ਲਏ ਹਨ। ਆਖਿਰ ਇਹ ਚਿੱਟਾ ਹੈ ਕੀ ਚੀਜ਼, ਐਸਾ ਕੀ ਸਰੂਰ ਹੈ ਇਸ ਵਿਚ ਕਿ ਅੱਜ ਦੀ ਨੌਜਵਾਨ ਪੀੜ੍ਹੀ ਬੜੀ ਅਸਾਨੀ ਨਾਲ ਇਸ ਦੀ ਲਪੇਟ ਵਿਚ ਆ ਰਹੀ ਹੈ। ਇਸ ਚਿੱਟੇ ਨੇ ਪਤਾ ਨਹੀਂ ਕਿੰਨੇ ਕੁ ਮਾਵਾਂ ਦੇ ਪੁੱਤ, ਭੈਣਾਂ ਦੇ ਵੀਰ, ਸੁਹਾਗਣਾਂ ਦੇ ਸੁਹਾਗ ਤੇ ਨਿੱਕੇ-ਨਿੱਕੇ ਬੱਚਿਆ ਦੇ ਬਾਪ ਖੋਹਣੇ ਨੇ। ਕਿਉਂ ਇਹ ਚਿੱਟੇ ਦਾ ਧੰਦਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਆਖਿਰ ਬੰਦ ਕਿਉਂ ਨਹੀਂ ਹੋ ਰਿਹਾ ਇਹ ਚਿੱਟਾ ਜਾਂ ਸਾਡੀਆ ਸਰਕਾਰਾਂ ਹੀ ਬੰਦ ਨਹੀਂ ਹੋਣ ਦਿੰਦੀਆਂ?

ਮੇਰੇ ਦੇਸ਼ ਦੇ ਨੌਜਵਾਨੋ, ਸੰਭਲ ਜਾਉ। ਇਸ ਨਾਲ ਨਸ਼ਾ ਵੇਚਣ ਅਤੇ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾਂ ਦਾ ਕੋਈ ਨੁਕਸਾਨ ਨਹੀਂ, ਪੂਰੇ ਦਾ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਜ਼ਿੰਦਗੀ ਖਰਾਬ ਕਰਦਾ ਹੈ ਤੇ ਨਾਲ-ਨਾਲ ਤੁਹਾਡੀ ਬਣੀ ਬਣਾਈ ਇੱਜ਼ਤ ਵੀ ਮਿੱਟੀ ਵਿਚ ਮਿਲਾ ਦਿੰਦਾ ਹੈ। ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਚਿੱਟਾ ਬੰਦੇ ਨੂੰ ਮੌਤ ਦੇ ਮੂੰਹ ਵਿਚ ਲੈ ਜਾਂਦਾ ਹੈ। ਆਹ ਹਾਲ ਹੈ ਜੀ ਸਾਡੇ ਦੇਸ ਦੀ ਜਵਾਨੀ ਦਾ। ਵੈਸੇ, ਪੰਜੇ ਉਂਗਲਾਂ ਬਰਾਬਰ 'ਤੇ ਨਹੀਂ ਹੁੰਦੀਆਂ, ਵਿਚ-ਵਿਚ ਸਾਊ ਤੇ ਕਮਾਊ ਪੁੱਤ ਵੀ ਬਥੇਰੇ ਹਨ। ਪਰ ਮਨ ਬਹੁਤ ਦੁਖੀ ਹੁੰਦਾ ਨਸ਼ੇ ਵਿਚ ਰੁਲਦੀ ਜਵਾਨੀ ਦੇਖ ਕੇ। ਇਹ ਸਭ ਕੁਝ ਦੇਖਕੇ ਜੇਕਰ ਆਪਾ ਸਾਰੇ ਛੋਟੇ-ਛੋਟੇ ਉਪਰਾਲੇ ਕਰੀਏ, ਤਾਂ ਕੋਈ ਮਾਂ ਦਾ ਪੁੱਤ ਮੌਤ ਦੇ ਮੂੰਹ ਵਿਚ ਜਾਣ ਤੋਂ ਬਚ ਜਾਵੇ ਪਰ ਇਸ ਨਸੇਂ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋਣਾ ਪਵੇਗਾ। ਪਰ ਸਭ ਤੋਂ ਪਹਿਲਾਂ ਤਾਂ ਮੈਂ ਨਸੇ ਦੇ ਵਪਾਰੀਆਂ ਨੂੰ ਕਹਾਂਗੀ, ਮਾਂਵਾ ਦੇ ਪੁੱਤ ਮਾਰਨ ਵਾਲਿਉ, ਰੁੱਕ ਜਾਉ ਮਾੜੇ ਕੰਮਾਂ ਤੋਂ, ਰੱਬ ਦੀ ਕਚਿਹਰੀ ਵਿਚ ਬਖਸ਼ੇ ਨਹੀਂ ਜਾਵੋਗੇ। ਕੁਦਰਤ ਦੇ ਨਿਯਮ ਅਨੁਸਾਰ 'ਜੈਸਾ ਕਰੋਗੇ ਵੈਸਾ ਭਰੋਗੇ'। ਹੋਰਾਂ ਦੇ ਪੱਲੇ ਰੋਣਾ ਪਾਉਣ ਵਾਲਿਉ ਤਹਾਨੂੰ ਵੀ ਹੱਸਣਾ ਨਸੀਬ ਨਹੀਂ ਹੋਵੇਗਾ ਅਤੇ ਇਸ ਤੋਂ ਬਾਅਦ ਮੈਂ ਆਪਣੇ ਪੁਲਿਸ ਪ੍ਰਸ਼ਾਸਨ ਨੂੰ ਕਹਿਣਾ ਚਾਹਾਂਗੀ ਕਿ ਜਦੋਂ ਵੀ ਤੁਸੀਂ ਕਿਤੋਂ ਨਸ਼ਾ ਵੇਚਣ ਵਾਲਿਆਂ ਤੋਂ ਨਸ਼ੀਲਾ ਪਾਉਡਰ ਜਾਣੀ (ਚਿੱਟਾ) ਫੜਦੇ ਹੋ, ਤਾਂ ਵੀਰੇ ਇੰਨੀ ਜ਼ਿਆਦਾ ਇਸਦੀ ਕੀਮਤ ਕਿਉਂ ਵਧਾ-ਚੜ੍ਹਾ ਕੇ ਦੱਸਦੇ ਹੋ। ਇਸ ਨਾਲ ਵੀ ਬਹੁਤ ਸਾਰੇ ਲੋਕ ਨਸ਼ਾ ਵੇਚਣ ਲੱਗਦੇ ਹਨ ਅਤੇ ਕਾਰਾਂ, ਕੋਠੀਆਂ, ਅਮੀਰੀ ਦੇ ਸੁਪਨੇ ਬੁਣਦੇ-ਬੁਣਦੇ ਪਤਾ ਨਹੀਂ ਕਿੰਨੀਆ ਕੁ ਮਾਵਾਂ ਦੇ ਪੁੱਤ ਨਸ਼ੇ 'ਤੇ ਲਗਾ ਕੇ ਮੌਤ ਦੇ ਮੂੰਹ ਵਿਚ ਧਕੇਲ ਦਿੰਦੇ ਹਨ। ਇਸ ਲਈ ਮੇਰੀ ਮੇਰੇ ਦੇਸ਼ ਦੀ ਪੁਲਿਸ ਪ੍ਰਸ਼ਾਸਨ ਨੂੰ ਬੇਨਤੀ ਹੈ ਕਿ ਨਸ਼ੇ ਵੇਚਣ ਵਾਲਿਆਂ ਦੀ ਲਗਾਮ ਕੱਸੀ ਜਾਵੇ, ਤਾਂ ਜੋ ਮਾਵਾਂ ਦੇ ਪੁੱਤ ਅਣਆਈ ਮੌਤ ਤੋਂ ਬਚ ਜਾਣ। ਕੀ ਸਮੇਂ ਦੀਆਂ ਸਰਕਾਰਾਂ ਹਰ ਤਰ੍ਹਾਂ ਦੇ ਨਸ਼ੇ ਵੇਚਣ ਵਾਲਿਆਂ ਨੂੰ ਫੜ ਕੇ ਜੇਲ੍ਹਾਂ ਅੰਦਰ ਨਹੀਂ ਡੱਕ ਸਕਦੀਆਂ। ਸਰਕਾਰ ਵੀ ਇਸ ਪਾਸੇ ਧਿਆਨ ਦੇਵੇ। ਹਰ ਜ਼ਿਲ੍ਹੇ ਵਿਚ ਇੱਕ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਲਈ ਕੌਂਸਲਰ ਰੱਖੇ ਜਾਣ, ਜੋ ਸਮੇਂ-ਸਮੇਂ 'ਤੇ ਨੌਜਵਾਨ ਬੱਚਿਆਂ ਲਈ ਹਰ ਪਿੰਡ-ਪਿੰਡ ਜਾ ਕੇ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਦੱਸਣ ਤੇ ਨਸ਼ੇ ਤੋਂ ਬਚਣ ਲਈ ਪ੍ਰੇਰਿਤ ਕਰਨ। ਇਸ ਤਰ੍ਹਾਂ ਕਰਕੇ ਸਰਕਾਰ ਆਪਣੇ ਦੇਸ਼ ਦੀ ਜਵਾਨੀ ਨੂੰ ਨਸ਼ੇ ਤੋਂ ਰਹਿਤ ਬਣਾ ਸਕਦੀ ਹੈ। ਤੇ ਇਸ ਤੋਂ ਅੱਗੇ ਮੈਂ ਮੇਰੇ ਪਿਆਰੇ ਬੱਚਿਆਂ ਨੂੰ ਕਹਾਂਗੀ ਕਿ ਬੱਚਿਉ ਜੇਕਰ ਤੁਸੀਂ ਹੀ ਆਪਣੇ ਮਨ 'ਤੇ ਕੰਟਰੋਲ ਕਰ ਲਵੋ ਤੇ ਆਪਣੇ ਦਿਮਾਗ ਦੀ ਸਹੀ ਢੰਗ ਨਾਲ ਵਰਤੋਂ ਕਰੋ ਤੇ ਫਿਰ ਨਸ਼ਿਆਂ ਦੀ ਲਪੇਟ ਵਿਚ ਆਉਣਾ ਤਾਂ ਬਹੁਤ ਦੂਰ ਦੀ ਗੱਲ, ਕੋਈ ਨਸ਼ਾ ਵੇਚਣ ਵਾਲਾ ਤੁਹਾਡੇ ਨੇੜੇ ਦੀ ਵੀ ਨਹੀਂ ਲੰਘੇਗਾ ਅਤੇ ਅਖੀਰ ਵਿਚ ਮੇਰੀ ਬੇਨਤੀ ਸਾਰੇ ਸੂਝਵਾਨ ਮਾਪਿਆਂ ਨੂੰ ਹੈ। ਜੇਕਰ ਆਪਾਂ ਸਾਰੇ ਮਾਪੇ ਆਪਣੇ ਬੱਚਿਆਂ ਨੂੰ ਸ਼ੁਰੂ ਤੋਂ ਗੁਰਬਾਣੀ ਪੜ੍ਹਨ, ਸੁਣਨ ਤੇ ਗੁਰਬਾਣੀ ਦੇ ਅਨੁਸਾਰ ਜੀਵਨ ਬਣਾਉਣ ਦੀ ਆਦਤ ਪਾਈਏ, ਤਾਂ ਸਾਡੇ ਬੱਚੇ ਬੁਰੀਆਂ ਆਦਤਾਂ ਤੋਂ ਬਚ ਸਕਦੇ ਹਨ। ਆਪਣੇ ਬੱਚੇ ਨਾਲ ਮਾਪੇ ਹਮੇਸ਼ਾ ਦੋਸਤਾਨਾ ਸਬੰਧ ਬਣਾ ਕੇ ਰੱਖਣ, ਤਾਂ ਜੋ ਬੱਚਾ ਸਾਰੀ ਗੱਲ ਮਾਪਿਆਂ ਨਾਲ ਬੇਝਿੱਜਕ ਕਰ ਸਕੇ। ਸੋ ਦੋਸਤੋ, ਬੱਚੇ ਵੀ ਵਿਸੇਸ਼ ਧਿਆਨ ਮੰਗਦੇ ਹਨ। ਇਸ ਲਈ ਬੱਚਿਆਂ ਨੂੰ ਵੱਧ ਤੋਂ ਵੱਧ ਸਮਾਂ ਦਿਉ। ਪੜ੍ਹਾਈ ਦੇ ਨਾਲ-ਨਾਲ ਚੰਗਾ ਸਾਹਿਤ ਵੀ ਪੜ੍ਹਾਉ, ਆਤਮਵਿਸ਼ਵਾਸੀ, ਸਹਿਣਸ਼ੀਲਤਾ, ਦਯਾ ਤੇ ਵੰਡ ਕੇ ਛਕਣ ਦੀ ਆਦਤ ਬਣਾਉ। ਇਸ ਤਰ੍ਹਾਂ ਤੁਹਾਡਾ ਬੱਚਾ ਚੰਗੇ ਮਾਹੌਲ ਵਿਚ ਪਲ ਕੇ ਵੱਡਾ ਹੋਏਗਾ ਅਤੇ ਮਾੜੀ ਸੰਗਤ, ਨਸ਼ਿਆਂ ਦੇ ਪ੍ਰਭਾਵ ਅਤੇ ਨਾਕਾਰਤਮਕ ਸੋਚ ਤੋਂ ਦੂਰ ਰਹੇਗਾ।

## ਹਿਜਰਤਨਾਮਾ 68: ਮੋਹਣ ਸਿੰਘ ਫੁੱਲ

# ਆਜ਼ਾਦੀ ਦੇ ਫੁੱਲੇ



ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਮੈਂ ਮੋਹਣ ਸਿੰਘ ਪੁੱਤਰ ਸ਼ਾਦੀ ਰਾਮ ਪੁੱਤਰ ਨਿਹਾਲਾ ਪਿੰਡ ਫੁੱਲ-ਲੋਹੀਆਂ ਤੋਂ ਬੋਲਦੈਂ। ਜਦ ਨਨਕਾਣੇ ਦਾ ਸਾਕਾ ਹੋਇਆ ਤਾਂ ਉਸ ਦੇ ਗੇੜ 'ਚ ਮੇਰੇ ਪਿਤਾ ਜੀ ਪਿੰਡ ਦੇ ਜ਼ਿਮੀਦਾਰਾਂ ਨਾਲ ਕਾਮੇ ਵਜੋਂ ਗਏ। ਚਾਚੇ ਬੂੜਾ ਅਤੇ ਕਰੇਲਾ ਕੁੱਝ ਪਿੱਛੋਂ ਬਾਰ ਵਿਚ ਪਹੁੰਚੇ। ਪਿੰਡ ਸੀ 58 ਚੱਕ, ਤਹਿਸੀਲ ਜੜ੍ਹਾਂਵਾਲਾ, ਜ਼ਿਲ੍ਹਾ ਲੈਲਪੁਰ। ਕਰੀਬ ਅੱਠ ਪਿੰਡਾਂ ਤੋਂ ਜ਼ਿਮੀਦਾਰ ਇਧਰੋਂ ਉਸ ਪਿੰਡ ਵਿਚ ਗਏ। ਜ਼ਿਮੀਦਾਰ ਤਬਕਾ ਹੀ ਸੀ। ਥੋੜੇ ਘਰ ਕਾਮੇ ਲੋਕਾਂ ਦੇ ਹੀ ਸਨ। ਹਿੰਦੂ ਜਾਂ ਮੁਸਲਮਾਨ ਕੋਈ ਨਹੀਂ। ਅਸੀਂ ਨੌਂ ਭਰਾ ਹੋਏ। ਸਾਰਿਆਂ ਦਾ ਜਨਮ ਉਧਰ ਦਾ ਈ ਐ। ਸਕੂਲ ਅਸੀਂ ਕੋਈ ਨਾ ਗਏ। ਭਲੇ ਪਿੰਡ ਛੇਵੀਂ ਤੱਕ ਸਕੂਲ ਸੀ। ਹਾਂ, ਗੁਰਦੁਆਰਾ ਸਾਹਿਬ ਭਾਈ ਜੀ ਕੋਲੋਂ ਗੁਰਮੁਖੀ ਜ਼ਰੂਰ ਸਿੱਖੀ। ਵੱਡਾ ਭਾਈ ਗੁਰਦਾਸ ਖੇਤ ਮਜ਼ਦੂਰੀ ਛੱਡ ਕੇ ਰਜਾਈਆਂ ਦੇ ਅਮਰੇ ਛਾਪਣ ਲੱਗ ਪਿਆ।

ਪਿੰਡ ਦੇ ਚੌਧਰੀਆਂ ਵਿਚ ਇਸੇ ਪਿੰਡੋਂ ਸਰਦਾਰ ਹਾਕਮ ਸਿੰਘ ਮੇਦਾ, ਨਰੈਣ ਸਿੰਘ ਅਤੇ ਸੁਰੈਣ ਸਿੰਘ ਲੰਬੜਦਾਰ ਵੱਜਦੇ। ਸਾਰਾ ਪਿੰਡ ਹੀ ਕੰਬੋਜ ਸਿੱਖਾਂ ਅਤੇ ਘੋੜੀਪਾਲ਼ ਮੁਰੱਬਿਆਂ ਵਾਲਾ ਸੀ ਅਤੇ ਬਾਕੀ ਕੇਵਲ ਧੰਦਿਆਂ ਆਧਾਰਿਤ।

ਗੁਆਂਢੀ ਪਿੰਡਾਂ ਵਿਚ ਕੰਗ, ਸ਼ੰਕਰ, ਹੋਰ ਲਹਿੰਦੇ ਪਾਸੇ ਵੀ ਸਿੱਖਾਂ ਦੇ ਪਿੰਡ ਅਤੇ ਚੜ੍ਹਦੇ ਪਾਸੇ ਰੋਡੀ, ਮੌਲਵੀ ਵਾਲ ਮੁਸਲਿਮ ਪਿੰਡ ਸਨ। ਪਿੰਡ ਵਿਚ ਇੱਕ ਗੁਰਦੁਆਰਾ ਸਾਹਿਬ, ਇੱਕ ਖੂਹ, 3-4 ਹੱਟੀਆਂ, ਇੱਕ ਆਟਾ ਚੱਕੀ, ਇਕ ਕੋਹਲੂ, ਅਤੇ ਦੋ ਦਾਣੇ ਭੁੰਨਣ ਵਾਲੀਆਂ ਭੱਠੀਆਂ ਸਨ। ਲੁਹਾਰਾ ਤਰਖਾਣਾਂ ਕੰਮ ਦੋ ਭਰਾ ਧਰਮ ਸਿੰਘ ਅਤੇ ਵਡੇਰਾ ਸਿੰਘ ਕਰਦੇ ਜੋ ਬਾਅਦ 'ਚ ਮਹਿਤਪੁਰ ਜਾ ਬੈਠੇ।

ਸਾਰੀਆਂ ਕੌਮਾਂ ਵਿਚ ਆਪਸੀ ਪਿਆਰ, ਮੁਹੱਬਤ ਅਤੇ ਮਿਲਵਰਤਣ ਸੀ। ਇਸੇ ਤਰ੍ਹਾਂ ਹੀ ਹੌਲ਼ੀ-ਹੌਲ਼ੀ ਭਾਰਤ ਵੰਡ ਦੀਆਂ ਗੱਲਾਂ ਚੱਲੀਆਂ। ਦੰਗਿਆਂ ਦਾ ਧੂੰਆਂ ਉੱਚਾ ਉਠਣ ਲੱਗਾ। ਡਰ ਅਤੇ ਸਹਿਮ ਦਾ ਮਾਹੌਲ ਬਣ ਗਿਆ। 'ਕੱਠੀ ਭੀੜ ਨੇ ਇਕ ਦਿਨ ਸਾਉਣ ਦੇ ਮਹੀਨੇ 'ਲੇ ਕੇ ਰਹੇਂਗੇ ਪਾਕਿਸਤਾਨ' ਨਾਅਰੇਬਾਜ਼ੀ ਕਰਦਿਆਂ, ਢੋਲ ਦੇ ਡਗੇ 'ਤੇ ਪਿੰਡ ਨੂੰ ਆਣ ਘੇਰਿਆ। ਸਬੱਬੀਂ ਬਚਾਅ ਇਸ ਤਰ੍ਹਾਂ ਹੋਇਆ ਕਿ ਉਸ ਦਿਨ ਧਰਮ ਸਿੰਘ ਦੀ ਆਟਾ ਚੱਕੀ ਤੇ 5-7 ਡੋਗਰਾ ਮਿਲਟਰੀ ਦੇ ਬੰਦੇ ਟਰੱਕ ਲੈ ਕੇ ਆਟਾ ਲੈਣ ਲਈ ਆਏ ਹੋਏ ਸਨ। ਜਦ ਉਨ੍ਹਾਂ ਫਾਇਰ ਖੋਲ੍ਹਿਆ, ਤਾਂ ਭੀੜ ਤਿੱਤਰ ਹੋ ਕੇ ਅਗਲੇ ਸਿੱਖ ਪਿੰਡਾਂ ਵੱਲ ਨਿਕਲ ਗਈ। ਇਹ ਸਾਡੇ ਹਿਜਰਤ ਦੀ ਪਹਿਲੀ ਘੰਟੀ ਸੀ। ਇਹ ਤਸਦੀਕ ਹੋ ਗਿਆ ਕਿ ਉਠਣਾ ਹੀ ਪੈਣੈ, ਤਾਂ ਇਸੇ ਹੇਰਵੇ ਵਿਚ ਮੇਰਾ ਬਾਪ ਉਥੇ ਹੀ ਚੜ੍ਹਾਈ ਕਰ ਗਿਆ। ਤੀਜੇ ਦਿਨ ਸਾਡਾ ਸਾਰਾ ਪਰਿਵਾਰ ਲਹੁਕੇ ਰਫਿਊਜੀ ਕੈਂਪ ਚਲੇ ਗਿਆ। ਮੇਰੇ ਤੇੜ ਕੱਛਾ ਬਨੈਣ ਹੀ ਸੀ। ਰਸਤੇ 'ਚੋਂ ਕੰਗਾਂ ਪਿੰਡ ਤੋਂ ਝੱਗਾ ਲੈ ਕੇ ਪਾਇਆ। ਲਹੁਕੇ ਤੋਂ ਗੱਡਿਆਂ ਦੇ ਕਾਫ਼ਲੇ ਨਾਲ ਹੋ ਤੁਰੇ। ਡੋਗਰਾ ਮਿਲਟਰੀ ਦਾ ਪਹਿਰਾ ਸੀ। 4-5ਵੇਂ ਦਿਨ ਖੇਮਕਰਨ ਤੋਂ ਸਰਹੱਦ ਪਾਰ ਕੇ ਅੰਬਰਸਰਵਾਲੀ ਟਰੇਨ ਜਾ ਚੜ੍ਹੇ। ਭੁੱਖ, ਪਿਆਸ, ਮੀਂਹ, ਵਬਾ ਨਾਲ ਸਾਹ-ਸੂਤੇ ਗਏ। ਜਿੱਥੇ ਵੀ ਕੋਈ ਮਰਦਾ, ਉਥੇ ਹੀ ਮੁਰਦੇ ਨੂੰ ਟੋਆ ਪੁੱਟ ਕੇ ਦੱਬ ਦਿੰਦੇ। ਆਲ਼ੇ-ਦੁਆਲ਼ੇ ਮਨੁੱਖੀ ਅਤੇ ਪਸ਼ੂਆਂ ਦੀਆਂ ਲਾਸ਼ਾਂ ਤਰਦੀਆਂ ਬਰਸਾਤ ਦਾ ਪਾਣੀ ਹੀ ਪਾਣੀ ਪਰ ਪੀਣ ਦਾ ਪਾਣੀ ਕੋਈ ਨਾ। ਉੱਤੋਂ ਗਰਮੀ ਅਤੇ ਹੁੰਮਸ ਦਾ ਜ਼ੋਰ।

ਅੰਬਰਸਰੋਂ ਜਲੰਧਰ, ਜਲੰਧਰੋਂ ਫਿਰੋਜ਼ਪੁਰ ਵਾਲੀ ਟਰੇਨ ਫੜ ਲੋਹੀਆਂ ਆਣ ਉਤਰੇ। ਲੋਹੀਆਂ ਤੋਂ ਫੁੱਲ ਪਿੰਡ ਆਪਣੇ ਜੱਦੀ ਘਰ ਆ ਕੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਰੱਜ ਕੇ ਖਾਧਾ-ਪੀਤਾ, ਰੱਜ ਕੇ ਸੁੱਤੇ। ਇਧਰ ਜ਼ਮੀਨ ਸਾਨੂੰ ਕੋਈ ਨਾ ਮਿਲੀ। ਕਿਉਂ ਜੋ ਉਧਰ ਸਾਡੀ ਆਪਣੀ ਕੋਈ ਜ਼ਮੀਨ ਨਹੀਂ ਸੀ। ਕੁੱਝ ਸਮਾਂ ਜੀਰਾ ਤਹਿਸੀਲ ਦੇ ਪਿੰਡ ਕਿੱਲੀ ਸਰਦਾਰਾਂ ਵਿਚ ਹਾਲੇ ਭੌਲੀ ਤੇ ਖੇਤੀ ਕੀਤੀ। ਪਰ ਮੁੜ ਇਸ ਜੱਦੀ ਪਿੰਡ ਹੀ ਆਬਾਦ ਹੋ ਰਹੇ।

ਇਸ ਵਕਤ ਮੈਂ ਆਪਣੇ ਵੱਡੇ ਪੁੱਤਰ ਰਜਿੰਦਰ ਦੇ ਪਰਿਵਾਰ ਨਾਲ ਜ਼ਿੰਦਗੀ ਦਾ ਆਖੀਰੀ ਪਹਿਰ ਹੰਢਾਅ ਰਿਹੈਂ। ਦਾਲ਼ ਫੁਲਕੇ ਲਈ ਮਾੜੀ ਮੋਟੀ ਕਰਿਆਨਾ ਹੱਟੀ ਪਾਈ ਐ। ਤੰਦਰੁਸਤੀ ਐ, ਬਾਲ ਫੁਲਵਾੜੀ ਐ। ਪਰ ਸਭ ਕੁੱਝ ਹੁੰਦਿਆਂ-ਸੁੰਦਿਆਂ 1947 ਦੀ ਹਿਜਰਤ ਸਮੇਂ ਕਤਲੋਗਾਰਤ, ਝੱਲੇ ਸਰੀਰਕ ਅਤੇ ਆਰਥਿਕ ਨੁਕਸਾਨ ਭੁਲਾਇਆਂ ਵੀ ਨਹੀਂ ਭੁੱਲਦੇ। ਅਫ਼ਸੋਸ ਕਿ ਆਜ਼ਾਦੀ ਸਮੇਂ ਫੈਲੀ ਬੁਰਛਾਗਰਦੀ ਦੀ ਭੇਟ ਚੜ੍ਹ ਗਏ ਬੇਨਾਮਾ ਦਾ ਇਤਿਹਾਸ ਵਿਚ ਕਿਧਰੇ ਜ਼ਿਕਰ ਨਹੀਂ।"

# ਬਣੀਏ ਜ਼ਰੂਰਤਮੰਦਾਂ ਲਈ ਸਹਾਰਾ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)





ਸਿਆਣੇ ਅਕਸਰ ਕਹਿੰਦੇ ਹਨ ਕਿ ਗਲੀਂ ਦੇ ਕੱਖਾਂ ਤੋਂ ਵੀ ਜ਼ਰੂਰਤ ਪੈ ਜਾਂਦੀ ਹੈ। ਕੁਦਰਤ ਨੇ ਬਹੁਤ ਸੋਹਣੇ ਸਮਾਜ ਦੀ ਸਿਰਜਣਾ ਕੀਤੀ ਹੈ। ਖੁਸ਼ੀਆਂ ਤੇ ਗ਼ਮ ਸਾਡੀ ਜ਼ਿੰਦਗੀ ਵਿਚ ਆਉਂਦੇ-ਜਾਂਦੇ ਰਹਿੰਦੇ ਹਨ। ਚੇਤੇ ਰੱਖਣਾ ਕਿ ਹਮੇਸ਼ਾ ਕੋਈ ਵੀ ਮੁਸੀਬਤ ਸਥਾਈ ਨਹੀਂ ਰਹਿੰਦੀ। ਆਪਣੇ ਆਪ ਹਾਲਾਤ ਬਦਲਦੇ ਰਹਿੰਦੇ ਹਨ। ਕਈ ਵਾਰ ਕਿਸੇ ਇਨਸਾਨ ਦੇ ਇੰਨਾ ਦੁੱਖਾਂ ਦਾ ਪਹਾੜ ਟੁੱਟ ਪੈਂਦਾ ਹੈ ਕਿ ਉਸ ਨੂੰ ਮੁਸੀਬਤ ਵਿਚੋਂ ਨਿਕਲਣ ਲਈ ਕਿਸੇ ਦੀ ਮਦਦ ਦੀ ਜ਼ਰੂਰਤ ਪੈਂਦੀ ਹੈ। ਉਹ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦਾ ਸਹਾਰਾ ਲੈਣ ਲਈ ਮਜਬੂਰ ਹੋ ਜਾਂਦਾ ਹੈ। ਸਹੀ ਵੀ ਹੈ ਕਿ ਅਜਿਹੇ ਇਨਸਾਨ ਦੀ ਮਦਦ ਕਰਨੀ ਚਾਹੀਦੀ ਹੈ। ਪਰ ਅੱਜਕੱਲ੍ਹ ਹਰ ਰਿਸ਼ਤੇ ਵਿਚ ਮਤਲਬ ਪਹਿਲਾਂ ਹੈ। ਰਿਸ਼ਤਿਆਂ ਦੀ ਅਹਿਮੀਅਤ ਖ਼ਤਮ ਹੋ ਚੁੱਕੀ ਹੈ। ਕੋਈ ਅਜਿਹਾ ਵਿਰਲਾ ਹੀ ਹੋਣਾ, ਜੋ ਨਿਸਵਾਰਥ ਕਿਸੇ ਲੋੜਵੰਦ ਦੀ ਮਦਦ ਕਰ ਸਕੇ। ਫ਼ਲਦਾਰ ਰੁੱਖਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਰੁੱਖ ਆਪਣੇ ਫ਼ਲ ਆਪ ਨਹੀਂ ਖਾਂਦੇ। ਜਿਸ ਤਰ੍ਹਾਂ ਹੁਣ ਦਰੱਖ਼ਤਾਂ ਨੂੰ ਅੰਬ ਲੱਗਣੇ ਹਨ, ਤਾਂ ਉਹ ਥੱਲੇ ਨੂੰ ਝੁਕ ਜਾਂਦੇ ਹਨ। ਬੱਚੇ ਅਕਸਰ ਫ਼ਲਦਾਰ ਰੁੱਖਾਂ ਨੂੰ ਪੱਥਰ ਮਾਰਦੇ ਹਨ। ਦਰੱਖ਼ਤ ਸਾਨੂੰ ਸ਼ੁੱਧ ਆਕਸੀਜਨ ਦਿੰਦੇ ਹਨ। ਨਹਿਰ ਕਦੀ ਵੀ ਆਪਣਾ ਪਾਣੀ ਆਪ ਨਹੀਂ ਪੀਂਦੀ। ਸਾਡੀ ਪਿਆਸ ਬੁਝਾਉਂਦੀ ਹੈ। ਇਹ ਸਾਡੇ ਲਈ ਪ੍ਰੇਰਨਾਦਾਇਕ ਹਨ। ਕਈ ਲੋਕ ਪੈਸੇ ਤੋਂ ਗਰੀਬ ਹੁੰਦੇ ਹਨ ਪਰ ਦਿਲ ਤੋਂ ਅਮੀਰ ਹੁੰਦੇ ਹਨ।

ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ। ਆਮ ਦੇਖਿਆ ਜਾਂਦਾ ਹੈ ਕਿ ਜੋ ਪੰਛੀ ਹੁੰਦੇ ਹਨ, ਉਨ੍ਹਾਂ ਨੂੰ ਲੋਕ ਦਾਣਾ ਪਾਉਂਦੇ ਹਨ। ਗਰਮੀਆਂ ਵਿਚ ਮਿੱਟੀ ਦੇ ਭਾਂਡਿਆਂ ਵਿਚ ਆਪਣੀ ਛੱਤਾਂ 'ਤੇ ਜਾਂ ਕਿਸੇ ਜਗ੍ਹਾ 'ਤੇ ਪਾਣੀ ਭਰ ਕੇ ਰੱਖਦੇ ਹਨ। ਕਈ ਸਮਾਜ ਸੇਵੀ ਸੰਸਥਾਵਾਂ ਵੱਲੋਂ ਦਰੱਖਤਾਂ 'ਤੇ ਆਲ੍ਹਣੇ ਵੀ ਟੰਗੇ ਜਾਂਦੇ ਹਨ। ਦੇਖਿਆ ਜਾਂਦਾ ਹੈ ਕਿ ਅਵਾਰਾ ਪਸ਼ੂ ਗਲੀਆਂ ਵਿਚ ਆਮ ਘੁੰਮਦੇ ਹਨ। ਕਈ ਦਾਨੀ ਸੱਜਣ ਇਨ੍ਹਾਂ ਦੇ ਚਾਰੇ ਲਈ ਪ੍ਰਬੰਧ ਕਰਦੇ ਹਨ। ਗਊਸ਼ਾਲਾ ਵਿਚ ਜਾ ਕੇ ਹਰਾ ਚਾਰਾ, ਤੂੜੀ ਦੀਆਂ ਟਰਾਲੀਆਂ ਦਿੰਦੇ ਹਨ, ਤਾਂ ਜੋ ਇਹ ਵੀ ਆਪਣਾ ਪੇਟ ਭਰ ਸਕਣ। ਜੇ ਪ੍ਰਮਾਤਮਾ ਨੇ ਸਾਰੇ ਹੀ ਪਾਸੋਂ ਖੁਸ਼ੀ ਦਿੱਤੀ ਹੈ, ਭਾਵ ਪੈਸੇ ਦੀ ਕੋਈ ਥੋੜ ਨਹੀਂ ਹੈ। ਜ਼ਿੰਦਗੀ ਬਸਰ ਕਰਨ ਲਈ ਵਧੀਆ ਸਾਧਨ ਹਨ, ਤਾਂ ਜ਼ਰੂਰਤਮੰਦਾਂ ਦੀ ਜ਼ਰੂਰ ਮਦਦ ਕਰੋ। ਕਿਸੇ ਦਾ ਸਹਾਰਾ ਬਣੋ। ਅਜਿਹਾ ਕਰਨ ਨਾਲ ਤੁਹਾਨੂੰ ਅੰਦਰ ਤੋਂ ਬਹੁਤ ਖੁਸ਼ੀ ਮਿਲਦੀ ਹੈ। ਬੇਜ਼ੁਬਾਨ ਪਸ਼ੂ ਪੰਛੀ ਅਸੀਸ ਦਿੰਦੇ ਹਨ, ਕਿਉਂਕਿ ਉਨ੍ਹਾਂ ਦੀ ਤੁਸੀਂ ਮਦਦ ਕੀਤੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਜੋ ਅਵਾਰਾ ਪਸ਼ੂ ਹੁੰਦੇ ਹਨ, ਕਈ ਵਾਰ ਉਹ ਕਿਸੇ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੇ ਹਨ। ਜਾਂ ਜ਼ਖਮੀ ਹੋ ਜਾਂਦੇ ਹਨ। ਤਾਂ ਕਈ ਰਹਿਮ-ਦਿਲ ਇਨਸਾਨ ਉਨ੍ਹਾਂ ਦਾ ਇਲਾਜ ਕਰਵਾਉਂਦੇ ਹਨ। ਜੋ ਕੋਈ ਅਣਸੁਖਾਵੀਂ ਘਟਨਾ ਵੀ ਹੋ ਜਾਂਦੀ ਹੈ, ਤਾਂ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਹੱਡਾ ਰੋੜੀ ਤੱਕ ਪੁੱਜਦਾ ਕਰਦੇ ਹਨ। ਇਸੀ ਤਰ੍ਹਾਂ ਕਈ ਵਾਰ ਜੋ ਅਵਾਰਾ ਕੁੱਤੇ ਹੁੰਦੇ ਹਨ, ਉਹ ਗਲੀਆਂ ਵਿਚ ਜੇ ਜ਼ਖ਼ਮੀ ਹੋ ਜਾਂਦੇ ਹਨ, ਤਾਂ ਉਨ੍ਹਾਂ ਦਾ ਇਲਾਜ ਕਈ ਸੱਜਣ ਕਰਵਾਉਂਦੇ ਹਨ। ਜੇ ਸਾਡੇ ਆਲੇ-ਦੁਆਲੇ ਕੋਈ ਕੁੱਤੀ ਬੱਚੇ ਨੂੰ ਜਨਮ ਦਿੰਦੀ ਹੈ, ਤਾਂ ਅਕਸਰ ਕਈ ਔਰਤਾਂ ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਭਾਂਡੇ ਵਿਚ ਦੁੱਧ ਪਾ ਕੇ ਆਉਂਦੀਆਂ ਹਨ। ਇਹ ਵੀ ਕਿਸੇ ਲਈ ਅਸੀਂ ਸਹਾਰਾ ਬਣਦੇ ਹਾਂ।

ਸੁਣਦੇ ਵੀ ਹਾਂ ਕਿ ਕਈ ਸੰਸਥਾਵਾਂ ਵੱਲੋਂ ਗਰੀਬ ਕੁੜੀਆਂ ਦੇ ਵਿਆਹ ਕਰਵਾਏ ਜਾਂਦੇ ਹਨ। ਉਸ ਵਿਚ ਕਈ ਦਾਨੀ ਸੱਜਣ ਅੱਗੇ ਆਉਂਦੇ ਹਨ। ਇਹ ਵੀ ਤਾਂ ਪ੍ਰਮਾਤਮਾ ਨੇ ਇਨਸਾਨ ਬਣਾਏ ਹਨ। ਇਨ੍ਹਾਂ ਦੇ ਅੰਦਰ ਵੀ ਕਿੰਨਾ ਵੱਡਾ ਦਿਲ ਹੈ ਕਿ ਕਿਸੇ ਦੀ ਧੀ ਦਾ ਵਧੀਆ ਕਾਰਜ ਨੇਪੜੇ ਚੜ੍ਹ ਸਕੇ। ਮਹਿੰਗਾਈ ਵੀ ਹੈ। ਪੈਸਾ ਤਾਂ ਦੁਨੀਆਂ ਕੋਲ ਵਾਧੂ ਹੈ, ਪਰ ਨੀਅਤ ਨਹੀਂ ਹੈ। ਇਸੇ ਤਰ੍ਹਾਂ ਕਈ ਲੋਕਾਂ ਕੋਲ ਰਹਿਣ ਲਈ ਘਰ ਨਹੀਂ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਵੱਡੇ ਸ਼ਹਿਰਾਂ ਵਿਚ ਜੋ ਵੱਡੇ ਵੱਡੇ ਪਾਈਪ ਹੁੰਦੇ ਹਨ, ਜਾਂ ਫਲਾਈ ਓਵਰ ਹਨ, ਉਨ੍ਹਾਂ ਦੇ ਥੱਲੇ ਝੁੱਗੀ ਬਣਾ ਕੇ ਰਹਿੰਦੇ ਹਨ। ਅਜਿਹੇ ਲੱਖਾਂ ਲੋਕ ਬਿਨਾਂ ਛੱਤ ਤੋਂ ਅੱਜ ਵੀ ਭਾਰਤ ਵਿਚ ਰਹਿ ਰਹੇ ਹਨ। ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਕਈ ਲੋਕ ਅਜਿਹੇ ਪਰਿਵਾਰਾਂ ਨੂੰ ਘਰ ਬਣਾ ਕੇ ਦਿੰਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਕੋਈ ਵੀ ਚੰਗਾ ਕੰਮ ਕਰਨਾ ਹੋਵੇ, ਤਾਂ ਆਪਣੇ ਘਰ ਤੋਂ ਸ਼ੁਰੂ ਹੁੰਦਾ ਹੈ। ਹਸਪਤਾਲਾਂ ਦੇ ਅੱਗੇ ਧਾਰਮਿਕ ਸੰਸਥਾਵਾਂ, ਜਾਂ ਸਮਾਜ ਸੇਵੀਆਂ ਵੱਲੋਂ ਲਗਾਤਾਰ ਲੰਗਰ ਲਗਾਏ ਜਾਂਦੇ ਹਨ, ਤਾਂ ਜੋ ਗਰੀਬ ਲੋਕ ਉੱਥੇ ਰੋਟੀ ਖਾ ਸਕਣ।

ਹਮੇਸ਼ਾ ਆਪਣੇ ਤੋਂ ਥੱਲੇ ਵਾਲੇ ਨੂੰ ਦੇਖ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕਰੋ। ਗਰੀਬ ਜਾਂ ਨੀਵੀਂ ਜਾਤ ਵਾਲੇ ਤੋਂ ਕਦੇ ਵੀ ਨਫ਼ਰਤ ਨਾ ਕਰੋ। ਪੈਸੇ ਦਾ ਗੁਮਾਨ ਨਾ ਕਰੀਏ, ਇਹ ਤਾਂ ਹੱਥਾਂ ਦੀ ਮੈਲ ਹੈ। ਕਿਸੇ ਨੂੰ ਉੱਚਾ ਬੋਲ ਨਾ ਬੋਲੋ। ਜੇ ਅੱਜ ਅਸੀਂ ਕਿਸੇ ਲੋੜਵੰਦ ਦੀ ਮਦਦ ਕਰਦੇ ਹਾਂ, ਤਾਂ ਉਹ ਇਨਸਾਨ ਸਾਡਾ ਕੀਤਾ ਅਹਿਸਾਨ ਕਦੇ ਨਹੀਂ ਭੁੱਲਦਾ। ਹੋ ਸਕਦਾ ਹੈ ਕਿ ਕੱਲ੍ਹ ਨੂੰ ਅਜਿਹਾ ਇਨਸਾਨ ਵਧੀਆ ਕਰਮ ਕਰਕੇ ਆਪਣੇ ਪੈਰਾਂ 'ਤੇ ਖ਼ੁਦ ਖੜ੍ਹਾ ਹੋ ਜਾਵੇ। ਜੇ ਅਸੀਂ ਕਿਸੇ ਦਾ ਭਲਾ ਮੰਗਦੇ ਹਾਂ, ਤਾਂ ਸਾਡਾ ਭਲਾ ਵੀ ਆਪਣੇ ਆਪ ਹੋ ਜਾਂਦਾ ਹੈ। ਕਦੇ ਵੀ ਇਹ ਨਾ ਸੋਚੋ ਕਿ ਸਾਨੂੰ ਕਿਸੇ ਤੋਂ ਜ਼ਰੂਰਤ ਨਹੀਂ ਪਵੇਗੀ। ਸਿਆਣੇ ਕਹਿੰਦੇ ਹਨ ਕਿ ਗਲੀ ਦੇ ਕੱਖਾਂ ਤੋਂ ਵੀ ਜ਼ਰੂਰਤ ਪੈ ਜਾਂਦੀ ਹੈ। ਇਹ ਨਾ ਸੋਚੋ ਕਿ ਅਸੀਂ ਹਮੇਸ਼ਾ ਜਵਾਨ ਰਹਿਣਾ ਹੈ। ਦੁੱਖ-ਤਕਲੀਫ਼ ਕੋਈ ਦੱਸ ਕੇ ਨਹੀਂ ਆਉਂਦੀ। ਹਮੇਸ਼ਾਂ ਹੀ ਨਿਸਵਾਰਥ ਹੋ ਕੇ ਦੂਜਿਆਂ ਦੀ ਮਦਦ ਕਰੋ। ਹਰ ਇਨਸਾਨ ਦੀ ਇੱਜ਼ਤ ਕਰੋ। ਜੇ ਅਸੀਂ ਹਮੇਸ਼ਾ ਦੂਜਿਆਂ ਲਈ ਸਹਾਰਾ ਬਣਾਂਗੇ, ਤਾਂ ਰੱਬ ਨਾ ਕਰੇ ਜੇ ਕੱਲ੍ਹ ਨੂੰ ਸਾਡੇ 'ਤੇ ਕੋਈ ਮਾੜਾ ਸਮਾਂ ਆ ਵੀ ਜਾਂਦਾ ਹੈ, ਤਾਂ ਸਾਡੀ ਵੀ ਮਦਦ ਹਰ ਅਜਿਹਾ ਇਨਸਾਨ ਕਰੇਗਾ। ਹਮੇਸ਼ਾ ਚੰਗੇ ਲੋਕਾਂ ਦਾ ਸਾਥ ਕਰੋ। ਕਿਸੇ ਲੋੜਵੰਦ ਦਾ ਸਹਾਰਾ ਬਣਨ ਨਾਲ ਜੇ ਉਸਦੇ ਚਿਹਰੇ 'ਤੇ ਖੁਸ਼ੀ ਆ ਜਾਂਦੀ ਹੈ, ਤਾਂ ਸਾਨੂੰ ਅੰਦਰੋਂ ਬਹੁਤ ਅਸੀਸਾਂ ਮਿਲਦੀਆਂ ਹਨ। ਜੇ ਸੰਸਾਰ ਦੇ ਕਿਸੇ ਵੀ ਕੋਨੇ 'ਚ ਕੋਈ ਆਫ਼ਤ ਆ ਜਾਂਦੀ ਹੈ, ਤਾਂ ਅਸੀਂ ਦੇਖਦੇ ਹਾਂ ਕਿ ਖ਼ਾਲਸਾ ਏਡ ਉਸ ਥਾਂ ਜਾ ਕੇ ਲੋੜਵੰਦਾਂ ਦਾ ਸਹਾਰਾ ਬਣਦੀ ਹੈ। ਅੱਜ ਜ਼ਿੰਦਗੀ ਜੋ ਬਹੁਤ ਛੋਟੀ ਹੈ। ਇਸ ਸੰਸਾਰ ਤੋਂ ਅਜਿਹੇ ਕਰਮ ਕਰਕੇ ਜਾਈਏ ਕਿ ਕੱਲ੍ਹ ਨੂੰ ਸਾਨੂੰ ਲੋਕ ਯਾਦ ਕਰਨ। ਸਿਵਿਆਂ ਦੇ ਇਕੱਠ ਤੋਂ ਅਕਸਰ ਪਤਾ ਚੱਲ ਜਾਂਦਾ ਹੈ ਕਿ ਇਨਸਾਨ ਦਾ ਜੀਵਨ ਕਿਹੋ ਜਿਹਾ ਸੀ।

# ਦੋਸਤੀ ਜ਼ਿੰਦਾਬਾਦ

## (ਮਿੰਨੀ ਕਹਾਣੀ)

ਰਵਿੰਦਰ ਸਿੰਘ ਲਾਲਪੁਰੀ
ਸੰਪਰਕ : 94634-52261
(Punjab Mail USA)



ਇੱਕ ਕਛੂਏ ਅਤੇ ਖਰਗੋਸ਼ ਦੀ ਆਪਸ ਵਿਚ ਚੰਗੀ ਯਾਰੀ ਸੀ। ਉਹ ਜ਼ਿਆਦਾਤਰ ਵਿਹਲਾ ਸਮਾਂ ਇਕੱਠੇ ਹੀ ਬਤੀਤ ਕਰਦੇ ਸਨ। ਐਤਵਾਰ ਦਾ ਦਿਨ ਸੀ। ਖਰਗੋਸ਼ ਅਤੇ ਕਛੂਏ ਉਹ ਸਮਾਂ ਪਿੰਡ ਦੀ ਚਰਾਂਦ ਵਿਚ ਬਤੀਤ ਕਰਨ ਦਾ ਮਨ ਬਣਾਇਆ। ਖ਼ਰਗੋਸ਼ ਆਪਣੇ ਪਿੰਡੋਂ ਆਉਂਦਾ ਹੋਇਆ ਠੰਡੇ ਦੀ ਬੋਤਲ ਅਤੇ ਹੋਰ ਕੁਝ ਖਾਣ-ਪੀਣ ਦਾ ਸਾਮਾਨ ਨਾਲ ਲਿਆਇਆ ਤੇ ਦੂਜੇ ਪਾਸੇ ਕਛੂਏ ਨੇ ਬੈਠਣ ਲਈ ਟੈਂਟ ਦਾ ਇੰਤਜ਼ਾਮ ਕਰ ਲਿਆ। ਮਿੱਥੇ ਸਮੇਂ ਉੱਤੇ ਦੋਨੋਂ ਚਰਾਂਦ ਵਿਚ ਇਕੱਠੇ ਹੋ ਗਏ। ਖਾਂਦੇ-ਪੀਂਦੇ ਤੇ ਨਾਲ ਗੱਲਾਂ ਕਰਦੇ-ਕਰਦੇ ਰਹੇ ਅਚਾਨਕ ਗੱਲ ਰੇਸ 'ਤੇ ਆ ਗਈ। ਰੇਸ ਦੀ ਗੱਲ ਆਉਂਦਿਆਂ ਹੀ ਖ਼ਰਗੋਸ਼ ਕਛੂਏ ਦਾ ਮਜ਼ਾਕ ਉਡਾਉਣ ਲੱਗ ਪਿਆ ਅਤੇ ਆਪਣੇ ਤੇਜ਼ ਦੌੜਨ ਦੀਆਂ ਸ਼ੇਖੀਆਂ ਮਾਰਨ ਲੱਗ ਪਿਆ। ਕਛੂਆ ਉਸ ਦੀਆਂ ਸਾਰੀਆਂ ਗੱਲਾਂ ਧਿਆਨ ਨਾਲ ਸੁਣਦਾ ਰਿਹਾ ਤੇ ਉਸ ਨੇ ਇਸ ਗੱਲ ਦਾ ਬੁਰਾ ਨਾ ਮਨਾਇਆ। ਪਰ ਖ਼ਰਗੋਸ਼ ਦੇ ਵਾਰ-ਵਾਰ ਕਹਿਣ 'ਤੇ ਉਨ੍ਹਾਂ ਦੋਨਾਂ ਨੇ ਰੇਸ ਲਾਉਣ ਦਾ ਮਨ ਬਣਾ ਲਿਆ।

ਦੂਰ ਇੱਕ ਜਗ੍ਹਾ ਨਿਸ਼ਚਿਤ ਕਰ ਲਈ ਗਈ ਤੇ ਆਖਿਆ ਗਿਆ ਕਿ ਜਿਹੜਾ ਉੱਥੇ ਪਹਿਲਾਂ ਪਹੁੰਚੇਗਾ, ਉਹ ਵਿਜੇਤਾ ਮੰਨਿਆ ਜਾਵੇਗਾ।

ਮਿੱਥੇ ਟਾਈਮ 'ਤੇ ਦੌੜ ਸ਼ੁਰੂ ਹੋ ਗਈ। ਦੌੜ ਸ਼ੁਰੂ ਹੁੰਦਿਆਂ ਹੀ ਖ਼ਰਗੋਸ਼ ਬੜਾ ਤੇਜ਼ ਦੌੜਿਆ। ਰਸਤੇ ਵਿਚ ਉਸ ਨੇ ਸੋਚਿਆ ਕਿ ਭਾਵੇਂ ਉਹ ਤੇਜ਼ ਦੌੜ ਸਕਦਾ ਹੈ ਪਰ ਫਿਰ ਵੀ ਕਛੂਆ ਉਸ ਦਾ ਬਚਪਨ ਦਾ ਦੋਸਤ ਹੈ ਤੇ ਉਸ ਤੋਂ ਬਾਅਦ ਉਸ ਨੂੰ ਕਛੂਏ ਨਾਲ ਬਿਤਾਏ ਸਾਰੇ ਪਲ ਯਾਦ ਆਉਣ ਲੱਗ ਪਏ। ਇਹ ਸੋਚਦਿਆਂ-ਸੋਚਦਿਆਂ ਹੀ ਉਸ ਨੇ ਆਪਣੀ ਰਫਤਾਰ ਢਿੱਲੀ ਕਰ ਲਈ ਤੇ ਉਹ ਪਿੱਛੇ ਕਛੂਏ ਨੂੰ ਆਉਂਦੇ ਹੋਏ ਦੇਖਦਾ ਰਿਹਾ। ਰਾਹ 'ਚ ਪੈਂਦੇ ਇੱਕ ਦਰੱਖਤ ਦੇ ਹੇਠਾਂ ਉਹ ਜਾਣਬੁੱਝ ਕੇ ਆਰਾਮ ਕਰਨ ਦਾ ਬਹਾਨਾ ਕਰਨ ਲੱਗ ਪਿਆ ਤੇ ਕਛੂਏ ਨੂੰ ਲੱਗਾ, ਜਿਵੇਂ ਉਹ ਸੌਂ ਗਿਆ ਹੈ ਪਰ ਉਹ ਦੇਖਦਾ ਰਿਹਾ ਤੇ ਹੌਲੀ-ਹੌਲੀ ਕਛੂਆ ਉਸ ਤੋਂ ਅੱਗੇ ਲੰਘ ਗਿਆ। ਜਦੋਂ ਉਸ ਨੇ ਦੇਖਿਆ ਕਿ ਕਛੂਆ ਬਿਲਕੁੱਲ ਮਿੱਥੇ ਹੋਏ ਸਥਾਨ ਦੇ ਲਾਗੇ ਪਹੁੰਚ ਗਿਆ ਹੈ, ਫਿਰ ਉਹ ਬੜਾ ਤੇਜ਼ ਦੌੜਿਆ। ਜਦੋਂ ਥੋੜ੍ਹਾ ਲਾਗੇ ਪਹੁੰਚਿਆ, ਤਾਂ ਉਸ ਨੇ ਵੇਖਿਆ ਕਿ ਕਛੂਆ ਹਾਲੇ ਵੀ ਜਿੱਤ ਦੇ ਨਿਸ਼ਾਨ ਤੋਂ ਕੁਝ ਕਦਮ ਦੂਰ ਸੀ ਤੇ ਉਸ ਨੇ ਜਾਣਬੁੱਝ ਕੇ ਡਿੱਗਣ ਦਾ ਬਹਾਨਾ ਕੀਤਾ। ਇੰਨੇ ਵਿਚ ਹੀ ਕਛੂਆ ਮਿੱਥੇ ਹੋਏ ਨਿਸ਼ਾਨ 'ਤੇ ਪਹੁੰਚ ਗਿਆ। ਕਛੂਆ ਆਪਣੀ ਜਿੱਤ 'ਤੇ ਬੜਾ ਖੁਸ਼ ਸੀ ਪਰ ਉਸ ਨੂੰ ਖ਼ੁਸ਼ ਵੇਖ ਕੇ ਖ਼ਰਗੋਸ਼ ਬੜਾ ਖੁਸ਼ ਹੋਇਆ। ਹੁਣ ਕਛੂਆ ਵੀ ਸਾਰੀ ਕਹਾਣੀ ਸਮਝ ਚੁੱਕਾ ਸੀ।

ਖ਼ਰਗੋਸ਼ ਨੇ ਕਛੂਏ ਨੂੰ ਜਿੱਤ ਦੀ ਵਧਾਈ ਦਿੱਤੀ। ਉਸ ਤੋਂ ਬਾਅਦ ਦੋਨਾਂ ਨੇ ਆਪਣੀ ਪਿਕਨਿਕ ਵਾਲੇ ਸਥਾਨ 'ਤੇ ਬੈਠ ਕੇ ਪਾਰਟੀ ਕੀਤੀ।

ਦੋਸਤੀ ਇੱਕ ਵਡਮੁੱਲੀ ਦਾਤ ਹੈ। ਦੋਸਤ ਰੱਬ ਦੁਆਰਾ ਭੇਜਿਆ ਗਿਆ ਗਿਆ ਫਰਿਸ਼ਤਾ ਹੈ, ਇਸ ਦੀ ਕਦਰ ਕਰੋ।

# ਧਰਤੀ ਦਾ ਤਪਸ਼, ਮੁਸੀਬਤ ਵਿਚ ਬਚਾਅ



-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ, ਆਲ ਇੰਡੀਆ ਰੇਡੀਓ
ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



ਦੁਨੀਆਂ ਭਰ ਵਿਚ, ਗਰਮ ਦਿਨ ਹੋਰ ਗਰਮ ਹੁੰਦੇ ਜਾ ਰਹੇ ਹਨ ਅਤੇ ਅਕਸਰ ਪਿਛਲੇ ਦਹਾਕੇ ਵਿਚ, ਰੋਜ਼ਾਨਾ ਰਿਕਾਰਡ ਉੱਚ ਤਾਪਮਾਨ 1950 ਦੇ ਦਹਾਕੇ ਵਿਚ ਲਗਭਗ 1:1 ਦੇ ਅਨੁਪਾਤ ਤੋਂ, ਮਹਾਂਦੀਪੀ ਸੰਯੁਕਤ ਰਾਜ ਵਿਚ ਰਿਕਾਰਡ ਹੇਠਲੇ ਪੱਧਰ ਨਾਲੋਂ ਦੁੱਗਣਾ ਉੱਚਾ ਰਿਹਾ ਹੈ। ਗਰਮੀ ਦੀਆਂ ਲਹਿਰਾਂ ਵਧੇਰੇ ਆਮ ਹੁੰਦੀਆਂ ਜਾ ਰਹੀਆਂ ਹਨ ਅਤੇ ਅਮਰੀਕਾ ਦੇ ਪੱਛਮ ਵਿਚ ਤੀਬਰ ਗਰਮੀ ਦੀਆਂ ਲਹਿਰਾਂ ਵਧੇਰੇ ਅਕਸਰ ਹੁੰਦੀਆਂ ਹਨ, ਹਾਲਾਂਕਿ ਦੇਸ਼ ਦੇ ਕੁਝ ਹਿੱਸਿਆਂ ਵਿਚ ਅਜੇ ਵੀ 1930 ਦੇ ਦਹਾਕੇ ਦੀਆਂ ਗਰਮੀ ਦੀਆਂ ਲਹਿਰਾਂ ਦੀ ਗਿਣਤੀ ਦੇ ਰਿਕਾਰਡ ਹਨ। ਭਾਰਤ ਵਿਚ, ਪਿਛਲੇ 10 ਸਾਲਾਂ ਵਿਚ 10 ਸਭ ਤੋਂ ਗਰਮ ਸਾਲਾਂ ਵਿਚੋਂ 9 ਰਿਕਾਰਡ ਕੀਤੇ ਗਏ ਹਨ ਅਤੇ ਸਾਰੇ 2005 ਤੋਂ ਬਾਅਦ। ਪਿਛਲਾ ਸਾਲ ਰਿਕਾਰਡ 'ਤੇ ਪੰਜਵਾਂ ਸਭ ਤੋਂ ਗਰਮ ਸਾਲ ਸੀ। ਗਰਮੀ ਦੀਆਂ ਲਹਿਰਾਂ ਦੇ ਕਾਰਨ ਪ੍ਰੇਰਿਤ ਤਣਾਅ ਸਾਹ ਅਤੇ ਮੌਤ ਦਰ ਨੂੰ ਵਧਾਉਂਦਾ ਹੈ, ਉਪਜਾਊ ਸ਼ਕਤੀ ਨੂੰ ਘਟਾਉਂਦਾ ਹੈ, ਜਾਨਵਰਾਂ ਦੇ ਵਿਵਹਾਰ ਨੂੰ ਸੋਧਦਾ ਹੈ ਅਤੇ ਇਮਿਊਨ ਅਤੇ ਐਂਡੋਕਰੀਨ ਪ੍ਰਣਾਲੀਆਂ ਨੂੰ ਦਬਾ ਦਿੰਦਾ ਹੈ, ਕੁਝ ਬਿਮਾਰੀਆਂ ਪ੍ਰਤੀ ਸੰਵੇਦਨਸ਼ੀਲਤਾ ਵਧਾਉਂਦਾ ਹੈ। 1992 ਤੋਂ, ਭਾਰਤ ਵਿਚ ਹੀਟਵੇਵ ਨਾਲ ਸਬੰਧਤ 34,000 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਇਹ ਵਿਸ਼ੇਸ਼ ਰਿਪੋਰਟ ਹਾਲ ਹੀ ਦੀਆਂ ਕੁਝ ਰਿਪੋਰਟਾਂ ਵਿਚ ਸਾਹਮਣੇ ਆਏ ਕੁਝ ਹੈਰਾਨ ਕਰਨ ਵਾਲੇ ਤੱਥਾਂ ਵੱਲ ਇਸ਼ਾਰਾ ਕਰਦੀ ਹੈ। ਇਹ ਭਾਰਤ ਵਿਚ ਜਲਵਾਯੂ ਪਰਿਵਰਤਨ/ਹੀਟ ਵੇਵ ਦੇ ਤਣਾਅ ਤੋਂ ਪੈਦਾ ਹੋਣ ਵਾਲੇ ਜ਼ਮੀਨੀ ਦੁੱਖਾਂ ਨੂੰ ਘਟਾਉਣ ਲਈ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਬਾਰੇ ਵੀ ਗੱਲ ਕਰਦਾ ਹੈ।

ਜੇਕਰ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਵਿਚ ਮਹੱਤਵਪੂਰਨ ਕਟੌਤੀ ਨਹੀਂ ਕੀਤੀ ਜਾਂਦੀ ਹੈ, ਤਾਂ ਸਦੀ ਦੇ ਮੱਧ ਤੱਕ ਜ਼ਿਆਦਾਤਰ ਖੇਤਰਾਂ ਵਿਚ ਰੋਜ਼ਾਨਾ ਉੱਚ ਅਤੇ ਘੱਟ ਤਾਪਮਾਨ ਵਿਚ ਘੱਟੋ-ਘੱਟ 5 ਡਿਗਰੀ ਫਾਰਨਹੀਟ ਦਾ ਵਾਧਾ ਹੋਵੇਗਾ, ਜੋ ਸਦੀ ਦੇ ਅੰਤ ਤੱਕ 10 ਡਿਗਰੀ ਫਾਰਨਹੀਟ ਤੱਕ ਵੱਧ ਜਾਵੇਗਾ। ਰਾਸ਼ਟਰੀ ਜਲਵਾਯੂ ਮੁਲਾਂਕਣ ਮੱਧ ਸਦੀ ਤੱਕ ਜ਼ਿਆਦਾਤਰ ਖੇਤਰਾਂ ਵਿਚ 90 ਡਿਗਰੀ ਫਾਰਨਹੀਟ ਤੋਂ ਵੱਧ ਦੀ ਭਵਿੱਖਬਾਣੀ ਕਰਦਾ ਹੈ। ਜਦੋਂ ਉੱਚ ਨਮੀ ਨਾਲ ਜੋੜਿਆ ਜਾਂਦਾ ਹੈ, ਤਾਂ ਗਰਮੀ ਦੀਆਂ ਲਹਿਰਾਂ ਵਧੇਰੇ ਖਤਰਨਾਕ ਹੁੰਦੀਆਂ ਹਨ। ਤਾਪਮਾਨ ਅਤੇ ਨਮੀ ਦੇ ਸੁਮੇਲ ਨੂੰ ਹੀਟ ਇੰਡੈਕਸ ਦੁਆਰਾ ਮਾਪਿਆ ਜਾਂਦਾ ਹੈ। ਇੱਕ ਤਾਜ਼ਾ ਅਧਿਐਨ ਨੇ ਅਨੁਮਾਨ ਲਗਾਇਆ ਹੈ ਕਿ 20ਵੀਂ ਸਦੀ ਦੇ ਅੰਤ ਦੇ ਮੁਕਾਬਲੇ, 100 ਡਿਗਰੀ ਫਾਰਨਹੀਟ ਤੋਂ ਵੱਧ ਗਰਮੀ ਸੂਚਕਾਂਕ ਵਾਲੇ ਦਿਨਾਂ ਦੀ ਸਾਲਾਨਾ ਸੰਖਿਆ ਦੁੱਗਣੀ ਹੋ ਜਾਵੇਗੀ, ਅਤੇ 105 ਡਿਗਰੀ ਫਾਰਨਹੀਟ ਤੋਂ ਵੱਧ ਗਰਮੀ ਸੂਚਕਾਂਕ ਵਾਲੇ ਦਿਨ ਦੇਸ਼ ਭਰ ਵਿਚ ਤਿੰਨ ਗੁਣਾ ਹੋ ਜਾਣਗੇ। ਅਤਿਅੰਤ ਗਰਮੀ ਮੌਸਮ ਨਾਲ ਸਬੰਧਤ ਮੌਤਾਂ ਦੇ ਪ੍ਰਮੁੱਖ ਕਾਰਨਾਂ ਵਿਚੋਂ ਇੱਕ ਹੈ, ਜੋ ਕਿ ਪਿਛਲੇ ਦਹਾਕਿਆਂ ਵਿਚ ਪ੍ਰਤੀ ਸਾਲ ਔਸਤਨ ਵੱਧ ਲੋਕਾਂ ਦੀ ਮੌਤ ਹੋ ਰਹੀ ਹੈ, ਬਾਕੀ ਸਾਰੇ ਪ੍ਰਭਾਵਾਂ (ਤੂਫਾਨਾਂ ਨੂੰ ਛੱਡ ਕੇ) ਮਿਲਾ ਕੇ। 1980 ਤੋਂ ਬਾਅਦ ਅਮਰੀਕਾ ਦੀਆਂ ਚੋਟੀ ਦੀਆਂ 10 ਸਭ ਤੋਂ ਘਾਤਕ ਤਬਾਹੀਆਂ ਵਿਚੋਂ ਛੇ ਦੇ ਰੂਪ ਵਿਚ ਗਰਮੀ ਦੀਆਂ ਲਹਿਰਾਂ ਨੂੰ ਸੂਚੀਬੱਧ ਕੀਤਾ ਗਿਆ ਹੈ।

ਬਹੁਤ ਜ਼ਿਆਦਾ ਗਰਮੀ ਹੋਰ ਕਿਸਮ ਦੀਆਂ ਆਫ਼ਤਾਂ ਦੇ ਜ਼ੋਖਮ ਨੂੰ ਵਧਾ ਸਕਦੀ ਹੈ। ਗਰਮੀ ਸੋਕੇ ਨੂੰ ਵਧਾ ਸਕਦੀ ਹੈ ਅਤੇ ਗਰਮ, ਖੁਸ਼ਕ ਹਾਲਾਤ ਬਦਲੇ ਵਿਚ ਜੰਗਲੀ ਅੱਗ ਲਈ ਹਾਲਾਤ ਪੈਦਾ ਕਰ ਸਕਦੇ ਹਨ। ਇਮਾਰਤਾਂ, ਸੜਕਾਂ ਅਤੇ ਬੁਨਿਆਦੀ ਢਾਂਚਾ ਗਰਮੀ ਨੂੰ ਸੋਖ ਲੈਂਦੇ ਹਨ, ਜਿਸ ਨਾਲ ਸ਼ਹਿਰੀ ਖੇਤਰਾਂ ਵਿਚ ਤਾਪਮਾਨ ਬਾਹਰ ਦੇ ਮੁਕਾਬਲੇ 1 ਤੋਂ 7 ਡਿਗਰੀ ਫਾਰਨਹਾਈਟ ਵੱਧ ਹੋ ਸਕਦਾ ਹੈ - ਇੱਕ ਘਟਨਾ ਜਿਸ ਨੂੰ ਸ਼ਹਿਰੀ ਗਰਮੀ ਟਾਪੂ ਪ੍ਰਭਾਵ ਵਜੋਂ ਜਾਣਿਆ ਜਾਂਦਾ ਹੈ। ਇਹ ਪ੍ਰਭਾਵ ਦਿਨ ਦੇ ਦੌਰਾਨ ਸਭ ਤੋਂ ਤੀਬਰ ਹੁੰਦਾ ਹੈ, ਪਰ ਰਾਤ ਨੂੰ ਬੁਨਿਆਦੀ ਢਾਂਚੇ (ਜਾਂ ਵਾਯੂਮੰਡਲ ਦੇ ਤਾਪ ਟਾਪੂ) ਤੋਂ ਗਰਮੀ ਦਾ ਹੌਲੀ ਨੁਕਸਾਨ ਸ਼ਹਿਰਾਂ ਨੂੰ ਆਲੇ-ਦੁਆਲੇ ਦੇ ਖੇਤਰਾਂ ਨਾਲੋਂ ਗਰਮ ਰੱਖ ਸਕਦਾ ਹੈ। ਦੇਸ਼ ਭਰ ਵਿਚ ਵਧਦਾ ਤਾਪਮਾਨ ਲੋਕਾਂ, ਵਾਤਾਵਰਣ ਅਤੇ ਆਰਥਿਕਤਾ ਲਈ ਖ਼ਤਰਾ ਹੈ। ਗਰਮੀ ਦਾ ਤਣਾਅ ਮਨੁੱਖਾਂ ਵਿਚ ਉਦੋਂ ਹੁੰਦਾ ਹੈ, ਜਦੋਂ ਸਰੀਰ ਆਪਣੇ ਆਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਠੰਢਾ ਕਰਨ ਵਿਚ ਅਸਮਰੱਥ ਹੁੰਦਾ ਹੈ। ਆਮ ਤੌਰ 'ਤੇ, ਸਰੀਰ ਪਸੀਨੇ ਰਾਹੀਂ ਆਪਣੇ ਆਪ ਨੂੰ ਠੰਡਾ ਕਰ ਸਕਦਾ ਹੈ, ਪਰ ਜਦੋਂ ਨਮੀ ਜ਼ਿਆਦਾ ਹੁੰਦੀ ਹੈ, ਤਾਂ ਪਸੀਨਾ ਤੇਜ਼ੀ ਨਾਲ ਭਾਫ਼ ਨਹੀਂ ਨਿਕਲਦਾ, ਸੰਭਾਵੀ ਤੌਰ 'ਤੇ ਹੀਟ ਸਟ੍ਰੋਕ ਦਾ ਕਾਰਨ ਬਣਦਾ ਹੈ। ਉੱਚ ਨਮੀ ਅਤੇ ਉੱਚੇ ਰਾਤ ਦੇ ਤਾਪਮਾਨ ਗਰਮੀ ਨਾਲ ਸਬੰਧਤ ਬਿਮਾਰੀਆਂ ਅਤੇ ਮੌਤ ਦਰ ਦੇ ਮੁੱਖ ਕਾਰਕ ਹਨ। ਜਦੋਂ ਰਾਤ ਨੂੰ ਗਰਮੀ ਤੋਂ ਕੋਈ ਬਰੇਕ ਨਹੀਂ ਹੁੰਦੀ, ਤਾਂ ਇਹ ਬੇਅਰਾਮੀ ਦਾ ਕਾਰਨ ਬਣ ਸਕਦੀ ਹੈ ਅਤੇ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ, ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਕੋਲ ਠੰਢਾ ਹੋਣ ਤੱਕ ਪਹੁੰਚ ਨਹੀਂ ਹੈ, ਜੋ ਅਕਸਰ ਘੱਟ ਆਮਦਨੀ ਵਾਲੇ ਲੋਕ ਹੁੰਦੇ ਹਨ। ਹੋਰ ਸਮੂਹ ਜੋ ਗਰਮੀ ਦੇ ਤਣਾਅ ਲਈ ਖਾਸ ਤੌਰ 'ਤੇ ਕਮਜ਼ੋਰ ਹੁੰਦੇ ਹਨ, ਉਨ੍ਹਾਂ ਵਿਚ ਬਜ਼ੁਰਗ ਬਾਲਗ, ਨਿਆਣੇ ਅਤੇ ਬੱਚੇ, ਗੰਭੀਰ ਸਿਹਤ ਸਥਿਤੀਆਂ ਵਾਲੇ ਲੋਕ ਅਤੇ ਬਾਹਰੀ ਕਰਮਚਾਰੀ ਸ਼ਾਮਲ ਹਨ।

ਗਰਮ ਦਿਨ ਗਰਮੀ ਨਾਲ ਸਬੰਧਤ ਬਿਮਾਰੀਆਂ ਵਿਚ ਵਾਧਾ ਦੇ ਨਾਲ ਵੀ ਜੁੜੇ ਹੋਏ ਹਨ, ਜਿਸ ਵਿੱਚ ਕਾਰਡੀਓਵੈਸਕੁਲਰ ਅਤੇ ਸਾਹ ਦੀਆਂ ਪੇਚੀਦਗੀਆਂ ਅਤੇ ਗੁਰਦੇ ਦੀ ਬਿਮਾਰੀ ਸ਼ਾਮਲ ਹੈ। ਹਵਾ ਦੀ ਗੁਣਵੱਤਾ ਵੀ ਬਹੁਤ ਜ਼ਿਆਦਾ ਤਾਪਮਾਨ ਨਾਲ ਪ੍ਰਭਾਵਿਤ ਹੁੰਦੀ ਹੈ। ਗਰਮ ਅਤੇ ਧੁੱਪ ਵਾਲੇ ਦਿਨ ਜ਼ਮੀਨੀ ਪੱਧਰ ਦੇ ਓਜ਼ੋਨ ਦੇ ਉਤਪਾਦਨ ਨੂੰ ਵਧਾ ਸਕਦੇ ਹਨ, ਇੱਕ ਹਾਨੀਕਾਰਕ ਪ੍ਰਦੂਸ਼ਕ ਜੋ ਧੂੰਏ ਦਾ ਇੱਕ ਮੁੱਖ ਹਿੱਸਾ ਹੈ, ਜੋ ਸਾਹ ਪ੍ਰਣਾਲੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਖਾਸ ਤੌਰ 'ਤੇ ਦਮੇ ਵਾਲੇ ਲੋਕਾਂ ਲਈ ਨੁਕਸਾਨਦੇਹ ਹੈ। ਇਸ ਤੋਂ ਇਲਾਵਾ, ਏਅਰ ਕੰਡੀਸ਼ਨਿੰਗ ਦੀ ਵੱਧਦੀ ਵਰਤੋਂ ਲਈ ਵਧੇਰੇ ਬਿਜਲੀ ਦੀ ਲੋੜ ਹੁੰਦੀ ਹੈ, ਜੋ ਕਿ ਬਿਜਲੀ ਦੇ ਸਰੋਤ 'ਤੇ ਨਿਰਭਰ ਕਰਦੇ ਹੋਏ, ਹੋਰ ਕਿਸਮ ਦੇ ਪ੍ਰਦੂਸ਼ਣ ਨੂੰ ਛੱਡਦੀ ਹੈ, ਜਿਸ ਵਿਚ ਕਣਾਂ ਵੀ ਸ਼ਾਮਲ ਹਨ, ਜੋ ਹਵਾ ਦੀ ਗੁਣਵੱਤਾ ਨੂੰ ਵੀ ਪ੍ਰਭਾਵਿਤ ਕਰਦੇ ਹਨ। ਓਜ਼ੋਨ ਅਤੇ ਕਣਾਂ ਵਿਚ ਇਹ ਵਾਧਾ ਲੋਕਾਂ ਲਈ ਗੰਭੀਰ ਖਤਰੇ ਪੈਦਾ ਕਰ ਸਕਦਾ ਹੈ, ਖਾਸ ਤੌਰ 'ਤੇ ਉਹੀ ਕਮਜ਼ੋਰ ਸਮੂਹ ਜੋ ਉੱਪਰ ਦੱਸੇ ਗਏ ਗਰਮੀ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ। ਵੱਧ ਤਾਪਮਾਨ ਖੇਤੀ ਲਈ ਹਾਨੀਕਾਰਕ ਹੋ ਸਕਦਾ ਹੈ। ਪੌਦਿਆਂ ਦੇ ਵਾਧੇ 'ਤੇ ਦਿਨ ਦੇ ਉੱਚੇ ਤਾਪਮਾਨ ਨਾਲ ਨਕਾਰਾਤਮਕ ਅਸਰ ਪੈਂਦਾ ਹੈ ਅਤੇ ਕੁਝ ਫਸਲਾਂ ਨੂੰ ਰਾਤ ਦੇ ਸਮੇਂ ਠੰਡੇ ਤਾਪਮਾਨ ਦੀ ਲੋੜ ਹੁੰਦੀ ਹੈ। ਗਰਮੀ ਦੀਆਂ ਲਹਿਰਾਂ ਜਾਨਵਰਾਂ ਨੂੰ ਗਰਮੀ ਦੇ ਤਣਾਅ ਦਾ ਸਾਹਮਣਾ ਕਰਨ ਦੀ ਸੰਭਾਵਨਾ ਨੂੰ ਵੀ ਵਧਾਉਂਦੀਆਂ ਹਨ, ਖਾਸ ਤੌਰ 'ਤੇ ਜਦੋਂ ਰਾਤ ਨੂੰ ਤਾਪਮਾਨ ਜ਼ਿਆਦਾ ਹੁੰਦਾ ਹੈ ਅਤੇ ਜਾਨਵਰ ਠੰਢਾ ਹੋਣ ਵਿਚ ਅਸਮਰੱਥ ਹੁੰਦੇ ਹਨ। ਗਰਮੀ-ਤਣਾਅ ਵਾਲੇ ਪਸ਼ੂ ਦੁੱਧ ਦੇ ਉਤਪਾਦਨ ਵਿਚ ਗਿਰਾਵਟ, ਹੌਲੀ ਵਿਕਾਸ ਦਰ ਅਤੇ ਗਰਭ ਧਾਰਨ ਦੀ ਘੱਟ ਦਰ ਦਾ ਅਨੁਭਵ ਕਰ ਸਕਦੇ ਹਨ। ਗਰਮੀ ਦੀਆਂ ਲਹਿਰਾਂ ਸੋਕੇ ਅਤੇ ਜੰਗਲੀ ਅੱਗ ਨੂੰ ਵਧਾ ਸਕਦੀਆਂ ਹਨ, ਜਿਸਦਾ ਖੇਤੀਬਾੜੀ ਸੈਕਟਰ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਉਦਾਹਰਨ ਲਈ, ਪਿਛਲੇ ਸਾਲਾਂ ਵਿਚ ਪਸ਼ੂ ਪਾਲਕਾਂ ਨੂੰ ਚਾਰੇ ਦੀ ਘਾਟ ਕਾਰਨ ਆਪਣਾ ਸਟਾਕ ਵੇਚਣਾ ਪਿਆ ਸੀ।

ਗਰਮ ਤਾਪਮਾਨ ਅਮਰੀਕੀ ਊਰਜਾ ਪ੍ਰਣਾਲੀ ਦੇ ਕਈ ਪਹਿਲੂਆਂ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਵਿਚ ਉਤਪਾਦਨ, ਪ੍ਰਸਾਰਣ ਅਤੇ ਮੰਗ ਸ਼ਾਮਲ ਹੈ। ਜਦੋਂਕਿ ਗਰਮੀਆਂ ਦੇ ਉੱਚੇ ਤਾਪਮਾਨਾਂ ਨਾਲ ਕੂਲਿੰਗ ਲਈ ਬਿਜਲੀ ਦੀ ਮੰਗ ਵਧ ਜਾਂਦੀ ਹੈ, ਉਸੇ ਸਮੇਂ, ਉਹ ਬਿਜਲੀ ਨੂੰ ਲਿਜਾਣ ਲਈ ਟਰਾਂਸਮਿਸ਼ਨ ਲਾਈਨਾਂ ਦੀ ਸਮਰੱਥਾ ਨੂੰ ਘਟਾ ਸਕਦੇ ਹਨ, ਜਿਸ ਨਾਲ ਸੰਭਾਵੀ ਤੌਰ 'ਤੇ ਬਿਜਲੀ ਦੀ ਭਰੋਸੇਯੋਗਤਾ ਦੇ ਮੁੱਦੇ ਜਿਵੇਂ ਕਿ ਗਰਮੀ ਦੀਆਂ ਲਹਿਰਾਂ ਦੌਰਾਨ ਰੋਲਿੰਗ ਬਲੈਕਆਉਟ ਹੋ ਸਕਦੇ ਹਨ। ਹਾਲਾਂਕਿ ਗਰਮ ਸਰਦੀਆਂ ਗਰਮ ਕਰਨ ਦੀ ਜ਼ਰੂਰਤ ਨੂੰ ਘਟਾ ਦੇਵੇਗੀ, ਮਾਡਲਿੰਗ ਦਰਸਾਉਂਦੀ ਹੈ ਕਿ ਇੱਕ ਨਿੱਘੇ ਭਵਿੱਖ ਵਿਚ ਸਮੁੱਚੀ ਊਰਜਾ ਦੀ ਵਰਤੋਂ ਵਧੇਗੀ। ਇਸ ਤੋਂ ਇਲਾਵਾ, ਜਿਵੇਂ ਕਿ ਨਦੀਆਂ ਅਤੇ ਝੀਲਾਂ ਗਰਮ ਹੁੰਦੀਆਂ ਹਨ, ਪਾਵਰ ਪਲਾਂਟਾਂ ਤੋਂ ਰਹਿੰਦ-ਖੂੰਹਦ ਦੀ ਗਰਮੀ ਨੂੰ ਜਜ਼ਬ ਕਰਨ ਦੀ ਉਨ੍ਹਾਂ ਦੀ ਸਮਰੱਥਾ ਘੱਟ ਜਾਂਦੀ ਹੈ। ਇਹ ਬਿਜਲੀ ਉਤਪਾਦਨ ਦੀ ਥਰਮਲ ਕੁਸ਼ਲਤਾ ਨੂੰ ਘਟਾ ਸਕਦਾ ਹੈ, ਜਿਸ ਨਾਲ ਪਾਵਰ ਪਲਾਂਟਾਂ ਲਈ ਆਪਣੇ ਠੰਢੇ ਪਾਣੀ ਦੇ ਤਾਪਮਾਨ ਦੇ ਸਬੰਧ ਵਿਚ ਵਾਤਾਵਰਨ ਨਿਯਮਾਂ ਦੀ ਪਾਲਣਾ ਕਰਨਾ ਮੁਸ਼ਕਲ ਹੋ ਸਕਦਾ ਹੈ, ਅਤੇ ਪਲਾਂਟ ਬੰਦ ਹੋ ਸਕਦੇ ਹਨ। ਅਤਿ ਦੀ ਗਰਮੀ ਪ੍ਰਤੀ ਲਚਕੀਲਾਪਣ ਪੈਦਾ ਕਰਨ ਲਈ ਕਮਜ਼ੋਰ ਆਬਾਦੀ ਦੀ ਪਛਾਣ ਕਰਨਾ ਅਤੇ ਸਾਰੇ ਨਿਵਾਸੀਆਂ ਲਈ ਗਰਮੀ ਦੀ ਤਿਆਰੀ ਦੀ ਯੋਜਨਾ ਬਣਾਉਣਾ, ਜਿਸ ਵਿਚ ਅਤਿਅੰਤ ਗਰਮੀ ਦੇ ਸਮੇਂ ਦੌਰਾਨ ਕੂਲਿੰਗ ਸੈਂਟਰ ਖੋਲ੍ਹਣਾ ਅਤੇ ਕੰਮ ਵਾਲੀ ਥਾਂ 'ਤੇ ਗਰਮੀ ਦੇ ਤਣਾਅ ਦੇ ਮਾਪਦੰਡਾਂ ਨੂੰ ਅਪਣਾਇਆ ਜਾ ਸਕਦਾ ਹੈ। ਸ਼ਹਿਰੀ ਤਾਪ ਟਾਪੂ ਦੇ ਪ੍ਰਭਾਵ ਨੂੰ ਘਟਾਉਣ ਲਈ ਠੰਢੀਆਂ ਅਤੇ ਹਰੀਆਂ ਛੱਤਾਂ ਅਤੇ ਠੰਢੇ ਫੁੱਟਪਾਥਾਂ ਨੂੰ ਸਥਾਪਿਤ ਕਰਨਾ, ਛਾਂ ਪ੍ਰਦਾਨ ਕਰਨ ਲਈ ਰੁੱਖ ਲਗਾਉਣਾ ਅਤੇ ਸਾਹ ਰਾਹੀਂ ਹਵਾ ਨੂੰ ਠੰਢਾ ਕਰਨਾ, ਬਿਜਲੀ ਗਰਿੱਡ 'ਤੇ ਮੰਗ ਨੂੰ ਘਟਾਉਣ ਲਈ ਊਰਜਾ ਕੁਸ਼ਲਤਾ ਦਾ ਪਿੱਛਾ ਕਰਨਾ, ਗਰਮੀ ਦੀਆਂ ਲਹਿਰਾਂ ਦੇ ਦੌਰਾਨ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਹੋ ਸਕਦਾ ਹੈ।

# ਧੀਆਂ ਸਭ ਦੀਆਂ ਸਾਂਝੀਆਂ ਨੀ ਹੁੰਦੀਆਂ...



- ਗਗਨਦੀਪ ਸੋਂਧੀ
Punjab Mail USA)



ਗੱਲ ਉਸ ਵੇਲੇ ਦੀ ਹੈ, ਜਦੋਂ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ 97% ਅੰਕ ਹਾਸਲ ਕਰ ਕੇ ਐੱਮ.ਬੀ.ਬੀ.ਐੱਸ. ਕਰ ਰਹੀ ਇਕ ਧੀ ਪੰਪੋਸ਼ ਦੀ ਮੌਤ ਹੋ ਗਈ ਕਿਉਂਕਿ ਉਹਨੂੰ ਜਾਤੀਵਾਦੀ ਮਿਹਣੇ ਦੇ-ਦੇ ਕੇ ਏਨਾ ਕੁ ਜ਼ਲੀਲ ਕਰ ਦਿੱਤਾ ਗਿਆ ਕਿ ਉਹ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਗਈ। ਖ਼ਬਰ ਵੱਡੀ ਸੀ ਪਰ ਉਹ ਧੀ ਕਿਸੇ ਵੱਡੇ ਦੀ ਨੀ ਸੀ। ਸਭ ਅੱਖਾਂ ਮੀਟ ਗਏ, ਨਾ ਮੁੱਖ ਮੰਤਰੀ ਦਾ ਬਿਆਨ ਆਇਆ, ਨਾ ਕਿਸੇ ਆਗੂ ਦਾ ਬਿਆਨ ਤੇ ਨਾ ਲੋੜ ਪੈਣ 'ਤੇ ਸਭ ਨੂੰ ਬਰਾਬਰ ਕਹਿਣ ਵਾਲੀ ਕਿਸੇ ਸੋ-ਕਾਲਡ ਜਥੇਬੰਦੀ ਨੇ ਉਹਦਾ ਇਨਸਾਫ ਦਿਵਾਉਣ ਦਾ ਹੌਸਲਾ ਦਿਖਾਇਆ। ਗੱਲ ਧਰਮ ਦੀ ਹੁੰਦੀ, ਤਾਂ ਅਸੀਂ ਸਿਰ ਵੀ ਦੇ ਦਿੰਦੇ ਪਰ ਇਥੇ ਗੱਲ ਕਿਸੇ ਗਰੀਬ ਦੀ ਧੀ ਦੀ ਸੀ ਤੇ ਇਹ ਕਿਹੜਾ ਕਿਸੇ ਮੰਤਰੀ ਦੀ ਧੀ ਸੀ, ਗਰੀਬ ਸੀ। ਕਾਫੀ ਪੱਤਰਕਾਰ ਅੰਨ੍ਹੇ ਹੋ ਗਏ, ਨਾ ਕੋਈ ਡਿਬੇਟ, ਨਾ ਕੋਈ ਬਿਆਨ, ਇਥੋਂ ਤੱਕ ਕਿ ਗਰੀਬਾਂ ਦੇ ਘਰਾਂ ਵਿਚੋਂ ਪੈਦਾ ਹੋਏ ਸਰਕਾਰੀ ਨੌਕਰੀਆਂ ਕਰਦੇ ਕਿਸੇ ਸਰਕਾਰੀ ਅਧਿਕਾਰੀ ਨੇ ਵੀ ਫੇਸਬੁੱਕ ਜਾਂ ਸੋਸ਼ਲ ਮੀਡੀਆ ਉਤੇ ਇਸ ਗੱਲ ਦਾ ਜ਼ਿਕਰ ਕਰਨਾ ਬਿਹਤਰ ਨਾ ਸਮਝਿਆ ਕਿਉਂਕਿ ਇਹ ਸਿਰਫ ਸਰਕਾਰ ਦੀ ਪੂਛ ਹੇਠਾਂ ਬਹਿ ਕੇ ਆਪਣੇ ਘਰ ਦੀ ਰੋਟੀ ਚਲਾਉਣ ਜੋਗੇ ਹਨ ਜਾਂ ਫਿਰ ਸ਼ਰੀਕਾਂ ਵਿਚ ਫੋਕੀ ਟੌਹਰ ਬਣਾਉਣ ਜੋਗੇ ਹਨ। ਦੂਜੇ ਪਾਸੇ ਗਰੀਬਾਂ ਲਈ ਲੜਦੇ-ਲੜਦੇ ਅਮੀਰ ਹੋਏ ਮੰਤਰੀਆਂ ਤੇ ਆਗੂਆਂ ਦੀ ਜੀਭ ਨੂੰ ਵੀ ਰੋਗ ਲੱਗ ਗਿਆ, ਕੋਈ ਨਹੀਂ ਬੋਲਿਆ।

ਪਰ ਇੱਥੇ ਮੈਂ ਗ਼ਲਤੀ ਉਸ ਲੜਕੀ ਦੀ ਵੀ ਦੇਖਦਾਂ, ਜੀਹਨੇ ਖੁਦ ਨੂੰ ਮਾਰ ਲਿਆ, ਜਦਕਿ ਉਹਨੂੰ ਫੂਲਨ ਦੇਵੀ ਬਣਨਾ ਚਾਹੀਦਾ ਸੀ, ਉਨ੍ਹਾਂ ਲਈ ਜਿਹੜੇ ਧੌਣ ਵਿਚੋਂ ਜ਼ਾਤ ਵਾਲਾ ਕਿੱਲਾ ਨੀਂ ਕੱਢਦੇ। ਬਿਲਕੁਲ ਫੂਲਨ ਦੇਵੀ ਦੀ ਤਰ੍ਹਾਂ ਜਿਸਨੇ 14 ਫਰਵਰੀ, 1981 ਨੂੰ 22 ਬਲਾਤਕਾਰੀਆਂ ਨੂੰ ਮਾਰ ਦਿੱਤਾ ਸੀ। ਸਮਾਜ ਵਿਚੋਂ ਗੰਦ ਕੱਢਣਾ ਬਹੁਤ ਜ਼ਰੂਰੀ ਹੈ, ਜੇ ਕੋਈ ਤੁਹਾਡਾ ਅਪਮਾਨ ਕਰੇ ਤਾਂ ਵਿਰੋਧ ਜ਼ਰੂਰੀ ਹੈ। ਸ਼ਾਇਦ ਆਉਣ ਵਾਲੇ ਸਮੇਂ ਵਿਚ ਧੀਆਂ ਜਾਗਣਗੀਆਂ, ਭਾਵੇਂ ਪੰਜਾਬੀਆਂ ਵਿਚ ਸਿਫਤ ਕਰਨ ਵਾਲਾ ਸੂਰਮਾ ਤੇ ਅਕਲ ਦੇਣ ਵਾਲਾ ਗੱਦਾਰ ਹੁੰਦਾ ਪਰ ਸਮਾਜ ਬਦਲੇਗਾ। ਉਮੀਦ ਇਸ ਗੱਲ ਦੀ ਕਿ ਇਸ ਤੋਂ ਧੀਆਂ ਖੁਦ ਦੀ ਹਿਫਾਜ਼ਤ ਜ਼ਰੂਰ ਕਰਨਗੀਆਂ ਕਿਉਂਕਿ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਕਿ ਤਕੜਿਆਂ ਦਾ ਸੱਤੀ ਵੀਹੀਂ ਵੀ ਸੌ ਹੋ ਜਾਂਦਾ।

ਜੇ ਜ਼ਮੀਰ ਜਾਗੇ, ਤਾਂ ਵਿਚਾਰਿਓ ਜ਼ਰੂਰ।

# ਰੁਮਾਂਸ ਤੇ ਕਾਮੇਡੀ ਭਰਪੂਰ ਫ਼ਿਲਮ 'ਯਾਰਾਂ ਦੀਆਂ ਪੌਂਅ ਬਾਰਾਂ'

-ਸੁਰਜੀਤ ਜੱਸਲ
98146-07737
(Punjab Mail USA)



ਉਪਾਸਨਾ ਸਿੰਘ ਪੰਜਾਬੀ ਦਰਸ਼ਕਾਂ ਦੀ ਚਹੇਤੀ ਅਦਾਕਾਰਾ ਰਹੀ ਹੈ। ਅੱਸੀ-ਨੱਬੇ ਦੇ ਦਹਾਕੇ ਵਿਚ ਉਸਨੇ ਪੰਜਾਬੀ ਤੇ ਹਿੰਦੀ ਸਿਨਮੇ 'ਤੇ ਰਾਜ ਕੀਤਾ। ਪੰਜਾਬੀ ਸਿਨਮੇ ਦੇ ਮੁੜ ਸੁਰਜੀਤ ਹੁੰਦਿਆਂ ਉਸਨੇ ਆਪਣੀ ਦੂਜੀ ਸ਼ਾਨਦਾਰ ਪਾਰੀ ਨੂੰ ਅੱਗੇ ਤੋਰਿਆ ਹੈ। ਉਪਾਸਨਾ ਨੇ ਨਾਇਕਾ ਤੋਂ ਲੈ ਕੇ ਪਰਿਵਾਰਕ ਕਾਮੇਡੀ ਵਾਲੇ ਹਰ ਤਰ੍ਹਾਂ ਦੇ ਕਿਰਦਾਰਾਂ ਨੂੰ ਨਿਭਾਇਆ ਹੈ। ਜ਼ਿਕਰਯੋਗ ਹੈ ਕਿ ਅੱਜਕੱਲ੍ਹ ਉਪਾਸਨਾ ਸਿੰਘ ਆਪਣੇ ਬੇਟੇ ਨਾਨਕ ਸਿੰਘ ਨੂੰ ਪੰਜਾਬੀ ਦਰਸ਼ਕਾਂ ਦੇ ਰੂਬਰੂ ਕਰ ਰਹੀ ਹੈ। ਪਿਛਲੇ ਸਾਲ ਨਾਨਕ ਸਿੰਘ ਦੀ ਪਹਿਲੀ ਫ਼ਿਲਮ 'ਬਾਈ ਜੀ ਕੁੱਟਣਗੇ' ਆਈ ਸੀ, ਜਿਸ ਨੂੰ ਦਰਸ਼ਕਾਂ ਦਾ ਚੰਗਾ ਪਿਆਰ ਮਿਲਿਆ। ਸੁਮੀਤ ਕੰਗ ਦੀ ਨਿਰਦੇਸ਼ਨਾਂ ਹੇਠ ਬਣੀ ਇਸ ਫ਼ਿਲਮ ਵਿਚ ਦੇਵ ਖਰੋੜ ਦਾ ਵੀ ਚੰਗਾ ਕਿਰਦਾਰ ਸੀ ਪਰ ਗਾਇਕ ਸਿੱਧੂ ਮੂਸੇਵਾਲੇ ਦੇ ਅਚਾਨਕ ਕਤਲ ਕਰਕੇ ਪੈਦੇ ਹੋਏ ਹਾਲਾਤਾਂ ਨੇ ਪੰਜਾਬੀ ਦਰਸ਼ਕਾਂ ਨੂੰ ਇਸ ਫ਼ਿਲਮ ਤੋਂ ਦੂਰ ਰੱਖਿਆ। ਹੁਣ ਉਪਾਸਨਾ ਸਿੰਘ ਇੱਕ ਹੋਰ ਪੰਜਾਬੀ ਫ਼ਿਲਮ 'ਯਾਰਾਂ ਦੀਆਂ ਪੌਂਅ ਬਾਰਾਂ' ਲੈ ਕੇ ਆ ਰਹੀ ਹੈ, ਜਿਸ ਵਿਚ ਹੀਰੋ ਨਾਨਕ ਸਿੰਘ ਦੇ ਨਾਲ ਹਰਨਾਜ਼ ਕੌਰ ਸੰਧੂ ਨਜ਼ਰ ਆਵੇਗੀ। ਇਸ ਫ਼ਿਲਮ ਦਾ ਨਿਰਦੇਸ਼ਨ ਖੁਦ ਉਪਾਸਨਾ ਸਿੰਘ ਨੇ ਕੀਤਾ ਹੈ। ਬੀਤੇ ਦਿਨੀਂ ਇਸ ਫ਼ਿਲਮ ਦਾ ਟਰੇਲਰ ਰਿਲੀਜ਼ ਹੋਇਆ ਹੈ, ਜਿਸਨੂੰ ਦਰਸ਼ਕਾਂ ਦਾ ਚੰਗਾ ਪਿਆਰ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਫ਼ਿਲਮ ਪਿਆਰ, ਮੁਹੱਬਤ ਦੇ ਵਿਸ਼ਿਆ 'ਤੇ ਆਧਾਰਿਤ ਕਾਮੇਡੀ ਭਰਪੂਰ ਪਰਿਵਾਰਕ ਡਰਾਮਾ ਹੈ। ਫ਼ਿਲਮ ਵਿਚ ਜਸਵਿੰਦਰ ਭੱਲਾ ਤੇ ਉਪਾਸਨਾ ਸਿੰਘ ਦਾ ਵੱਖਰਾ ਕਾਮੇਡੀ ਟਰੈਕ ਹੈ। ਫ਼ਿਲਮ ਸਬੰਧੀ ਗੱਲ ਕਰਦਿਆਂ ਉਪਾਸਨਾ ਸਿੰਘ ਨੇ ਦੱਸਿਆ ਕਿ ਇਹ ਫ਼ਿਲਮ ਕਾਲਜ ਦਿਨਾਂ ਦੀਆਂ ਹੁਸੀਨ ਯਾਦਾਂ ਨੂੰ ਤਾਜ਼ਾ ਕਰਵਾਏਗੀ। ਇਸ ਵਿਚ ਰੁਮਾਂਸ ਵੀ ਹੈ, ਕਾਮੇਡੀ ਵੀ ਹੈ ਤੇ ਸੋਹਣਾ ਗੀਤ ਸੰਗੀਤ ਵੀ ਹੈ। ਇਸ ਤਿਕੋਣੀ ਪਿਆਰ ਕਹਾਣੀ ਵਿਚ ਨਾਨਕ ਸਿੰਘ, ਹਰਜਾਜ਼ ਕੌਰ ਸੰਧੂ ਤੇ ਸਵੇਤਾ ਸ਼ਰਮਾ ਮੁੱਖ ਭੂਮਿਕਾ ਵਿਚ ਹਨ। ਜਸਵਿੰਦਰ ਭੱਲਾ, ਸ਼ਵਿੰਦਰ ਮਾਹਲ, ਹਾਰਬੀ ਸੰਘਾ, ਗੋਪੀ ਭੱਲਾ ਆਪਣੀਆਂ ਗੱਲਾਂ ਨਾਲ ਦਰਸ਼ਕਾਂ ਨੂੰ ਹਸਾ-ਹਸਾ ਕੇ ਲੋਟਪੋਟ ਕਰਨਗੇ। ਇਹ ਇੱਕ ਪਰਿਵਾਰਕ ਕਹਾਣੀ ਹੈ।





ਸੰਤੋਸ਼ ਇੰਟਰਟੇਨਮੈਂਟ ਸਟੂਡੀਓ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿਚ ਨਾਨਕ ਸਿੰਘ, ਉਪਾਸਨਾ ਸਿੰਘ, ਹਰਨਾਜ਼ ਕੌਰ ਸੰਧੂ, ਸਵਾਤੀ ਸ਼ਰਮਾ, ਜਸਵਿੰਦਰ ਭੱਲਾ, ਸਵਿੰਦਰ ਮਾਹਲ, ਗੋਪੀ ਭੱਲਾ, ਹਾਰਬੀ ਸੰਘਾ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਗੀਤ-ਸੰਗੀਤ ਦੀ ਗੱਲ ਕਰੀਏ, ਤਾਂ ਗੁਰਮੀਤ ਸਿੰਘ ਅਤੇ ਜੇ.ਕੇ. ਦੇ ਸੰਗੀਤ ਵਿਚ ਗਿੱਪੀ ਗਰੇਵਾਲ, ਰਣਜੀਤ ਬਾਵਾ, ਨਿੰਜਾ, ਰੌਸ਼ਨ ਪ੍ਰਿੰਸ਼, ਮੰਨਤ ਨੂਰ, ਨਛੱਤਰ ਗਿੱਲ, ਕਮਲ ਖਾਂ ਅਤੇ ਅਰਵਿੰਦਰ ਸਿੰਘ ਨੇ ਪਲੇਅ ਬੈਕ ਗਾਇਆ ਹੈ। ਇਸ ਫ਼ਿਲਮ ਦੇ ਗੀਤ ਹੈਪੀ ਰਾਏਕੋਟੀ ਨੇ ਲਿਖੇ ਹਨ। ਫ਼ਿਲਮ ਦੀ ਲੇਖਿਕਾ ਤੇ ਨਿਰਦੇਸ਼ਕਾਂ ਉਪਾਸਨਾ ਸਿੰਘ ਹੈ। 30 ਮਾਰਚ ਨੂੰ ਇਹ ਫ਼ਿਲਮ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ।

# "ਖ਼ੂਬਸੂਰਤ ਤੋਹਫ਼ਾ : ਜ਼ਿੰਦਗੀ"

ਸਟੇਟ ਐਵਾਰਡੀ ਮਾਸਟਰ
ਸੰਜੀਵ ਧਰਮਾਣੀ
ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ
ਸ੍ਰੀ ਅਨੰਦਪੁਰ ਸਾਹਿਬ
94785-61356
Punjab Mail USA)



ਜੈਸੇ ਤਾਂ ਜ਼ਿੰਦਗੀ ਦੇ ਬਾਰੇ ਵਿਚ ਕੋਈ ਨਿਰਧਾਰਿਤ ਵਿਆਖਿਆ ਨਹੀਂ ਕੀਤੀ ਜਾ ਸਕਦੀ; ਕਿਉਂਕਿ ਹਰ ਇੱਕ ਬੰਦੇ ਦੀ ਨਜ਼ਰ ਵਿਚ ਜ਼ਿੰਦਗੀ ਦੀ ਅਲੱਗ-ਅਲੱਗ ਪਰਿਭਾਸ਼ਾ ਹੈ। ਪਰ ਇੱਕ ਗੱਲ ਜ਼ਰੂਰ ਹੈ ਕਿ ਸਾਡੀ ਜ਼ਿੰਦਗੀ ਪ੍ਰਮਾਤਮਾ ਦਾ ਇੱਕ ਬਹੁਤ ਹੀ ਖ਼ੂਬਸੂਰਤ ਤੋਹਫ਼ਾ ਹੈ ਅਤੇ ਅਦਭੁੱਤ ਰਚਨਾ ਹੈ। ਇਸ ਮਨੁੱਖੀ ਜੀਵਨ ਦੀ ਅਦਭੁੱਤ ਪ੍ਰਾਪਤੀ ਸਾਨੂੰ ਪਤਾ ਨਹੀਂ ਕਿਹੜੇ-ਕਿਹੜੇ ਚੰਗੇ ਕਰਮਾਂ, ਨਾਮ ਬੰਦਗੀ ਜਾਂ ਪ੍ਰਭੂ ਦੀ ਕਿਸ ਕ੍ਰਿਪਾ ਸਦਕਾ ਪ੍ਰਾਪਤ ਹੋਈ ਹੈ। ਇਸ ਲਈ ਇਸ ਜੀਵਨ ਵਿਚ ਚੰਗੇ ਕਰਮਾਂ , ਸਹੀ ਸੋਚ, ਪਰਉਪਕਾਰ ਦੇ ਕੰਮਾਂ ਅਤੇ ਪ੍ਰਮਾਤਮਾ ਦੀ ਬੰਦਗੀ ਕਰਨ ਲਈ ਸਾਨੂੰ ਤੱਤਪਰ ਰਹਿਣ ਦੀ ਲੋੜ ਹੈ। ਇਸ ਸਭ ਦੇ ਲਈ ਜ਼ਰੂਰਤ ਹੈ ਕਿ ਅਸੀਂ ਕਿਸੇ ਦੇਵੀਯ ਚਮਤਕਾਰ ਦੀ ਆਸ ਜਾਂ ਹਮੇਸ਼ਾ ਕਲਪਨਾ ਭਰੀ ਜ਼ਿੰਦਗੀ 'ਚ ਰਹਿਣ ਤੋਂ ਬਾਹਰ ਨਿਕਲੀਏ ਅਤੇ ਜ਼ਿੰਦਗੀ ਦੀ ਅਸਲੀਅਤ, ਮਿਹਨਤ, ਸੰਘਰਸ਼, ਸਿਦਕ, ਸਿਰੜ ਤੋਂ ਜਾਣੂ ਹੋ ਕੇ ਇਸ ਉੱਤੇ ਚੱਲੀਏ। ਜ਼ਿੰਦਗੀ ਨੂੰ ਸਾਰਥਕ ਬਣਾਉਣ ਲਈ ਜ਼ਰੂਰਤ ਹੈ ਕਿ ਅਸੀਂ ਬੁਰਾਈਆਂ, ਊਚ-ਨੀਚ, ਅੰਧਵਿਸ਼ਵਾਸਾਂ, ਚੋਰੀ ਚੁਗਲੀ ਆਦਿ ਕੁਕਰਮਾਂ ਤੋਂ ਆਪਣੇ ਆਪ ਨੂੰ ਬਚਾ ਕੇ ਰੱਖੀਏ ਅਤੇ ਪ੍ਰਮਾਤਮਾ 'ਤੇ ਭਰੋਸਾ ਕਰਕੇ ਮਿਹਨਤ ਦਾ ਪੱਲਾ ਫੜੀ ਰੱਖੀਏ। ਕਿਉਂਕਿ ਕਈ ਇਨਸਾਨ ਔਖੀਆਂ ਘੜੀਆਂ ਵਿਚ ਥਿੜਕ ਕੇ ਆਤਮ ਹੱਤਿਆ ਦਾ ਰਸਤਾ ਅਖ਼ਤਿਆਰ ਕਰ ਲੈਂਦੇ ਹਨ, ਜੋ ਕਿ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦਾ ਅਤੇ ਇਸ ਖ਼ੂਬਸੂਰਤ ਤੋਹਫੇ ਦਾ ਘੋਰ ਅਪਮਾਨ ਹੈ। ਸਮਾਂ ਅਤੇ ਸਥਿਤੀਆਂ ਕਦੇ ਵੀ ਕਿਸੇ ਦੀਆਂ ਇਕੋ ਜਿਹੀਆਂ ਨਹੀਂ ਰਹੀਆਂ ਤੇ ਨਾ ਹੀ ਰਹਿੰਦੀਆਂ ਹਨ, ਇਹ ਇੱਕ "ਅਟੱਲ ਸੱਚਾਈ" ਹੈ। ਹਰ ਹਨੇਰੀ ਰਾਤ ਤੋਂ ਬਾਅਦ ਖ਼ੂਬਸੂਰਤ ਦਿਨ ਦਾ ਆਗਾਜ਼ ਜ਼ਰੂਰ ਹੁੰਦਾ ਹੈ। ਕਹਿੰਦੇ ਵੀ ਹਨ ਕਿ ਪ੍ਰਮਾਤਮਾ ਜੋ ਕਰਦਾ ਹੈ, ਉਹ ਸਾਡੇ ਲਈ ਠੀਕ ਹੀ ਕਰਦਾ ਹੈ। ਇਸ ਦਾ ਪਤਾ ਸਾਨੂੰ ਕੁਝ ਦੇਰ ਬਾਅਦ ਲੱਗਦਾ ਹੈ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜੀਵਨ ਨੂੰ ਕਰਮਸ਼ੀਲ ਰੱਖੀਏ, ਮਨ ਨੂੰ ਕਿਸੇ ਚੰਗੇ ਪਾਸੇ ਲਾਈ ਰੱਖਣਾ ਅਤੇ ਸਹੀ ਤੇ ਉਸਾਰੂ ਸੋਚ ਸੋਚਣੀ ਜ਼ਿੰਦਗੀ ਜਿਊਣ ਲਈ ਬਹੁਤ ਜ਼ਰੂਰੀ ਹੈ। ਸਮਾਂ ਮਿਲੇ ਤਾਂ ਅਖ਼ਬਾਰਾਂ, ਚੰਗੀਆਂ ਪੁਸਤਕਾਂ, ਪ੍ਰੇਰਕ ਪ੍ਰਸੰਗ, ਜੀਵਨੀਆਂ ਆਦਿ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਚੰਗੇ ਦੋਸਤਾਂ ਦਾ ਸਾਥ ਰੱਖਣ ਨਾਲ ਵੀ ਜ਼ਿੰਦਗੀ ਦੀ ਉਜਾੜ ਤੇ ਬੰਜਰ ਜ਼ਮੀਨ ਵੀ ਖ਼ੁਸ਼ੀਆਂ ਖੇੜੇ ਬਿਖੇਰਨ ਲੱਗ ਪੈਂਦੀ ਹੈ। ਬਹੁਤ ਜ਼ਿਆਦਾ ਮੋਬਾਈਲ ਫੋਨਾਂ ਜਾਂ ਟੈਲੀਵਿਜ਼ਨ ਪ੍ਰੋਗਰਾਮਾਂ ਵਿਚ ਉਲਝੇ ਰਹਿਣਾ ਵੀ ਸਾਨੂੰ ਆਪਣੇ-ਆਪ ਤੇ ਆਪਣਿਆਂ ਤੋਂ ਦੂਰ ਕਰਦਾ ਹੈ। ਇਸ ਲਈ ਆਪਣੇ ਅਤੇ ਆਪਣਿਆਂ ਲਈ ਵੀ ਸਮਾਂ ਦਿਓ, ਉਨ੍ਹਾਂ ਦੀਆਂ ਭਾਵਨਾਵਾਂ ਉਮੰਗਾਂ, ਵਿਚਾਰਾਂ ਅਤੇ ਖਵਾਹਿਸ਼ਾਂ ਨੂੰ ਜਾਣੋ ਅਤੇ ਉਨ੍ਹਾਂ ਦੀ ਕਦਰ ਕਰੋ। ਜ਼ਿੰਦਗੀ ਵਿਚ ਪਰਿਵਾਰ ਦਾ ਸਾਥ, ਬੱਚਿਆਂ ਦਾ ਪਿਆਰ, ਬਜ਼ੁਰਗਾਂ ਦਾ ਸਤਿਕਾਰ ਅਤੇ ਇੱਕ ਦੂਜੇ ਦਾ ਸਹਿਯੋਗ ਜ਼ਰੂਰ ਕਰਨਾ ਤੇ ਲੈਣਾ ਚਾਹੀਦਾ ਹੈ ਤੇ ਹੈ ਵੀ ਜ਼ਰੂਰੀ। ਸਾਦਾ ਜੀਵਨ ਹੀ ਅਸਲ ਖੁਸ਼ੀ ਦਿੰਦਾ ਹੈ। ਇਸ ਲਈ ਦੁਨੀਆਂ ਦੇ ਡਰੋਂ ਜਾਂ ਝੂਠੇ ਦਿਖਾਵੇ ਤੋਂ ਅਸੀਂ ਜ਼ਿੰਦਗੀ ਵਿਚ ਜਿੰਨਾ ਬਚ ਕੇ ਰਹਾਂਗੇ, ਓਨਾ ਹੀ ਜ਼ਿਆਦਾ ਵਧੀਆ ਜੀਵਨ ਗੁਜ਼ਰ ਸਕਦਾ ਹੈ। ਜਿਸ ਨੇ ਵੀ ਬੇਲੋੜੇ ਲੋਭ-ਲਾਲਚ ਅਤੇ ਫੋਕੀ ਸ਼ੋਹਰਤ ਤੋਂ ਆਪਣੇ ਆਪ ਨੂੰ ਬਚਾ ਲਿਆ, ਉਹ ਹੀ ਵਧੀਆ ਰਿਹਾ। "ਲੋਕ ਕੀ ਕਹਿਣਗੇ" ਜਾਂ "ਲੋਕ ਕੀ ਸੋਚਣਗੇ" ਆਦਿ ਭਰਮ-ਭੁਲੇਖੇ ਬਾਰੇ ਕਦੀ ਵੀ ਵਿਚਾਰ ਨਾ ਕਰੋ। ਕਿਉਂਕਿ ਦੁਨੀਆਂ ਦੀ ਪ੍ਰਵਾਹ ਜਾਂ ਲੋਕਾਚਾਰ ਨੂੰ ਮੰਨਣ ਤੇ ਮਾਨਤਾ ਦੇਣ ਵਾਲਾ ਕਦੇ ਵੀ ਸਫ਼ਲ, ਸ਼ਾਂਤੀ ਅਤੇ ਸਕੂਨ ਵਾਲੀ ਜ਼ਿੰਦਗੀ ਬਤੀਤ ਨਹੀਂ ਕਰ ਸਕਿਆ। ਸੋ ਖੁਸ਼ੀਆਂ ਵੰਡਣ, ਦੂਜਿਆਂ ਦੇ ਦੁੱਖ ਘਟਾਉਣ ਤੇ ਵੰਡਾਉਣ, ਭਲਾ ਸੋਚਣ ਅਤੇ ਭਲਾ ਕਰਨ ਵਿਚ ਹੀ ਜ਼ਿੰਦਗੀ ਦਾ ਅਸਲ ਆਨੰਦ ਹੈ। ਜ਼ਿੰਦਗੀ ਨੂੰ ਜੀਓ, ਜੀਅ ਭਰਕੇ ਜੀਓ ਅਤੇ ਪ੍ਰਮਾਤਮਾ ਨੂੰ ਯਾਦ ਰੱਖੋ; ਕਿਉਂਕਿ ਸੱਚਮੁੱਚ ਹੀ ਜ਼ਿੰਦਗੀ ਇਕ ਖ਼ੂਬਸੂਰਤ ਅਤੇ ਅਨਮੋਲ ਤੋਹਫ਼ਾ ਹੈ ਤੇ ਇਸ ਦੇ ਹਰ ਇੱਕ ਦਿਨ ਅਤੇ ਹਰ ਇੱਕ ਪਲ ਨੂੰ ਵਿਅਰਥ ਨਾ ਗਵਾਓ।



# ਸਮਝਦਾਰੀ

## ਵਿਚਾਰਕ ਸਾਂਝ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA




ਕਈ ਦਿਨ ਦੀ ਬੱਦਲਵਾਈ ਅਤੇ ਧੁੰਦ ਨੂੰ ਚੀਰਦੇ ਹੋਏ ਸੂਰਜ ਦੇਵਤੇ ਨੇ ਦਰਸ਼ਨ ਦਿੱਤੇ, ਜੀਅ ਜੰਤ ਖੁਸ਼ੀਆਂ ਮਨਾਉਂਦੇ ਹੋਏ ਫੱਗਣ ਦੀ ਕੋਸੀ-ਕੋਸੀ ਧੁੱਪ ਦਾ ਆਨੰਦ ਮਾਣਦੇ ਹੋਏ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਦਿਖਾਈ ਦੇ ਰਹੇ ਸਨ। ਖੇਤਾਂ ਵਿਚ ਫੇਰਾ ਮਾਰ ਕੇ ਮੋਟਰ ਵਾਲੇ ਕਮਰੇ ਵਿਚੋਂ ਮੰਜਾ ਕੱਢ ਕੇ ਧੁੱਪ ਸੇਕਣ ਦੇ ਵਿਚਾਰ ਨਾਲ ਬਖਤੌਰ ਸੋਂਹ ਨੇ ਮਨ ਬਣਾਇਆ ਅਤੇ ਸੂਰਜ ਵੱਲ ਪਿੱਠ ਕਰਕੇ ਧੁੱਪ ਦੇ ਸੇਕ ਦਾ ਲੁਤਫ਼ ਲੈਣ ਲੱਗਾ। ਏਨੇ ਵਿਚ ਉਸ ਦੇ ਉੱਤੋਂ ਤੋਤਿਆਂ ਦੀ ਡਾਰ ਮਟਰਾਂ ਦੇ ਖੇਤ ਵਿਚ ਉੱਤਰਦੀ-ਉੱਤਰਦੀ ਆਪਣੇ ਲੰਬੜਦਾਰ ਤੋਤੇ ਦੇ ਹੁਕਮ ਅਨੁਸਾਰ ਫਿਰ ਉੱਚੀ ਹੋਣ ਲੱਗੀ। ਤੋਤਿਆਂ ਦੀ ਆਵਾਜ਼ ਸਾਫ ਸੁਣ-ਸੁਣ ਰਹੀ ਸੀ ਤੇ ਲੰਬੜਦਾਰ ਕਹਿ ਰਿਹਾ ਸੀ ਕਿ ਖੇਤ ਵਿਚ ਬੰਦਾ ਖੜ੍ਹਾ ਹੈ, ਇਥੇ ਉਤਾਰਾ ਨਹੀਂ ਕਰਨਾ। ਵਿਚੋਂ ਹੀ ਇੱਕ ਤੋਤੇ ਦੀ ਆਵਾਜ਼ ਆਈ, ਇਹ ਬੰਦਾ ਨਹੀਂ, ਇਹ ਨਕਲੀ ਬੰਦਾ ਬਣਾਇਆ ਜਾਪਦਾ ਹੈ। ਲੰਬੜਦਾਰ ਕੁਝ ਤਲਖੀ ਵਿਚ ਬੋਲਿਆ, ਤੈਨੂੰ ਕਿਵੇਂ ਪਤਾ? ਹੁਣ ਉਸ ਤੋਤੇ ਦੀ ਆਵਾਜ਼ ਵਿਚ ਹਲੀਮੀ ਸੀ ਤੇ ਕਹਿੰਦਾ ਮੇਰੀ ਦਿੱਲੀ ਸਰਕਾਰ ਜੀ ਧਿਆਨ ਨਾਲ ਵੇਖੋ, ਇਸ ਦੇ ਹੱਥ ਵਿਚ ਮੁਬੈਲ (ਮੋਬਾਈਲ ਫੋਨ) ਨਹੀਂ ਹੈ, ਅੱਜ ਦੇ ਜ਼ਮਾਨੇ ਵਿਚ ਕਿਹੜਾ ਇਨਸਾਨ ਹੈ, ਜਿਸ ਦੇ ਹੱਥ ਵਿਚ ਮੁਬੈਲ ਨਾ ਹੋਵੇ। ਸਾਰਿਆਂ ਨੇ ਗੱਲ ਦੀ ਹਮਾਇਤ ਵਿਚ ਟਰੈਂ-ਟਰੈਂ ਕੀਤੀ ਤੇ ਪੰਜਾਹ ਕੁ ਤੋਤਿਆਂ ਦੀ ਡਾਰ ਮਟਰਾਂ ਦੀਆਂ ਮੋਟੀਆਂ-ਮੋਟੀਆਂ ਫਲੀਆਂ ਚੂੰਡਣ ਲੱਗੀ। ਇਹ ਸਭ ਵੇਖ ਬਖਤੌਰ ਸੋਂਹ ਨੁਕਸਾਨ ਹੁੰਦਾ ਵੇਖ ਕੇ ਵੀ ਤੋਤੇ ਦੀ 'ਸਮਝਦਾਰੀ' ਉਤੋਂ ਕੁਰਬਾਨ ਜਾ ਰਿਹਾ ਸੀ ਅਤੇ ਸੋਚ ਰਿਹਾ ਸੀ ਕਿ ਇਹ ਪੰਛੀ ਵੀ ਕਿੰਨੇ ਸਮਝਦਾਰ ਹੋ ਗਏ ਹਨ। ਨਾਲ ਹੀ ਖੁਦ ਨੂੰ ਅਤੇ ਸਾਰੇ ਇਨਸਾਨਾਂ ਨੂੰ ਲਾਹਨਤਾਂ ਪਾ ਰਿਹਾ ਸੀ ਕਿ ਅਸੀਂ ਮੁਫਤ ਦੀ ਤਿੰਨ ਸੌ ਯੂਨਿਟ ਬਿਜਲੀ ਨੂੰ ਹੀ ਇਲਾਹੀ ਦਾਤ ਸਮਝ ਕੇ ਆਉਣ ਵਾਲੀਆਂ ਨਸਲਾਂ ਨੂੰ ਮੰਗਤੇ ਬਣਾ ਰਹੇ ਹਾਂ, ਜਦਕਿ ਮੁਫਤ ਦੀਆਂ ਸਕੀਮਾਂ ਸਾਡੇ ਉਤੇ ਹੀ ਕਰਜ਼ਾ ਚੜ੍ਹਾ ਕੇ ਹੀ ਦਿੱਤੀਆਂ ਜਾ ਰਹੀਆਂ ਹਨ। ਸਰਕਾਰ ਜਿਹੜੀ ਮਰਜ਼ੀ ਹੋਵੇ, ਸਾਨੂੰ ਤਾਂ ਸੁੱਕੀ ਹੱਡੀ ਵਿਚੋਂ ਸਵਾਦ ਆਪਣੇ ਲਹੂ ਦਾ ਹੀ ਆ ਰਿਹਾ ਹੁੰਦਾ ਹੈ। ਅਗਲੇ ਤਾਂ ਪੰਜ ਸਾਲ ਬਾਅਦ ਤੋਤਿਆਂ ਦੀ ਡਾਰ ਵਾਂਗ ਚੋਣਵੇਂ ਮਟਰ ਡੁੱਕ ਕੇ ਰਾਹੇ ਪੈਂਦੇ ਹਨ।



# ਜ਼ਿੰਦਗੀ ਦੀ ਖੁਸ਼ਹਾਲੀ ਅਤੇ ਅਖੰਡ ਹਨੀਮੂਨ ਦਾ ਤਿਉਹਾਰ 'ਗੰਗੌਰ'


ਪ੍ਰਿਅੰਕਾ ਸੌਰਭ
ਹਰਿਆਣਾ
ਰਾਜਨੀਤੀ ਵਿਗਿਆਨ 'ਚ ਖੋਜ ਵਿਦਵਾਨ,ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਹਰਿਆਣਾ
(ਮੋ.) 70153-75570
(Punjab Mail USA)

ਗੰਗੌਰ ਰਾਜਸਥਾਨੀ ਮਾਣ ਦਾ ਪ੍ਰਾਚੀਨ ਤਿਉਹਾਰ ਹੈ। ਹਰ ਯੁੱਗ ਵਿਚ ਕੁਆਰੀਆਂ ਕੁੜੀਆਂ ਅਤੇ ਨਵ-ਵਿਆਹੁਤਾਵਾਂ ਦਾ ਪਰ ਸਮੁੱਚੀ ਮਨੁੱਖੀ ਸੰਵੇਦਨਾ ਦਾ ਡੂੰਘਾ ਸਬੰਧ ਇਸ ਤਿਉਹਾਰ ਨਾਲ ਜੁੜਿਆ ਹੋਇਆ ਹੈ। ਭਾਵੇਂ ਇਸ ਨੂੰ ਸੱਭਿਆਚਾਰਕ ਤਿਉਹਾਰ ਵਜੋਂ ਮਾਨਤਾ ਪ੍ਰਾਪਤ ਹੈ, ਪਰ ਇਹ ਜੀਵਨ ਮੁੱਲਾਂ ਦੀ ਰੱਖਿਆ ਅਤੇ ਵਿਆਹੁਤਾ ਜੀਵਨ ਦੀ ਮਜ਼ਬੂਤੀ ਲਈ ਇੱਕ ਸਾਰਥਕ ਪ੍ਰੇਰਨਾ ਸਰੋਤ ਵੀ ਬਣ ਗਿਆ ਹੈ। ਇਹ ਤਿਉਹਾਰ ਸੱਭਿਆਚਾਰਕ, ਪਰਿਵਾਰਕ ਅਤੇ ਧਾਰਮਿਕ ਚੇਤਨਾ ਦੀ ਰੋਸ਼ਨੀ ਦੀ ਕਿਰਨ ਹੈ। ਇਹ ਸਾਡੀ ਪਰਿਵਾਰਕ ਚੇਤਨਾ ਨੂੰ ਜਗਾਉਂਦਾ ਹੈ, ਖੁਸ਼ਹਾਲੀ, ਗਤੀ, ਸਾਥ, ਸਦਭਾਵਨਾ, ਊਰਜਾ, ਸਵੈ-ਸ਼ੁੱਧੀਕਰਨ ਅਤੇ ਨਵੀਂ ਪ੍ਰੇਰਨਾ ਦਾ ਪ੍ਰਕਾਸ਼ ਜੀਵਨ ਅਤੇ ਸੰਸਾਰ ਵਿਚ ਫੈਲਦਾ ਹੈ। ਇਹ ਤਿਉਹਾਰ ਜੀਵਨ ਦੇ ਉੱਤਮ ਅਤੇ ਸ਼ੁਭ ਵਰਤ, ਸੰਕਲਪ ਅਤੇ ਵਿਚਾਰਾਂ ਨੂੰ ਅਪਣਾਉਣ ਦੀ ਪ੍ਰੇਰਨਾ ਦਿੰਦਾ ਹੈ।

ਗੰਗੌਰ ਰਾਜਸਥਾਨ ਅਤੇ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੇ ਨਿਮਾੜ, ਮਾਲਵਾ, ਬੁੰਦੇਲਖੰਡ ਅਤੇ ਬ੍ਰਜ ਖੇਤਰਾਂ ਦਾ ਇੱਕ ਤਿਉਹਾਰ ਹੈ, ਜੋ ਚੈਤਰ ਮਹੀਨੇ ਦੇ ਸ਼ੁਕਲ ਪੱਖ ਦੀ ਤ੍ਰਿਤੀਆ (ਤੀਜ) ਨੂੰ ਪੈਂਦਾ ਹੈ। ਇਸ ਦਿਨ ਅਣਵਿਆਹੀਆਂ ਕੁੜੀਆਂ ਅਤੇ ਵਿਆਹੀਆਂ ਔਰਤਾਂ ਸ਼ਿਵ (ਈਸਰ ਜੀ) ਅਤੇ ਪਾਰਵਤੀ ਜੀ (ਗੌਰੀ) ਦੀ ਪੂਜਾ ਕਰਦੀਆਂ ਹਨ। ਪੂਜਾ ਕਰਦੇ ਸਮੇਂ, ਉਹ ਡੂਬ ਤੋਂ ਪਾਣੀ ਛਿੜਕਦੇ ਹੋਏ "ਗੋਰ ਗੋਰ ਗੋਮਤੀ" ਗੀਤ ਗਾਉਂਦੀ ਹੈ। ਇਸ ਦਿਨ ਪੂਜਾ ਦੇ ਸਮੇਂ ਰੇਣੂਕਾ ਨੂੰ ਗਊ ਬਣਾ ਕੇ ਮਹਾਵਰ, ਸਿੰਦੂਰ ਅਤੇ ਚੂੜੀਆਂ ਚੜ੍ਹਾਉਣ ਦੀ ਵਿਸ਼ੇਸ਼ ਵਿਵਸਥਾ ਹੈ। ਚੰਦਨ, ਅਕਸ਼ਤ, ਧੂਪ, ਦੀਵਾ, ਨਵੇਦਿਆ ਨਾਲ ਪੂਜਾ ਕਰਨ ਉਪਰੰਤ ਭੋਗ ਚੜ੍ਹਾਇਆ ਜਾਂਦਾ ਹੈ। ਗਣ (ਸ਼ਿਵ) ਅਤੇ ਗੌਰ (ਪਾਰਵਤੀ) ਦੇ ਇਸ ਤਿਉਹਾਰ ਵਿਚ ਅਣਵਿਆਹੀਆਂ ਲੜਕੀਆਂ ਮਨਚਾਹੇ ਪਤੀ ਪ੍ਰਾਪਤ ਕਰਨ ਦੀ ਕਾਮਨਾ ਕਰਦੀਆਂ ਹਨ। ਵਿਆਹੁਤਾ ਔਰਤਾਂ ਗੰਗੌਰ ਦੀ ਪੂਜਾ ਕਰਕੇ ਅਤੇ ਚੈਤਰ ਸ਼ੁਕਲ ਤ੍ਰਿਤੀਆ 'ਤੇ ਵਰਤ ਰੱਖ ਕੇ ਆਪਣੇ ਪਤੀ ਦੀ ਲੰਬੀ ਉਮਰ ਦੀ ਕਾਮਨਾ ਕਰਦੀਆਂ ਹਨ।

ਚੈਤਰ ਕ੍ਰਿਸ਼ਨ ਪ੍ਰਤਿਪਦਾ ਤੋਂ ਲੈ ਕੇ ਚੈਤਰ ਸ਼ੁਕਲ ਤ੍ਰਿਤੀਆ ਤੱਕ, ਹੋਲਿਕਾ ਦਹਨ ਦੇ ਦੂਜੇ ਦਿਨ, 18 ਦਿਨਾਂ ਤੱਕ ਚੱਲਣ ਵਾਲਾ ਤਿਉਹਾਰ ਹੁੰਦਾ ਹੈ - ਗੰਗੌਰ। ਇਹ ਮੰਨਿਆ ਜਾਂਦਾ ਹੈ ਕਿ ਮਾਤਾ ਗਵਰਜਾ ਹੋਲੀ ਦੇ ਦੂਜੇ ਦਿਨ ਆਪਣੇ ਪਿਹਰ ਕੋਲ ਆਉਂਦੀ ਹੈ ਅਤੇ ਅਠਾਰਾਂ ਦਿਨਾਂ ਬਾਅਦ ਈਸਰ (ਭਗਵਾਨ ਸ਼ਿਵ) ਉਸਨੂੰ ਵਾਪਸ ਲੈਣ ਲਈ ਆਉਂਦੇ ਹਨ, ਉਹ ਚੈਤਰ ਸ਼ੁਕਲ ਤ੍ਰਿਤੀਆ ਨੂੰ ਵਿਦਾਇਗੀ ਦਿੰਦੇ ਹਨ। ਗੰਗੜ ਦੀ ਪੂਜਾ ਵਿਚ ਗਾਏ ਗਏ ਲੋਕ ਗੀਤ ਇਸ ਨਿਵੇਕਲੇ ਤਿਉਹਾਰ ਦੀ ਰੂਹ ਹਨ। ਇਸ ਤਿਉਹਾਰ ਵਿਚ ਗਾਵਰਜਾ ਅਤੇ ਈਸਰ ਨੂੰ ਵੱਡੀ ਭੈਣ ਅਤੇ ਭਰਜਾਈ ਦੇ ਰੂਪ ਵਿਚ ਗੀਤਾਂ ਰਾਹੀਂ ਪੂਜਿਆ ਜਾਂਦਾ ਹੈ ਅਤੇ ਉਨ੍ਹਾਂ ਗੀਤਾਂ ਤੋਂ ਬਾਅਦ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਨਾਮ ਲਏ ਜਾਂਦੇ ਹਨ। ਰਾਜਸਥਾਨ ਦੇ ਕਈ ਰਾਜਾਂ ਵਿਚ ਇੱਕ ਜ਼ਰੂਰੀ ਵਿਆਹ ਦੀ ਰਸਮ ਵਜੋਂ ਗੰਗੌਰ ਦੀ ਪੂਜਾ ਵੀ ਪ੍ਰਚਲਿਤ ਹੈ।

ਗੰਗੌਰ ਦਾ ਪਵਿੱਤਰ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਤਿਉਹਾਰ ਦੇ ਆਖਰੀ ਦਿਨ ਹਰ ਪਿੰਡ ਵਿਚ ਭੰਡਾਰਾ ਲਗਾਇਆ ਜਾਂਦਾ ਹੈ ਅਤੇ ਮਾਂ ਨੂੰ ਵਿਦਾਇਗੀ ਦਿੱਤੀ ਜਾਂਦੀ ਹੈ। ਗੰਗੌਰ ਦੀ ਪੂਜਾ ਵਿਚ ਲੜਕੀਆਂ ਅਤੇ ਔਰਤਾਂ ਆਪਣੇ ਲਈ ਅਖੰਡ ਭਲਾ, ਖੁਸ਼ਹਾਲੀ ਦੀ ਕਾਮਨਾ ਕਰਦੀਆਂ ਹਨ। ਉਨ੍ਹਾਂ ਦੇ ਸਹੁਰੇ ਅਤੇ ਗੰਗੌਰ। ਹਰ ਸਾਲ ਦੁਬਾਰਾ ਆਉਣ ਲਈ ਬੇਨਤੀਆਂ। ਇਹ ਅਕਸਰ ਕਿਹਾ ਜਾਂਦਾ ਹੈ ਕਿ ਹਿਮਾਚਲ ਦੇ ਰਾਜੇ ਦੀ ਪੁੱਤਰੀ ਗੌਰੀ ਦਾ ਵਿਆਹ ਚੈਤਰ ਸ਼ੁਕਲ ਤ੍ਰਿਤੀਆ ਨੂੰ ਭਗਵਾਨ ਸ਼ੰਕਰ ਨਾਲ ਹੋਇਆ ਸੀ। ਉਨ੍ਹਾਂ ਦੀ ਯਾਦ ਵਿਚ ਇਹ ਤਿਉਹਾਰ ਮਨਾਇਆ ਜਾਂਦਾ ਹੈ। ਕਾਮਦੇਵ ਦੀ ਪਤਨੀ ਰਤੀ ਨੇ ਤਪੱਸਿਆ ਕਰਕੇ ਭਗਵਾਨ ਸ਼ੰਕਰ ਨੂੰ ਪ੍ਰਸੰਨ ਕੀਤਾ ਅਤੇ ਆਪਣੇ ਪਤੀ ਨੂੰ ਜੀਵਨ ਦੇਣ ਦੀ ਪ੍ਰਾਰਥਨਾ ਕੀਤੀ, ਜੋ ਉਸ ਦੀ ਤੀਜੀ ਨੇਤਰ ਦੁਆਰਾ ਭਸਮ ਹੋ ਗਿਆ ਸੀ। ਰਤੀ ਦੀ ਪ੍ਰਾਰਥਨਾ ਤੋਂ ਪ੍ਰਸੰਨ ਹੋ ਕੇ ਭਗਵਾਨ ਸ਼ਿਵ ਨੇ ਕਾਮਦੇਵ ਨੂੰ ਮੁੜ ਸੁਰਜੀਤ ਕੀਤਾ ਅਤੇ ਉਸ ਨੂੰ ਵਿਸ਼ਣੂਲੋਕ ਜਾਣ ਦਾ ਵਰਦਾਨ ਦਿੱਤਾ। ਉਨ੍ਹਾਂ ਦੀ ਯਾਦ ਵਿਚ ਹਰ ਸਾਲ ਗੰਗੌਰ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਗੰਗੌਰ ਰਾਜਸਥਾਨ ਅਤੇ ਮੱਧ ਪ੍ਰਦੇਸ਼ ਦਾ ਪ੍ਰਸਿੱਧ ਲੋਕ ਨਾਚ ਹੈ। ਇਸ ਡਾਂਸ ਵਿਚ ਲੜਕੀਆਂ ਇੱਕ ਦੂਜੇ ਦਾ ਹੱਥ ਫੜ ਕੇ ਇੱਕ ਚੱਕਰ ਵਿਚ ਨੱਚਦੀਆਂ ਹਨ ਅਤੇ ਆਪਣੇ ਪਤੀ ਦੀ ਲੰਬੀ ਉਮਰ ਲਈ ਗੌਰੀ ਮਾਂ ਅੱਗੇ ਅਰਦਾਸ ਕਰਦੀਆਂ ਹਨ। ਇਸ ਨਾਚ ਦੇ ਗੀਤਾਂ ਦਾ ਵਿਸ਼ਾ ਸ਼ਿਵ-ਪਾਰਵਤੀ, ਬ੍ਰਹਮਾ-ਸਾਵਿਤਰੀ ਅਤੇ ਵਿਸ਼ਨੂੰ-ਲਕਸ਼ਮੀ ਦੀ ਉਸਤਤ ਨਾਲ ਭਰਪੂਰ ਹੈ। ਉਦੈਪੁਰ, ਜੋਧਪੁਰ, ਬੀਕਾਨੇਰ ਅਤੇ ਜੈਪੁਰ ਨੂੰ ਛੱਡ ਕੇ ਰਾਜਸਥਾਨ ਦੇ ਕਈ ਸ਼ਹਿਰਾਂ ਵਿੱਚ ਪ੍ਰਾਚੀਨ ਪ੍ਰੰਪਰਾ ਹੈ। ਗੰਗੌਰ ਨਾਚ ਮੱਧ ਪ੍ਰਦੇਸ਼ ਦੇ ਨਿਮਾਰ ਖੇਤਰ ਦਾ ਮੁੱਖ ਨਾਚ ਹੈ।

ਗੰਗੌਰ ਇੱਕ ਅਜਿਹਾ ਤਿਉਹਾਰ ਹੈ, ਜੋ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਇਸ ਵਿਚ ਪੇਂਡੂ ਜੀਵਨ ਦੇ ਯਥਾਰਥ ਦੇ ਦਰਸ਼ਨ ਹੁੰਦੇ ਹਨ। ਦੇਵੀ-ਦੇਵਤਿਆਂ ਅਤੇ ਧਾਰਮਿਕ ਮਾਨਤਾਵਾਂ ਨਾਲ ਸਬੰਧਤ ਇਹ ਤਿਉਹਾਰ ਸਾਨੂੰ ਜੀਵਨ ਦੀਆਂ ਹਕੀਕਤਾਂ ਤੋਂ ਜਾਣੂ ਕਰਵਾਉਂਦੇ ਹਨ। ਗੰਗੌਰ ਦਾ ਤਿਉਹਾਰ ਅਜਿਹੇ ਸਮੇਂ ਆਉਂਦਾ ਹੈ, ਜਦੋਂ ਫਸਲਾਂ ਦੀ ਵਾਢੀ ਹੋ ਚੁੱਕੀ ਹੁੰਦੀ ਹੈ। ਕਿਸਾਨ ਵਰਗ ਵਿਹਲਾ ਹੈ। ਆਰਥਿਕ ਪੱਖੋਂ ਵੀ ਹੱਥ ਮਜ਼ਬੂਤ ਹੈ। ਅਜਿਹੇ 'ਚ ਮਾਹੌਲ ਹੋਰ ਖੁਸ਼ਗਵਾਰ ਹੋ ਜਾਂਦਾ ਹੈ।

ਲੋਕਾਂ ਦਾ ਧਾਰਮਿਕ ਵਿਸ਼ਵਾਸ ਵੀ ਮਜ਼ਬੂਤ ਹੁੰਦਾ ਹੈ। ਜ਼ਿੰਦਗੀ ਦੁੱਗਣੇ ਜੋਸ਼ ਨਾਲ ਚੱਲਣ ਲੱਗਦੀ ਹੈ। ਇੱਕ ਨਵੀਂ ਊਰਜਾ ਪੈਦਾ ਹੁੰਦੀ ਹੈ। ਇੱਕ ਹੋਰ ਖਾਸ ਗੱਲ ਇਹ ਹੈ ਕਿ ਧਰਮ ਰਾਹੀਂ, ਮਿੱਠੇ ਗੀਤਾਂ ਰਾਹੀਂ ਧੀਆਂ ਨੂੰ ਜੀਵਨ ਜਿਊਣ ਦੀ ਸਹੀ ਸਿੱਖਿਆ ਮਿਲਦੀ ਹੈ। ਉਹ ਵੀ ਬਿਨਾਂ ਕੁਝ ਕਹੇ। ਕਿਉਂਕਿ ਧੀਆਂ ਇਹ ਸਭ ਦੇਖ ਅਤੇ ਸੁਣਦੀਆਂ ਹਨ ਅਤੇ ਆਪਣੇ ਆਪ ਨੂੰ ਉਸੇ ਰੰਗ ਵਿਚ ਢਾਲਣ ਲੱਗਦੀਆਂ ਹਨ। ਹਰ ਮਾਂ-ਬਾਪ ਚਾਹੁੰਦਾ ਹੈ ਕਿ ਉਨ੍ਹਾਂ ਦੀਆਂ ਧੀਆਂ ਨੂੰ ਚੰਗਾ ਘਰ, ਪਰਿਵਾਰ ਮਿਲੇ ਅਤੇ ਉਹ ਖੁਸ਼ ਰਹਿਣ।

ਨੱਚਣਾ ਅਤੇ ਗਾਉਣਾ ਇਸ ਤਿਉਹਾਰ ਦਾ ਮੁੱਖ ਹਿੱਸਾ ਹਨ। ਘਰਾਂ ਦੇ ਵਿਹੜਿਆਂ ਵਿਚ ਸਲੇਡਾ ਆਦਿ ਨਾਚ ਬਹੁਤ ਹੁੰਦਾ ਹੈ। ਜਿਹੜੇ ਲੋਕ ਵਿਦੇਸ਼ ਗਏ ਹਨ, ਉਹ ਇਸ ਤਿਉਹਾਰ 'ਤੇ ਘਰ ਪਰਤਦੇ ਹਨ। ਜਿਹੜੇ ਨਹੀਂ ਆਉਂਦੇ, ਉਨ੍ਹਾਂ ਦੀ ਬੇਸਬਰੀ ਨਾਲ ਉਡੀਕ ਹੁੰਦੀ ਹੈ। ਉਮੀਦ ਹੈ ਕਿ ਉਹ ਗੰਗੌਰ ਦੀ ਰਾਤ ਨੂੰ ਜ਼ਰੂਰ ਆਉਣਗੇ। ਔਰਤਾਂ ਕੋਲ ਤੰਗੀ, ਅਣਖ ਅਤੇ ਆਸ ਭਰੀ ਉਡੀਕ ਦੇ ਮਿੱਠੇ ਦਰਦ ਨੂੰ ਬਿਆਨ ਕਰਨ ਲਈ ਆਪਣੇ ਗੀਤ ਹੀ ਹੁੰਦੇ ਹਨ। ਇਹ ਗੀਤ ਉਸ ਦੀ ਮਾਨਸਿਕ ਅਵਸਥਾ ਦੀਆਂ ਬੋਲਦੀਆਂ ਤਸਵੀਰਾਂ ਹਨ।

ਗੌਰ ਗੌਰ ਗੋਮਤੀ
ਗੌਰ ਗੌਰ ਗੋਮਤੀ ਈਸਰ ਪਾਰਵਤੀ ਦੀ ਪੂਜਾ ਕਰਦੇ ਹਨ
ਪਾਰਵਤੀ ਦਾ ਨੀਚ-ਗਿੱਲਾ, ਗੌਰ ਦਾ ਸੋਨੇ ਦਾ ਟਿੱਕਾ
ਟਿਕਾ ਦੇ, ਟਮਕਾ ਦੇ, ਬਾਲਾ ਰਾਣੀ ਬ੍ਰਤ ਕਰਿਓ
ਉਮੀਦ ਕਰਦੇ ਰਹੋ ਆਉ ਆਓ
ਖਰੇ ਖੰਡੇ ਲੱਡੂ ਆਯੋ, ਲੱਡੂ ਲੈ ਬੀਰਾ ਨੇ ਦੀਓ
ਬੀਰੋ ਲੇ, ਮੈਂ ਤੈਨੂੰ ਬੇੜਾ ਦਿੱਤਾ, ਮੈਂ ਬੇੜੀ ਸੰਭਾਲਦਾ ਹਾਂ
ਸੁਨ ਮਨ ਸੋਲਾ, ਸਾਤ ਕਚੌਲਾ, ਈਸ਼ਵਰ ਗੌਰਾ ਦਾਨੁ ਜੋਦਾ
ਜੋੜ ਜਵਾਰਾ, ਕਣਕ ਗਯਾਰਾ, ਰਣ ਪੂਜਾ ਰਾਜ ਨੇ, ਮੇਰੀ ਪੂਜਾ ਸੁਹਾਗ ਨੇ
ਰਾਣੀ ਦਾ ਰਾਜ ਵਧੇ, ਸ਼ਹਿਦ ਵਧੇ,
ਕੀਟ, ਕੀਟ, ਕੀੜੇ, ਕੀੜੇ ਥਰੀ ਕੈਸਟ, ਗੁਜਰਾਤ ਕੈਸਟ,
ਗੁਜਰਾਤੀਆਂ ਨੂੰ ਪਾਣੀ ਦਿਓ, ਥੰਬਾ ਤਾਣੀ ਦਿਓ
ਤਾਣੀ ਵਿਚ ਸਿੰਘੋਦਾ, ਬਾਰੀ ਵਿਚ ਭਿਜੋਦਾ
ਮੇਰੇ ਭਰਾ ਐਮਲਿਓ ਖੇਮਲੋ, ਸੇਮਲੀਓ ਸਿੰਘਦਾ ਲਾਇਓ
ਲੱਡੂ ਲਯੋ, ਪੇਡਾ ਲਯੋ ਸੇਵ ਲਯੋ, ਸਿੰਘਦਾ ਲਯੋ
ਝੜ ਝਰਤੀ ਜਲੇਬੀ ਲਯੋ, ਹਰਿ-ਹਰਿ ਦੂਬ ਲਯੋ ਗੰਗੌਰ ਪੂਜਾ ਲਯੋ।
ਅੰਤ ਵਿਚ ਇਸ ਤਰ੍ਹਾਂ ਸੋਲ੍ਹਾਂ ਵਾਰ ਕਹੋ: ਇੱਕ-ਲੋ, ਦੋ-ਲੋ.......ਸੋਲ੍ਹਾਂ-ਲੋ।

ਗੰਗੌਰ ਦਾ ਤਿਉਹਾਰ ਦੁੱਖਾਂ ਨੂੰ ਦੂਰ ਕਰਨ ਅਤੇ ਭੌਤਿਕ ਅਤੇ ਪਦਾਰਥਵਾਦੀ ਭੱਜ-ਦੌੜ ਦੇ ਸੰਸਾਰ ਵਿਚ ਖੁਸ਼ੀਆਂ ਪੈਦਾ ਕਰਨ ਦੀ ਪ੍ਰੇਰਨਾ ਹੈ। ਇਹ ਤਿਉਹਾਰ ਵਿਆਹੁਤਾ ਜੀਵਨ ਦੀ ਜ਼ਿੰਮੇਵਾਰੀ ਦੀ ਚੇਤਨਾ ਦਾ ਸੁਨੇਹਾ ਹੈ। ਇਸ ਵਿਚ ਔਰਤਾਂ ਦੀਆਂ ਅਣਗਿਣਤ ਜ਼ਿੰਮੇਵਾਰੀਆਂ ਦੇ ਧਾਗੇ ਆਪਸ ਵਿਚ ਜੁੜੇ ਹੋਏ ਹਨ। ਇਹ ਤਿਉਹਾਰ ਉਨ੍ਹਾਂ ਚੌਰਾਹੇ ਦੀ ਰਾਖੀ ਕਰਦਾ ਹੈ, ਜਿੱਥੋਂ ਜੀਵਨ ਦੇ ਆਦਰਸ਼ਾਂ ਤੋਂ ਭਟਕਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ, ਇਹ ਉਨ੍ਹਾਂ ਅਕਾਂਖਿਆਵਾਂ ਨੂੰ ਸੰਭਾਲਦਾ ਹੈ, ਜਿਨ੍ਹਾਂ ਦੀ ਗਤੀ ਬਹੁਤ ਤੇਜ਼ ਹੈ ਪਰ ਜੋ ਬਿਨਾਂ ਕਿਸੇ ਉਦੇਸ਼ ਦੇ ਜੰਗਲੀ ਢੰਗ ਨਾਲ ਚੱਲਦੀਆਂ ਹਨ। ਇਹ ਤਿਉਹਾਰ ਔਰਤਾਂ ਨੂੰ ਸ਼ਕਤੀਸ਼ਾਲੀ ਅਤੇ ਸੰਸਕ੍ਰਿਤ ਬਣਾਉਣ ਦਾ ਇੱਕ ਵਿਲੱਖਣ ਮਾਧਿਅਮ ਹੈ। ਨਿੱਜੀ ਹਿੱਤਾਂ ਨੂੰ ਪਾਸੇ ਰੱਖ ਕੇ ਦੂਜਿਆਂ ਦੇ ਦੁੱਖ-ਸੁੱਖ ਸਾਂਝੇ ਕਰਨ ਦੀ ਬਿਰਤੀ ਦਾ ਸੰਦੇਸ਼ ਹੈ। ਗੰਗੌਰ ਸਾਰੀਆਂ ਮਨੁੱਖੀ ਸੰਵੇਦਨਾਵਾਂ ਨੂੰ ਪਿਆਰ ਅਤੇ ਏਕਤਾ ਵਿਚ ਬੰਨ੍ਹਣ ਦਾ ਧਾਗਾ ਹੈ। ਇਸ ਲਈ ਗੰਗੌਰ ਦਾ ਮੁੱਲ ਸਿਰਫ਼ ਔਰਤਾਂ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਸਾਰੇ ਮਨੁੱਖਾਂ ਦੇ ਦਿਲਾਂ ਤੱਕ ਪਹੁੰਚਣਾ ਚਾਹੀਦਾ ਹੈ, ਤਾਂ ਹੀ ਇਸ ਤਿਉਹਾਰ ਨੂੰ ਮਨਾਉਣ ਦਾ ਅਰਥ ਹੈ।

# ਆਖਰੀ ਗੁਫ਼ਤਗੂ-ਇੱਕ ਟੀਸ


ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
98889-40211
(Punjab Mail USA)




ਆਰਥਿਕ ਪੱਖੋਂ, ਜਾਤ-ਪਾਤ ਤੇ ਪੜ੍ਹਾਈ-ਲਿਖਾਈ ਦੀ ਸਮਾਨਤਾ ਦੇ ਬਾਵਜੂਦ ਕੁਝ ਅਖੌਤੀ ਰਿਸ਼ਤੇਦਾਰਾਂ, ਮਾਪਿਆਂ ਅਤੇ ਸਮਾਜ ਨੇ ਕੰਵਰ ਤੇ ਪ੍ਰੀਤ ਦੇ ਸੱਚੇ ਤੇ ਰੂਹਾਨੀ ਇਸ਼ਕ ਨੂੰ ਪ੍ਰਵਾਨ ਨਹੀਂ ਕੀਤਾ। ਕਈ ਦਿਨਾਂ ਤੀਕਰ ਕੰਵਰ ਦੇ ਘਰ ਸ਼ੀਤ ਯੁੱਧ ਚੱਲਦਾ ਰਿਹਾ ਪਰ ਉਸਦੇ ਘਰਦੇ ਆਪਣੇ ਫੈਸਲੇ 'ਤੇ ਬਜ਼ਿੱਦ ਸਨ। ਜਬਰੀ ਤੇ ਜਜ਼ਬਾਤੀ ਤਸੀਹਿਆਂ ਨੇ ਕੰਵਰ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ। ਲੱਖ-ਕਰੋੜ ਹੀਲੇ ਵਰਤਣ ਦੇ ਬਾਵਜੂਦ ਵੀ ਮੁਹੱਬਤ ਪ੍ਰਵਾਨ ਨਾ ਚੜ੍ਹਦੀ ਦੇਖ ਕੰਵਰ ਨੇ ਆਖਰ ਆਪਣੇ ਦਿਲ 'ਤੇ ਪੱਥਰ ਰੱਖ ਲਿਆ। ਪ੍ਰੀਤ ਨੂੰ ਆਪਣੀ ਜ਼ਿੰਦਗੀ 'ਚੋਂ ਸਦਾ ਲਈ ਦੂਰ ਕਰਨ ਲਈ ਕੰਵਰ ਨੇ ਉਸਨੂੰ ਉਹੀ ਥਾਂ 'ਤੇ ਅਖੀਰਲੀ ਵਾਰ ਮਿਲਣ ਲਈ ਬੁਲਾਇਆ, ਜਿੱਥੋਂ ਉਨ੍ਹਾਂ ਦੇ ਪਿਆਰ ਦੀ ਸ਼ੁਰੂਆਤ ਹੋਈ ਸੀ।

ਪਿਛਲੇ 5-6 ਸਾਲਾਂ ਦੌਰਾਨ ਜਦੋਂ ਵੀ ਪ੍ਰੀਤ ਨੂੰ ਮਿਲਣ ਨੂੰ ਬੁਲਾਇਆ, ਉਹ ਅੱਧੇ ਬੋਲ 'ਤੇ ਭੱਜੀ ਆਉਂਦੀ ਸੀ। ਹਰ ਵਾਰ ਵਾਂਗ ਅੱਜ ਵੀ ਉਹ ਇੱਕ ਫੋਨ ਕਾਲ 'ਤੇ ਸਾਹਮਣਿਓਂ ਮੁਸਕਰਾਹਟਾਂ ਬਖੇਰਦੀ ਹੋਈ ਕੰਵਰ ਵੱਲ ਆ ਰਹੀ ਸੀ। ਉਸਨੇ ਫਿੱਕੇ ਗੁਲਾਬੀ ਰੰਗ ਦੇ ਸੂਟ ਦੇ ਉੱਤੋਂ ਗੂੜ੍ਹੇ ਬ੍ਰਾਊਨ ਰੰਗ ਦੀ ਜੈਕਟ ਪਾਈ ਹੋਈ ਸੀ। ਆਪਣੀ ਆਦਤ ਮੁਤਾਬਿਕ ਖੱਬੇ ਹੱਥ ਦੀ ਉਂਗਲ 'ਚ ਆਪਣੇ ਸਕੂਟਰ ਦੀ ਚਾਬੀ ਘੁੰਮਾਉਂਦੀ ਤੇ ਦੂਜੇ ਹੱਥ ਨਾਲ ਮੱਥੇ 'ਤੇ ਡਿੱਗੀਆਂ ਜ਼ੁਲਫਾਂ ਨੂੰ ਸੰਵਾਰਦੀ ਹੋਈ ਨੇ ਕੋਲ ਆਉਂਦਿਆਂ ਹੀ ਮੁੰਡਿਆਂ ਵਾਂਗਰ ਆਪਣੀਆਂ ਅੱਖਾਂ ਦੇ ਭਰਵੱਟੇ ਉਤਾਂਹ ਚੁੱਕ ਕੇ ਕੰਵਰ ਦਾ ਹਾਲ-ਚਾਲ ਪੁੱਛਿਆ ਸੀ। ਅੱਗੋਂ ਉਖੜੇ ਜਿਹੇ ਕੰਵਰ ਨੇ ਰਸਮੀ ਜਿਹਾ ਜਵਾਬ ਦਿੱਤਾ ਸੀ। ਚਹਿਕਦੀ ਹੋਈ ਪ੍ਰੀਤ ਕਹਿੰਦੀ, 'ਐਡੀ ਵੀ ਕੀ ਐਮਰਜੈਂਸੀ ਸੀ, ਪਤਾ ਵੀ ਹੈ ਟੈਸਟ ਸੀ ਮੇਰਾ ਅੱਜ ਕਾਲਜ 'ਚ, ਵਿੱਚੇ ਛੱਡ ਕੇ ਆਈ ਹਾਂ'। ਕੰਵਰ ਨੇ ਨਕਲੀ ਜਿਹੀ ਮੁਸਕਰਾਹਟ ਨਾਲ ਸਿਰਫ ਧੰਨਵਾਦ ਹੀ ਕਿਹਾ। ਹੈਰਾਨਗੀ ਜਿਹੀ 'ਚ ਅੱਖਾਂ ਮਟਕੇ ਕੇ ਪੁੱਛਣ ਲੱਗੀ, 'ਅੱਜ ਤਬੀਅਤ ਠੀਕ ਨਹੀਂ ਲੱਗਦੀ ਜਨਾਬ ਦੀ, ਦੇਖਿਓ ਕਿਤੇ ਕੋਈ ਹੋਰ ਤਾਂ ਨਹੀਂ ਲੱਭ ਲਈ, ਨਾਲੇ ਐਡੀਆਂ ਕਾਹਲੀਆਂ ਨਾ ਕਰਿਆ ਕਰੋ ਯਾਰ, ਸਾਨੂੰ ਹੋਰ ਵੀ ਕੰਮ ਹੁੰਦੇ ਨੇ'। 'ਹੁਣ ਆਪਾਂ ਸੀਰੀਅਸਲੀ ਗੱਲ ਕਰ ਲਈਏ ਜਿਸ ਲਈ ਮੈਂ ਬੁਲਾਇਆ', ਕੰਵਰ ਨੇ ਕਿਹਾ। 'ਹਾਏ ਓ ਰੱਬਾ, ਇੱਕ ਤਾਂ ਸੀਰੀਅਸ ਹੋਣਾ ਛੱਡ ਦਿਓ ਪਲੀਜ਼। ਨਾਲੇ ਮੇਰੀ ਗੱਲ ਸੁਣੋ, ਪਤੈ ਮੰਮੀ ਪੁੱਛਦੇ ਸੀ ਕਿ ਤੂੰ ਇਹ ਕੋਕਾ ਕਿੱਥੋਂ ਲਿਆਂਦੈ, ਤੂੰ ਤਾਂ ਕਦੀ ਨਾ ਕੰਨ ਬੰਨਾਏ, ਨਾ ਨੱਕ। ਚੱਲ ਛੱਡੋ, ਹੁਣ ਦੱਸੋ ਸੁੱਕੇ ਖੂਹ ਕੋਲ ਹੀ ਖੜ੍ਹਾ ਕੇ ਰੱਖਣਾ ਕਿ ਕੁਝ ਚਾਹ ਪਾਣੀ ਵੀ ਪੁੱਛੋਂਗੇ ਮੈਨੂੰ। ਇੰਨੀ ਧੁੰਦ ਪੈ ਰਹੀ ਹੈ ਰਸਤੇ 'ਚ, ਆਪ ਤਾਂ ਇਥੋਂ ਉੱਠ ਕੇ ਆ ਗਏ'।

ਅੱਧਾ ਪੌਣਾ ਘੰਟਾ ਤਾਂ ਏਦਾਂ ਹੀ ਨਖ਼ਰੇ ਨਿਹੋਰੇ ਕਰਦੇ ਲੰਘ ਗਿਆ। ਫਿਰ ਅਚਾਨਕ ਉਹ ਕਹਿੰਦੀ, 'ਅੱਛਾ ਸੱਚ ਦੱਸਿਓ ਕਿ ਸੱਚੀਂ ਹੀ ਬੁੱਧੂ ਜਿਹੇ ਹੋ ਕਿ ਮੈਨੂੰ ਬੁੱਧੂ ਬਣਾਈ ਜਾਂਦੇ ਓ ਇੰਨੇ ਸਾਲਾਂ ਦੇ'। ਕੰਵਰ ਨੇ ਪੁੱਛਿਆ 'ਕਿਉਂ'? 'ਕਿਉਂ ਕੀ, ਜੱਟੀ ਨੇ ਮਨਾ ਲਏ ਨਾ ਆਪਣੇ ਘਰ ਦੇ। ਤੁਸੀਂ ਪਤਾ ਨਹੀਂ ਕਦੋਂ ਗੱਲ ਕਰਨੀ ਆਪਣੇ ਪੇਰੈਂਟਸ ਨਾਲ, ਮੈਨੂੰ ਲੱਗਦਾ ਨਹੀਂ ਕਿ ਗੱਲ ਕਰੋਂਗੇ ਤੁਸੀਂ, ਫੁਕਰੀਆਂ ਮਾਰਨ ਜੋਗੇ ਹੀ ਓਂ'। ਤੁਰਦੇ-ਤੁਰਦੇ ਉਹ ਦੋਵੇਂ ਉਸੇ ਖੰਡਰ ਕੋਲ ਚਲੇ ਗਏ, ਜਿੱਥੇ ਕਈ ਥਾਵਾਂ 'ਤੇ ਉਨ੍ਹਾਂ ਦੋਵਾਂ ਦੇ ਨਾਂ ਉੱਕਰੇ ਹੋਏ ਸਨ। ਫਿਰ ਪ੍ਰੀਤ ਬੋਲੀ, 'ਅੱਛਾ ਹੁਣ ਸਮਝ ਲੱਗੀ ਐ ਮੈਨੂੰ ਕਿ ਕਾਹਦੇ ਲਈ ਬੁਲਾਇਐ। ਮੇਰੀ ਗੱਲ ਸੁਣੋ ਹੋਰ ਨਾਮ ਨਹੀਂ ਲਿਖਣੇ ਇੱਥੇ ਹੁਣ, ਪਤਾ ਨਹੀਂ ਕੌਣ-ਕੌਣ ਆਉਂਦੈ ਇੱਥੇ, ਤੁਹਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਛੁੱਟੀਆਂ ਕੱਟ ਕੇ ਚਲੇ ਜਾਣੈ ਵਾਪਸ, ਪਰ ਮੈਨੂੰ ਪਤੈ ਕਿੰਨੇ ਜੁਆਬ ਦੇਣੇ ਪੈਂਦੇ ਨੇ'।

ਕੰਵਰ ਨੀਝ ਨਾਲ ਪ੍ਰੀਤ ਦੀਆਂ ਝੀਲ ਵਰਗੀਆਂ ਡੂੰਘੀਆਂ ਅੱਖਾਂ ਨੂੰ ਨਿਹਾਰਦਾ ਰਿਹਾ, ਜਦੋਂ ਤੱਕ ਉਸ ਨੇ ਝੁੰਜਲਾਹਟ ਜਿਹੀ 'ਚ ਨੀਵੀਂ ਨਾ ਪਾ ਲਈ। ਉਸ ਦੇ ਗੁਲਾਬੀ ਚਿਹਰੇ ਦਾ ਰੰਗ ਲਾਲ ਸੁਰਖ ਹੋ ਗਿਆ। ਕਹਿੰਦੀ, 'ਏਦਾਂ ਕਿਉਂ ਦੇਖਦੇ ਓ ਮੈਨੂੰ, ਪਹਿਲਾਂ ਕਦੇ ਦੇਖਿਆ ਨਹੀਂ ਕੀ'? ਜਜ਼ਬਾਤਾਂ ਦੇ ਪੂਰੇ ਰੌਅ 'ਚ ਵਹਿੰਦੀਆਂ ਕੰਵਰ ਨੇ ਕਿਹਾ, 'ਦੇਖ ਲੈਣ ਦੇ ਅੱਜ ਜੀਅ ਭਰਕੇ ਯਾਰ, ਸ਼ਾਇਦ ਅੱਜ ਤੋਂ ਬਾਅਦ ਮੈਂ ਤੈਨੂੰ ਕਦੇ ਨਾ ਦੇਖ ਸਕਾਂ। ਸ਼ਾਇਦ, ਸ਼ਾਇਦ ਨਹੀਂ, ਸੱਚਮੁੱਚ ਆਪਾਂ ਅੱਜ ਆਖਰੀ ਵਾਰ ਮਿਲ ਰਹੇ ਹਾਂ ਪ੍ਰੀਤ'। ਕੰਵਰ ਨੂੰ ਚਿੜ੍ਹਾਉਂਦੀ ਹੋਈ ਪ੍ਰੀਤ ਕਹਿਣ ਲੱਗੀ, 'ਆਹੋ, ਆਖ਼ਰੀ ਵਾਰ ਮਿਲ ਰਹੇ ਆਂ ਪ੍ਰੀਤ.., ਥੋਨੂੰ ਪਤੈ ਨਾ ਮੈਨੂੰ ਇਹ ਗੱਲ ਮਜ਼ਾਕ 'ਚ ਵੀ ਭੋਰਾ ਪਸੰਦ ਨਹੀਂ'। ਕੰਵਰ ਨੇ ਉਦਾਸੀ ਭਰੇ ਲਹਿਜ਼ੇ ਨਾਲ ਕਿਹਾ, 'ਦੇਖ ਪ੍ਰੀਤ, ਹਰ ਹੀਲਾ ਵਰਤਿਆ ਤੈਨੂੰ ਪਾਉਣ ਦਾ, ਪਰ ਰੱਬ ਨੇ ਨਸੀਬਾਂ 'ਚ ਆਪਣਾ ਮੇਲ ਨਹੀਂ ਲਿਖਿਆ। ਮੇਰੇ ਘਰਦਿਆਂ ਨੇ ਅਗਲੇ ਮਹੀਨੇ ਮੇਰਾ ਵਿਆਹ ਕਰ ਦੇਣੈ, ਬਸ ਤੂੰ ਮੈਨੂੰ .... ਮੁਆਫ ਕਰ ਦੇਵੀਂ, ਜੇ ਹੋ ਸਕਿਆ ਤਾਂ'। ਕਾਰਨ ਪੁੱਛਣ 'ਤੇ ਕੰਵਰ ਨੇ ਮਨ ਕੈੜਾ ਕਰਦਿਆਂ ਇੱਕੋ ਸਾਹੇ ਸਾਰੀ ਗੱਲ ਦੱਸਦਿਆਂ ਕਿਹਾ, 'ਪਤਾ ਨਹੀਂ ਕਿਉਂ, ਮੈਨੂੰ ਕੁਝ ਸਮਝ ਨਹੀਂ ਆ ਰਿਹਾ, ਪਰ ਅੱਜ ਤੋਂ ਬਾਅਦ ਸਭ ਕੁਝ ਕਿਸੇ ਸੁਪਨੇ ਵਾਂਗ ਭੁੱਲ ਜਾਵੀਂ, ਸ਼ਾਇਦ ਤੇਰੀ ਬੇਬਾਕੀ ਪਸੰਦ ਨਹੀਂ ਉਨ੍ਹਾਂ ਨੂੰ..., ਬਸ ਤੂੰ ਮੈਨੂੰ ਭੁੱਲ ਜਾਵੀਂ ਯਾਰ। ਅੱਜ ਤੋਂ ਬਾਅਦ ਮੈਂ ਤੈਨੂੰ ਕਿਧਰੇ ਨਜ਼ਰ ਨਹੀਂ ਆਉਣਾ। ਸਮਝ ਲਵੀਂ ਕਿ ਇਹ ਇੱਕ ਅਧੂਰਾ ਖਵਾਬ ਸੀ। ਭਾਵੇਂ ਮੈਂ ਹਰ ਕੋਸ਼ਿਸ਼ ਕੀਤੀ ਪਰ ਤਾਂ ਵੀ ਮੈਂ ਤੇਰਾ ਗੁਨਾਹਗਾਰ ਹਾਂ ਪ੍ਰੀਤ। ਇੰਨਾ ਵਾਅਦਾ ਮੇਰਾ ਕਿ ਆਖਰੀ ਸਾਹ ਤੱਕ ਤੂੰ ਮੇਰੇ ਅੰਗ ਸੰਗ ਰਹੇਂਗੀ। ਚੰਗਾ, ਅਲਵਿਦਾ!'

ਪ੍ਰੀਤ ਨੇ ਪਿੱਛੇ ਮੁੜਨ ਲੱਗੇ ਕੰਵਰ ਦਾ ਹੱਥ ਇੰਨੇ ਜ਼ੋਰ ਨਾਲ ਫੜਿਆ ਕਿ ਉਹ ਚਾਹ ਕੇ ਵੀ ਛੁੜਾ ਨਾ ਸਕਿਆ। ਆਪਣੀਆਂ ਭਿੱਜੀਆਂ ਅੱਖਾਂ ਕੰਵਰ 'ਤੇ ਟਿਕਾ ਦਿੱਤੀਆਂ ਤੇ ਵਾਸਤਾ ਜਿਹਾ ਪਾ ਕੇ ਪੁੱਛਣ ਲੱਗੀ ਕਿ ਦੱਸੋ ਮੇਰੀਆਂ ਅੱਖਾਂ 'ਚ ਕਿਤੇ ਪਿਆਰ ਦੀ ਘਾਟ ਨਜ਼ਰ ਆ ਰਹੀ ਹੈ ਤੁਹਾਨੂੰ। ਉਹੀ ਝੀਲ ਵਰਗੀਆਂ ਅੱਖਾਂ 'ਚੋਂ ਹੰਝੂਆਂ ਦੀ ਐਸੀ ਝੜੀ ਲੱਗੀ ਕਿ ਸਵੇਰ ਤੋਂ ਦੁਪਹਿਰ ਹੋ ਗਈ, ਪਰ ਪ੍ਰੀਤ ਚੁੱਪ ਨਾ ਹੋਈ। ਸਮੇਂ ਦਾ ਉਹ ਮੰਜ਼ਰ ਇਸ ਤਰ੍ਹਾਂ ਲੱਗਦਾ ਸੀ ਜਿੱਦਾਂ ਵਕਤ ਦੀਆਂ ਸੂਈਆਂ ਰੁੱਕ ਗਈਆਂ ਹੋਣ। ਕੰਵਰ ਦੀ ਛਾਤੀ 'ਤੇ ਮੁੱਕੀਆਂ ਮਾਰ-ਮਾਰ ਕਮੀਜ਼ ਦਾ ਬਟਨ ਤੋੜ ਦਿੱਤਾ ਸੀ। ਰੋਂਦੀ-ਰੋਂਦੀ ਕਹਿੰਦੀ, 'ਬਸ ਸਿਰਫ਼ ਇੰਨਾ ਕਹਿ ਦੋ ਕਿ ਤੁਸੀਂ ਮੇਰੇ ਨਾਲ ਹੋ। ਮੈਂ ਆਪੇ ਤੁਹਾਡੇ ਘਰਦਿਆਂ ਨੂੰ ਮਨਾ ਲਊਂ, ਮੈਂ ਸਾਰੀ ਦੁਨੀਆਂ ਨਾਲ ਲੜਲੂੰ, ਬਸ ਤੁਸੀਂ ਮੇਰੇ ਨਾਲ ਓ, ਦੱਸੋ ਨਾ ਪਲੀਜ਼ ਯਾਰ, ਮੈਨੂੰ ਸਮਝ ਨਹੀਂ ਆ ਰਹੀ ਕਿ ਆਖਰ ਗੱਲ ਕੀ ਹੋ ਗਈ, ਹੈਗੇ ਓ ਨਾ ਮੇਰੇ ਨਾਲ ਤੁਸੀਂ'? ਉਸ ਦੀਆਂ ਉਹ ਉਮੀਦ ਤੇ ਹਸਰਤ ਭਰੀਆਂ ਅੱਖੀਆਂ ਨੂੰ ਮਜਬੂਰੀ ਵੱਸ ਨਾ-ਉਮੀਦ ਕਰ ਕੰਵਰ ਉਸ ਦੀ ਜ਼ਿੰਦਗੀ ਤੋਂ ਹਮੇਸ਼ਾਂ ਲਈ ਰੁਖਸਤ ਹੋ ਗਿਆ। ਉਸ ਦਿਨ ਤੋਂ ਬਾਅਦ ਪ੍ਰੀਤ ਕਦੇ ਵੀ ਉਸਨੂੰ ਨਾ ਮਿਲੀ ਅਤੇ ਨਾ ਹੀ ਕੰਵਰ ਕਦੇ ਪਹਿਲੀ ਤੇ ਅਖੀਰੀ ਮੁਲਾਕਾਤ ਵਾਲੀ ਉਹ ਜੂਹ ਟੱਪ ਸਕਿਆ।

## ਭਗਤ ਸਿੰਘ ਨੂੰ

ਮੈਂ ਸ਼ਹੀਦਾ ਪੇਸ਼ ਤੈਨੂੰ ਕੀ ਕਰਾਂ ?
ਭੁੱਖ ਨੰਗ ਨੇ ਖਾ ਲਿਆ ਮੇਰਾ ਗਰਾਂ।
ਤੂੰ ਜੀਵਨ ਨੂੰ ਤਾੜੇ ਵਾਂਗੂੰ ਪਿੰਜ ਕੇ,
ਨਾਲ ਖ਼ੂਨ ਦੇ ਚੱਪਾ-ਚੱਪਾ ਸਿੰਜ ਕੇ।
ਇਸ ਭਰੋਸੇ ਹਸਦਾ-ਹਸਦਾ ਤੁਰ ਗਿਆ,
ਹੋਇਆ ਕੀ ਜੇ ਛੋਟਾ ਤਾਰਾ ਭੁਰ ਗਿਆ।
ਸਾਡੇ ਵਿਹੜੇ ਚੰਨ ਝੁਰਮਟ ਪਾਉਣਗੇ,
ਸੁੱਕੇ ਚਿਹਰੇ ਫੁੱਲ ਬਣ ਮੁਸਕਾਉਣਗੇ।
ਪਰ ਅਜੇ ਖੇਤਾਂ 'ਚ ਪਿੰਜਰ ਉਗਦੇ ਨੇ,
ਥੋਥੇ ਸਿੱਟੇ ਕੰਬਦੇ ਹੋਏ ਹੱਥ ਡੁੰਗਦੇ ਨੇ।
ਧੋਧੇ ਦਾਣੇ ਖਾ ਗਏ ਇਹ ਢੋਡਰ ਕਾਂ,
ਮੈਂ ਸ਼ਹੀਦਾ ਪੇਸ਼ ਤੈਨੂੰ ਕੀ ਕਰਾਂ ?
ਏਹੋ ਗ਼ਮ ਕਿ ਮੇਰਾ ਖ਼ੂਨ ਵੀ ਠਰ ਗਿਆ,
ਸ਼ਹਿਦ ਸਮਝ ਕੇ ਜ਼ਹਿਰ ਨੂੰ ਮੈਂ ਜਰ ਗਿਆ।
ਦੋ ਕਦਮ ਵਧਾਏ ਤੇ ਬੱਸ ਰੁਕ ਗਿਆ,
ਪੇਟ ਦੀ ਅਗਨੀ ਓਹਲੇ ਲੁਕ ਗਿਆ।
ਪਾਣੀ ਜਿੱਧਰ ਲੈ ਗਏ ਰੁੜ੍ਹਦਾ ਰਿਹਾ,
ਵੇਖ ਕੇ ਦੂਰੋਂ ਹੀ ਬੱਸ ਡਰਦਾ ਰਿਹਾ,
ਲੱਕੜ ਦੀ ਤਲਵਾਰ ਦਾ ਹੀ ਪਰਛਾਵਾਂ।
ਮੈਂ ਸ਼ਹੀਦਾ ਪੇਸ਼ ਤੈਨੂੰ ਕੀ ਕਰਾਂ ?
ਪਰ ਇਹ ਦੇਸ਼ ਸਦਾ ਨਹੀਂ ਮਰ ਸਕਦਾ,
ਲੁੱਟ ਤੇ ਜ਼ੁਲਮ ਸਦਾ ਨਹੀਂ ਜਰ ਸਕਦਾ।
ਨਾਨਕ, ਬੁੱਧ, ਰਾਮ ਦੀ ਧਰਤੀ ਚਮਕੇਗੀ,
ਜ਼ੱਰੇ ਜ਼ੱਰੇ ਵਿਚ ਬਗ਼ਾਵਤ ਭੜਕੇਗੀ।
ਮਿਹਨਤਕਸ਼ ਫਿਰ ਤੋਂ ਰਾਜੇ ਸਜਣਗੇ,
ਹੱਕਾਂ ਖਾਤਰ ਸ਼ੇਰਾਂ ਵਾਂਗੂੰ ਗਰਜਣਗੇ।
ਲੁੱਟ ਵਿਰੋਧੀ ਕਿਰਨ ਹੈ ਫੁੱਟ ਪਈ,
ਵੇਖੀ ਲੋਟੂ ਟੋਲਿਆਂ ਨੂੰ ਹੈ ਕੁੱਟ ਪਈ।
ਬੱਚਾ ਬੱਚਾ ਭਗਤ ਸਿੰਘ ਬਣ ਜਾਵੇਗਾ,
ਤੇਰਾ ਸੁਪਨਾ ਸੂਰਜ ਜਿਉਂ ਚਮਕਾਵੇਗਾ।
ਤੈਨੂੰ ਸੀਸ ਝੁਕਾ ਕੇ ਅੱਜ ਇਹ ਪ੍ਰਣ ਕਰਾਂ,
ਹੋਰ ਭੁੱਖ ਨੰਗ ਨਹੀਂ ਝੱਲੇਗਾ ਮੇਰਾ ਗਰਾਂ।

-ਪ੍ਰੋ.ਫੈਸਰ ਬਸੰਤ ਸਿੰਘ ਬਰਾੜ
305, ਮਾਡਲ ਟਾਊਨ, ਬਠਿੰਡਾ
ਫੋਨ: 98149-41214



## ਡੇਰਾਵਾਦ ਦਾ ਕੈਂਸਰ

ਖੁੱਲ੍ਹ ਗਏ ਥਾਂ-ਥਾਂ ਉੱਤੇ ਡੇਰੇ, ਸਾਧੂ ਘੱਟ ਤੇ ਵੱਧ ਲੁਟੇਰੇ,
ਮਿੱਠਾ ਜ਼ਹਿਰ ਪਿਆ ਕਿ ਦਿੱਲੀ ਤੱਕ ਬਣਾ ਲਏ ਡੇਰੇ,
ਦੇਹਾਂ ਦੇ ਪੈਰੀਂ ਪਾਤਾ, ਗੁਰੂ ਪਿਆਰੀ ਸਿੱਖੀ ਨੂੰ,
ਡੇਰਾਵਾਦ ਦਾ ਕੈਂਸਰ, ਖਾਈ ਜਾਂਦਾ ਸਿੱਖੀ ਨੂੰ,
ਭਰਮਾਂ ਦੇ ਵਿਚ ਪਾਈ ਜਾਂਦਾ, ਖੰਡਿਓ ਤਿੱਖੀ ਨੂੰ,

ਇੱਕ ਪੜ੍ਹੇ, ਸੌ ਸੁਣੇ ਇਹ ਤਾਂ ਹੈ ਗੱਲ ਚੰਗੀ,
ਕੋਤਰੀਆਂ ਦੇ ਨਾਂ 'ਤੇ ਅੱਜਕੱਲ੍ਹ ਚੱਲਦੀ ਪਈ ਆ ਠੱਗੀ,
ਤਸਵੀਰਾਂ ਪੂਜਣ ਲਾਤਾ, ਗੁਰੂ ਨਿਆਰੀ ਸਿੱਖੀ ਨੂੰ
ਡੇਰਾਵਾਦ ਦਾ ਕੈਂਸਰ, ਖਾਈ ਜਾਂਦਾ ਸਿੱਖੀ ਨੂੰ,
ਭਰਮਾਂ ਦੇ ਵਿਚ ਪਾਈ ਜਾਂਦਾ, ਖੰਡਿਓ ਤਿੱਖੀ ਨੂੰ,


ਸਿੱਖਾਂ ਦਿਆਂ ਦਿਲਾਂ 'ਚੋਂ ਨਲੂਏ ਸਰਦਾਰ ਭੁਲਾ ਦਿੱਤੇ,
ਝੂਠੀਆਂ ਸੁਣਾ ਕੇ ਸਾਖੀਆਂ, ਬਾਬੇ ਯਾਦ ਕਰਾ ਦਿੱਤੇ,
ਬਰਸੀਆਂ ਦੇ ਬੱਸ ਪਾਤਾ, ਸੁਰਖ ਸੁਆਰੀ ਸਿੱਖੀ ਨੂੰ,
ਡੇਰਾਵਾਦ ਦਾ ਕੈਂਸਰ, ਖਾਈ ਜਾਂਦਾ ਸਿੱਖੀ ਨੂੰ,
ਭਰਮਾਂ ਦੇ ਵਿਚ ਪਾਈ ਜਾਂਦਾ, ਖੰਡਿਓ ਤਿੱਖੀ ਨੂੰ,

ਸ਼ੇਰਾਂ ਵਾਲੀ ਕੌਮ ਨੂੰ, ਭੇਰਿਆਂ ਦੇ ਵਿਚ ਵਾੜਤਾ,
ਲਾ-ਲਾ ਨਿੱਤ ਸਕੀਮਾਂ, ਜਾਲ ਬਿਪਰ ਦਾ ਤਾਣਤਾ,
ਹਿਜਰ ਦੀ ਨੀਂਦ ਸੁਲਾਤਾ, ਗੁਰੂ ਪਿਆਰੀ ਸਿੱਖੀ ਨੂੰ,
ਡੇਰਾਵਾਦ ਦਾ ਕੈਂਸਰ, ਖਾਈ ਜਾਂਦਾ ਸਿੱਖੀ ਨੂੰ,
ਭਰਮਾਂ ਦੇ ਵਿਚ ਪਾਈ ਜਾਂਦਾ, ਖੰਡਿਓ ਤਿੱਖੀ ਨੂੰ,

ਅੱਜਕੱਲ੍ਹ ਇੱਟ ਪੁੱਟੇ ਤੋਂ ਨਿਕਲੇ, ਨਾਂ ਦਾ ਬਰਮਗਿਆਨੀ,
ਨਿਸ਼ਾਨ ਸਾਹਿਬ ਚੰਗਾ ਨੀ ਲੱਗਦਾ, ਫਤਹਿ ਦੀ ਜੋ ਨਿਸ਼ਾਨੀ,
ਫਲੱਸਾਂ ਪੂਜਣ ਲਾਤਾ, ਪਰਉਪਕਾਰੀ ਸਿੱਖੀ ਨੂੰ,
ਡੇਰਾਵਾਦ ਦਾ ਕੈਂਸਰ, ਖਾਈ ਜਾਂਦਾ ਸਿੱਖੀ ਨੂੰ,
ਭਰਮਾਂ ਦੇ ਵਿਚ ਪਾਈ ਜਾਂਦਾ, ਖੰਡਿਓ ਤਿੱਖੀ ਨੂੰ,

ਸ਼ਬਦ ਗੁਰੂ ਦੇ ਲੜ ਲੱਗੋ, ਕਿਉਂ ਡੇਰੇ ਪਾਲੇ ਆ,
ਜਿੱਤ ਲੈਂਦੇ ਅਫਗਾਨਾਂ ਨੂੰ, ਅਸੀਂ ਕੈਂਸਰ ਤੋਂ ਨਾ ਹਾਰੇ ਆ,
ਗੁਰਬਾਣੀ ਨੂੰ ਆਪ ਪੜ੍ਹੋ, ਜੜ੍ਹਾਂ ਪੁੱਟੋ ਡੇਰਾਵਾਦ ਦੀਆਂ,
ਜੋਗਿਆ ਫੇਰ ਪੈਣਗੀਆਂ ਧੂੰਮਾਂ ਸਿੱਖੀ ਦੀ
ਆਵਾਜ਼ ਦੀਆਂ

ਜਸਵੰਤ ਸਿੰਘ ਜੋਗਾ
ਫੋਨ : 62396-43306
(Punjab Mail USA)



## ਮੇਰਾ ਸਕੂਲ



ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ,
ਮਾਂ ਬੋਲੀ ਦਾ ਜਿਸਨੇ ਪਾਠ ਪੜ੍ਹਾਇਆ।
ਮੇਰੇ ਵਰਗੇ ਕਿੰਨੀਆਂ ਹੀ ਜ਼ਿੰਦਗੀਆਂ ਵਿਚ,
ਗਿਆਨ ਦਾ ਦੀਪ ਜਗਾਇਆ।
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ,
ਮਾਂ ਬੋਲੀ ਦਾ ਜਿਸਨੇ ਪਾਠ ਪੜ੍ਹਾਇਆ।

ਪ੍ਰਕਾਸ, ਦਵਿੰਦਰ ਸਰ ਕੰਪਿਊਟਰ ਪੜ੍ਹਾਉਂਦੇ,
ਲੈਬ ਦੇ ਵਿਚ ਵਰਤ ਸਿਖਾਉਂਦੇ।
ਕੰਪਿਊਟਰ ਦੇ ਇਤਿਹਾਸ 'ਚੋਂ ਗੁਜ਼ਰਦੇ,
ਅਜੋਕੇ ਰੂਪ ਦੇ ਕੰਪਿਊਟਰ ਦਿਖਾਉਂਦੇ।
ਗਿਆਨ ਵਿਗਿਆਨ ਦਾ ਭੰਡਾਰ ਨੇ ਉਹ,
ਸਾਨੂੰ ਤਨਦੇਹੀ ਨਾਲ ਪੜ੍ਹਾਇਆ ।
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ,
ਮਾਂ ਬੋਲੀ ਦਾ ਜਿਸਨੇ ਪਾਠ ਪੜ੍ਹਾਇਆ।

ਰੀਨਾ ਮੈਡਮ ਸਾਇੰਸ ਪੜ੍ਹਾਉਂਦੇ,
ਪ੍ਰਯੋਗ ਵੀ ਕਰਕੇ ਦਿਖਾਉਂਦੇ।
ਧਰਤੀ ਦੀ ਉਤਪਤੀ ਤੋਂ ਲੈ ਕੇ,
ਡਾਰਵਿਨ ਦੇ ਸਿਧਾਂਤ ਸਮਝਾਉਂਦੇ।
ਵਿਗਿਆਨ ਦੀਆਂ ਕਾਢਾਂ ਦਾ ਅਸੀਂ ,
ਬਹੁਤ ਖ਼ੂਬ ਆਨੰਦ ਉਠਾਇਆ।
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ
ਮਾਂ ਬੋਲੀ ਦਾ ਜਿਸਨੇ ਪਾਠ ਪੜ੍ਹਾਇਆ।

ਸਿਮਰ ਮੈਡਮ ਅੰਗਰੇਜ਼ੀ ਪੜ੍ਹਾਉਂਦੇ,
ਉੱਤਰ ਵੀ ਬੋਰਡ 'ਤੇ ਲਿਖਾਉਂਦੇ।
ਗਾਈਡ ਦੀ ਕਦੇ ਨਾ ਵਰਤੋਂ ਕਰਦੇ,
ਸ਼ੈਕਸਪੀਅਰ ਦੀਆਂ ਕਹਾਣੀਆਂ ਸੁਣਾਉਂਦੇ।
ਸਰਕਾਰੀ ਸਕੂਲ ਵੀ ਪੜ੍ਹਨ ਅੰਗਰੇਜ਼ੀ
ਹੇਠਾਂ ਅਧਿਆਪਕਾਂ ਦੀ ਛਤਰ ਛਾਇਆ।
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ
ਮਾਂ ਬੋਲੀ ਦਾ ਜਿਸਨੇ ਪਾਠ ਪੜ੍ਹਾਇਆ।

ਪਰਮਜੀਤ ਮੈਡਮ ਹਿੰਦੀ ਪੜ੍ਹਾਉਂਦੇ,
ਕੈ, ਖੈ ਨਾਲ ਸਿਖਾਉਂਦੇ।
ਕਬੀਰ, ਰਹੀਮ, ਸੂਰਦਾਸ ਤੋਂ ਲੈ ਕੇ,
ਮੁਨਸ਼ੀ ਜੀ ਦੀਆਂ ਕਹਾਣੀਆਂ ਸੁਣਾਉਂਦੇ।
ਉਨ੍ਹਾਂ ਦੇ ਹੀ ਪਿਆਰ ਨੇ ਸਾਨੂੰ ਸਿੱਖਿਆ ਦੀਆਂ,
ਪੌੜੀਆਂ 'ਤੇ ਚੜ੍ਹਾਇਆ।
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ,
ਮਾਂ ਬੋਲੀ ਦਾ ਜਿਸਨੇ ਪਾਠ ਪੜ੍ਹਾਇਆ।

ਸਮਾਜਿਕ ਵਿਸ਼ੇ ਦੀ ਗੱਲ ਜਦੋਂ ਚੱਲਦੀ,
ਮਨੋਜ ਸਰ ਦੀ ਯਾਦ ਨਾ ਟਲਦੀ।
ਹਰ ਵਿਸ਼ੇਸ ਨੂੰ ਟਰਿੱਕ ਨਾਲ ਸਮਝਾਉਂਦੇ,
ਉਨ੍ਹਾਂ ਦੇ ਸਿਖਾਏ ਫਲਸਫੇ,
ਇਮਤਿਹਾਨਾਂ ਵਿਚ ਬੜੇ ਕੰਮ ਨੇ ਆਉਂਦੇ।
ਧੰਨਵਾਦ ਕਰਾਂ ਇਨ੍ਹਾਂ ਦਾ ਜਿਨ੍ਹਾਂ ਨੇ,
ਕਿੰਨੇ ਹੀ ਗ਼ਰੀਬ ਜ਼ਿੰਦਗੀਆਂ ਨੂੰ,
ਪੜ੍ਹਾਈ ਦੇ ਨਾਲ ਰੁਸ਼ਨਾਇਆ।
ਮੈਂ ਸਰਕਾਰੀ ਸਕੂਲ ਕਾਲਝਰਾਣੀ ਦਾ ਜਾਇਆ
ਮਾਂ ਬੋਲੀ ਦਾ ਜਿਸਨੇ ਪਾਠ ਪੜ੍ਹਾਇਆ।

-ਰਜਵਿੰਦਰ ਪਾਲ ਸ਼ਰਮਾ, ਬਠਿੰਡਾ
ਮੋਬਾਇਲ : 70873-67969
(Punjab Mail USA)



## ਭਗਤ ਸਿੰਘ ਨੂੰ ਚਿੱਠੀ

ਭਗਤ ਸਿੰਹਾਂ ਸਰਦਾਰਾ, ਕੀ ਕੀ ਹਾਲ ਸੁਣਾਵਾਂ,
ਉਲਝੀ ਦਿਸਦੀ ਤਾਣੀ, ਅੱਜ ਖੋਲ੍ਹਕੇ ਸਮਝਾਵਾਂ।
ਘਰੇ ਤੇਰੇ ਤਾਲ਼ਾ ਲੱਗਾ, ਵਰ੍ਹੇ ਛਿਮਾਹੀ ਖੁੱਲ੍ਹਦਾ,
ਦਰ ਅੱਗੇ ਦੀਵੇ ਬਾਲ਼ੇ, ਤੱਕ ਤੱਕ ਹੰਝੂ ਡੁੱਲ੍ਹਦਾ।

ਵਾਂਗ ਮੜ੍ਹੀ ਪੂਜਦੇ ਨੇਤਾ, ਝੁੱਕ-ਝੁੱਕ ਕਰੇ ਸਲਾਮਾਂ,
ਉਂਝ ਸੋਚ ਤੇਰੀਉਂ ਡਰਦੇ, ਬੁੱਤ 'ਤੇ ਕਰੇ ਡਰਾਮਾ।
ਜੀਂਦੇ ਜਿਨ੍ਹਾਂ ਜੇਲੀਂ ਡੱਕੇ, ਅੱਜ ਝੂਠੀ ਸੌਂਹ ਨੇ ਖਾਂਦੇ,
ਯਾਦ ਕਰੇਂਦੇ ਨੇ ਦੋ ਦਿਨ, ਜਨਮ-ਮਰਨ ਮਨਾਂਦੇ।

ਜਿਨ੍ਹਾਂ ਕਰਕੇ ਫਾਂਸੀ ਚੁੰਮੀ, ਅਕ੍ਰਿਤਘਣ ਨੇ ਸਾਰੇ,
ਨਾਂ ਲੈ ਲੈ ਗੂੰਜਾਂਦੇ ਨਾਹਰੇ, ਖ਼ੁਦ ਲੁੱਟਦੇ ਨੇ ਨਜ਼ਾਰੇ।
ਭੁੱਲੀ ਹੈ ਕੁਰਬਾਨੀ ਤੇਰੀ, ਦੁੱਖੜੇ ਜੋ ਸਿਰ 'ਤੇ ਝੱਲੇ,
ਗਾਉਂਦੇ ਰਾਗ ਸਿਆਸੀ, ਤੈਨੂੰ ਹੈ ਛੱਡਿਆ 'ਕੱਲੇ।

ਸਮਾਜਵਾਦ ਦਫ਼ਨ ਕਰਕੇ, ਸਰਮਾਏਦਾਰੀ ਨੇ ਦੱਬੇ,
ਫਾਸ਼ੀਵਾਦ ਭਾਰੂ ਅੱਜਕੱਲ੍ਹ, ਗੁਆਚ ਗਏ ਨੇ ਖੱਬੇ।
ਆਪਾ-ਧਾਪੀ, ਕੁਨਬਾਪ੍ਰਸਤੀ, ਪੱਲੇ ਵਤਨ ਦੇ ਬਾਕੀ,
ਰਿਸ਼ਵਤਖੋਰੀ-ਭ੍ਰਿਸ਼ਟਾਚਾਰੀ, ਕਾਣੀ ਵੰਡ ਹੈ ਸਾਕੀ।

ਬਦਲੇ ਰੰਗ ਗਿਰਗਿਟ ਜੇਹੇ, ਜਨਤਾ ਨੂੰ ਭਰਮਾਵੇ,
ਮਜ਼੍ਹਬਾਂ ਵਿਚ ਰੱਖੇ ਉਲਝਾ, ਰੋਟੀ ਰੋਜ਼ੀ ਨ 'ਥਿਆਵੇ।
ਕਿਰਤ ਦੀ ਲੁੱਟ ਹੈ ਜਾਰੀ, ਹਾਕਿਮ ਦੇ ਕੰਮ ਅਨੂਠੇ,
ਭੁੱਖਮਰੀ ਦਾ ਆਲਮ ਹੈ ਕਿ ਹੱਥੀਂ ਖ਼ਾਲੀ ਨੇ ਠੂਠੇ।

ਵਿਹਲੜ ਰਹਿਣ ਦੇ ਆਦੀ, ਸਰਕਾਰ ਖ਼ੈਰਾਤ ਵੰਡੇ,
ਸੋਚਣ-ਬੋਲਣ 'ਤੇ ਪਾਬੰਦੀ, ਸੱਚ ਬੋਲੇ ਤਾਂ ਪੈਣ ਡੰਡੇ।
ਕਿਆ ਇਹੋ ਸੀ ਆਜ਼ਾਦੀ, ਚਿਤਵੀ ਤੂੰ ਮਨ ਅੰਦਰ,
ਵਾਰੀ ਜਵਾਨੀ ਹਿੰਦ ਉੱਤੋਂ, ਚੋਭੇ ਦਿਲਾਂ ਉੱਤੇ ਖੰਜਰ ?

ਸੇਵਾ ਸਿੰਘ "ਨੂਰਪੁਰੀ"
(Punjab Mail USA)



## ਹਿੰਦ ਵਾਸੀਓ ਭੁੱਲ ਨਾ ਜਾਇਓ "ਸ੍ਰੀ ਗੁਰੂ ਤੇਗ ਬਹਾਦਰ ਜੀ ਦੇ" (ਅਹਿਸਾਨ)

ਹਿੰਦ ਵਾਸੀਉ ਭੁੱਲ ਨਾ ਜਾਇਓ ਵਾਰੀਆਂ ਜਾਨਾਂ ਨੂੰ।
ਸ੍ਰੀ ਗੁਰੂ ਤੇਗ ਬਹਾਦਰ ਦੇ ਕੀਤੇ ਅਹਿਸਾਨਾਂ ਨੂੰ।

ਔਰੰਗਜ਼ੇਬ ਜਦ ਸਵਾ-ਸਵਾ ਮਣ ਜੰਝੂ ਲਾਹੁੰਦਾ ਸੀ
ਜ਼ੋਰ ਜਬਰ ਨਾਲ ਹਿੰਦੂ, ਮੁਸਲਮਾਨ ਬਣਾਉਂਦਾ ਸੀ
ਦੇ ਕੁਰਬਾਨੀ ਗੁਰਾਂ ਬਚਾਇਆ ਲੱਖਾਂ ਜਾਨਾਂ ਨੂੰ।
ਹਿੰਦ ਵਾਸੀਉ.......।
ਕੱਠੇ ਹੋ ਕੇ ਆਏ ਜਦ ਕਸ਼ਮੀਰੀ ਪੰਡਤ ਸੀ
ਸਤਿਗੁਰਾਂ ਗਲੇ ਲਗਾਏ ਜਦ ਕਸ਼ਮੀਰੀ ਪੰਡਤ ਸੀ
ਨਹੀਂ ਮੋੜਿਆ ਖਾਲੀ ਦਰ ਆਏ ਇਨਸਾਨਾਂ ਨੂੰ।
ਹਿੰਦ ਵਾਸੀਉ.......।
ਮਤੀ ਦਾਸ ਨੂੰ ਚੀਰ ਆਰੇ ਨਾਲ ਮਾਰਿਆ ਜ਼ਾਲਮ ਨੇ
ਲਪੇਟ ਕੇ ਰੂੰ ਵਿਚ ਸਤੀ ਦਾਸ ਨੂੰ ਸਾੜਿਆ ਜ਼ਾਲਮ ਨੇ
ਦੇਗ 'ਚ ਉੱਬਲ ਦਿਆਲਾ
ਤਿਆਗ ਗਿਆ ਸੀ ਪ੍ਰਾਣਾਂ ਨੂੰ।
ਹਿੰਦ ਵਾਸੀਉ.......।
ਚੌਂਕ ਚਾਂਦਨੀ ਦਿੱਲੀ ਦੇ ਵਿਚ ਦਿੱਤੀ ਸ਼ਹਾਦਤ ਸੀ
ਸੀਸ ਵਾਰਕੇ ਡੁੱਬਦੀ ਹਿੰਦ ਦੀ ਕਰੀ ਹਿਫ਼ਾਜ਼ਤ ਸੀ
ਦੁਨੀਆਂ ਦੇ ਵਿਚ ਰੱਖਿਆ
ਹਿੰਦ ਦੀਆਂ ਉੱਚੀਆਂ ਸ਼ਾਨਾਂ ਨੂੰ।
ਹਿੰਦ ਵਾਸੀਉ.......।

ਰੰਗਰੇਟਾ ਗੁਰੂ ਕਾ ਬੇਟਾ ਸੀਸ ਗੁਰਾਂ ਦਾ ਲੈ ਚੱਲਿਆ
ਨਹੀਂ ਮੌਤ ਤੋਂ ਡਰਿਆ ਰਾਹ ਅਨੰਦਪੁਰ ਦੇ ਪੈ ਚੱਲਿਆ
"ਗਿੱਲ ਮਲਕੀਤ" ਨੇ ਲਿਖੇ ਗੀਤ
ਧਰ ਗੁਰਾਂ ਦੇ ਧਿਆਨਾਂ ਨੂੰ।
ਹਿੰਦ ਵਾਸੀਉ ਭੁੱਲ ਨਾ ਜਾਇਉ ਵਾਰੀਆਂ ਜਾਨਾਂ ਨੂੰ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)



## ਮੱਕੜ ਜਾਲ ਤੇ ਬੰਦਾ ਬਾਕਮਾਲ

ਫ਼ਸਲ ਅਣਖਾਂ ਦੀ ਪੱਕ ਤਿਆਰ ਹੋਈ
ਹਾਕਮ ਵੱਢਣ ਨੂੰ ਬੈਠੇ ਨੇ ਤਿਆਰ ਮੀਆਂ

ਗੱਲ ਹੱਕ ਸੱਚ ਦੀ ਜਦ ਕੋਈ ਕਰਦਾ ਏ
ਉਸਦੇ ਉੱਤੇ ਕਿਉਂ ਹੋਵੇ ਸਰਕਾਰੀ ਵਾਰ ਮੀਆਂ

ਕਿਹੜੀ ਦੁਨੀਆਂ ਵਿਚ ਜਨਮ ਤੂੰ ਲ਼ੈ ਲਿਆ ਏ
ਮੈਨੂੰ ਰਾਜੇ ਹੀ ਲੱਗਣ ਕੰਗਾਲ ਮੀਆਂ

ਪਰਜਾ ਇਨ੍ਹਾਂ ਨੇ ਬੜੀ ਤਪਾ ਰੱਖੀ
ਜ਼ਾਲਮ ਬੁਣਦੇ ਅੰਦਰ ਹੀ ਐਸਾ ਜਾਲ ਮੀਆਂ

ਜਵਾਨੀ ਨਾਬਾਲਗਾਂ ਤਾਂਈਂ ਗਾਲਣੀ ਏਂ
ਧਰਾ ਦਿੱਤੀ ਹੱਟਾ ਉੱਤੇ ਇਨ੍ਹਾਂ ਸ਼ਰਾਬ ਮੀਆਂ

ਨਸ਼ੇ ਛੱਡ ਜੇ ਜਵਾਨੀ ਗੁਰੂ ਲੜ ਲੱਗੀ
ਸਾਰਾ ਟੁੱਟ ਜਾਣਾ ਇਨ੍ਹਾਂ ਦਾ ਜੁਗਾੜ ਮੀਆਂ

ਅੰਦਰੋਂ-ਅੰਦਰੀ ਰਲੀ ਚੋਰਾਂ ਨਾਲ ਕੁੱਤੀ
ਮੂਹਰੇ ਕਰ ਦੇਣਾਂ ਇਨ੍ਹਾਂ ਨਾ "ਦਬਣ ਵਾਲਾ ਮਾਨ"
ਮੀਆਂ

ਰਾਸ਼ਟਰਵਾਦ ਦਾ ਫੁੱਲ ਇਹ ਖਿੜਾਉਣ ਲੱਗੇ
ਅਸੀਂ ਹੋ ਨਾ ਜਾਈਏ ਫੇਰ ਗੁਲਾਮ ਮੀਆਂ

ਕੋਈ ਜਾਤ ਨਾ ਕੋਈ ਪਾਤ ਸਾਡੀ
ਅਸੀਂ ਇੱਕੋ ਗੁਰੂ ਦੇ ਹਾਂ ਲਾਲ ਮੀਆਂ

ਪਰ ! ਲਗਦੈ "ਸਰਬ" ਵਿਚੋਂ ਨਿਕਲਣਾ ਔਖਾ
ਜਿਹੜਾ ਵਿਸ਼ਾ ਦਿੱਤਾ ਇਨ੍ਹਾਂ ਮੱਕੜ ਜਾਲ ਮੀਆਂ


'ਨਸ਼ੇ ਛੱਡੋ ਕੋਹੜ ਵੱਢੋ' ਜੋ ਗਰਜਿਆ ਸੀ
ਦੱਸੋ ਮਾੜਾ ਕੀ ਕੀਤਾ ਉਸ ਮਾਂ ਦੇ ਲਾਲ ਮੀਆਂ


ਲੱਗੀ ਜਨਤਾ ਨੂੰ ਲਤ ਕੁਮਿੰਟਾਂ ਦੀ
ਔਖਾ ਜੂਝਣਾ ਬੜਾ ਏ ਵਿਚ ਮੈਦਾਨ ਮੀਆਂ

ਚੱਕ ਦੇ, ਵੱਢ ਦੇ, ਗੁੱਡ ਜੌਬ ਤੇ ਅੱਤ ਲਿਖਦੇ
ਮਰਦਾ ਚੱਕ ਵਿਚ ਆ... ਮਾਂ ਦਾ ਗੱਭਰੂ ਜੁਆਨ
ਮੀਆਂ

ਜਿਉਂਦੇ ਨਾਲ ਨਾ ਕੋਈ ਵੀ ਵਕਤ ਵਿਚਾਰੇ
ਤੁਰ ਗਿਆ ਜਹਾਨੋਂ ਤਾਂ ਕਰ ਸਲਾਮ ਕਹਿੰਦੇ
....ਸੀ ਬੰਦਾ ਬਾ - ਕਮਾਲ ਮੀਆਂ
ਸੀ 'ਬਰਾੜ' ਤਾਂ ਬਾ - ਕਮਾਲ ਮੀਆਂ

ਡਾ. ਸਰਬਜੀਤ ਕੌਰ ਬਰਾੜ, ਮੋਗਾ
79866-52927
(Punjab Mail USA)




REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567